INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਅਪ੍ਰੈਲ 2022

ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।
ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।
ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।



ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦੇ ਹੋਏ।

ਰੂਹਾਨੀ ਪ੍ਰਚਾਰ ਫੇਰੀ 2022 ਅਧੀਨ ਸੰਤ ਬਾਬਾ ਹਰਪਾਲ ਸਿੰਘ ਜੀ ਦੁਆਰਾ ਕੇਲੈਫੋਰਨੀਆਂ ਅਮਰੀਕਾ ਵਿੱਖੇ
ਵੱਖ-ਵੱਖ ਗੁਰਦੁਆਰਾ ਸਾਹਿਬ, ਸੰਗਤਾਂ ਦੇ ਘਰ-ਗ੍ਰਹਿ ਵਿੱਖੇ ਆਸਾ ਕੀ ਵਾਰ, ਸੁਖਮਨੀ ਸਾਹਿਬ,
ਸੰਧਿਆ ਰਹਿਰਾਸ ਉਪਰੰਤ ਕੀਰਤਨ ਪ੍ਰਵਾਹ ਦੇ ਵੱਖ-ਵੱਖ ਦ੍ਰਿਸ਼।



# ਆਤਮ ਮਾਰਗ

ਸਾਲ-ਅਠਾਈਵਾਂ, ਮਹੀਨਾ-ਅਪ੍ਰੈਲ, 2022

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

**ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ**


**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

Email :atammarg1@yahoo.co.in


**Postal Address for any Enquiry, Money Order, Cheque and drafts :**


**'ATAM MARG' MAGAZINE**
Gurdwara Ishar Parkash, Ratwara Sahib
(New Chandigarh) P.o. Mullanpur
Garibdas, Teh. Kharar, Distt. S.A.S
Nagar (MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**
**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ: 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 9

*ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ*

3. 1699 ਦੀ ਵਿਸਾਖੀ 10

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮਹਿਮਾ ਸਾਧੂ ਸੰਗਿ ਕੀ............॥ 24

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਸਤਸੰਗਤਿ ਕੈਸੀ ਜਾਣੀਐ.........॥ 36

*ਸੰਤ ਬਾਬਾ ਹਰਪਾਲ ਸਿੰਘ ਜੀ*

6. ਅੰਮ੍ਰਿਤ ਸੰਕਲਪ ਤੇ ਸੰਸਕਾਰ 39

*ਡਾ. ਰੂਪ ਸਿੰਘ*

7. ਗੁਰਬਾਣੀ ਅਰਥ ਭੰਡਾਰ 42

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

8. ਜਨ ਪਰਉਪਕਾਰੀ ਆਏ 44

*ਪ੍ਰੋ. ਗੁਰਦੇਵ ਸਿੰਘ*

9. ਗੁਰੂ ਨਾਨਕ ਆਗਮਨ 48

*ਡਾ. ਭਾਈ ਵੀਰ ਸਿੰਘ*

10. ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ? 51

*ਡਾ. ਜਗਜੀਤ ਸਿੰਘ*

11. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 54

*ਡਾ. ਸਵਾਮੀ ਰਾਮ ਜੀ*

12. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

*ਖਾਲਸ ਮੇਰੋ ਰੂਪ ਹੈ ਹੌ ਖਾਲਸ ਕੇ ਪਾਸ*
*ਆਦਿ ਅੰਤ ਹੀ ਹੋਤ ਹੈ ਖਾਲਸ ਹੀ ਮੈ ਬਾਸ*

*(ਸ੍ਰੀ ਗੁਰੂ ਸੋਭਾ)*

ਹਰ ਇਕ ਫਲਦਾਇਕ ਦਰਖਤ ਪੰਜ ਪੜਾਵਾਂ ਵਿਚੋਂ ਗੁਜ਼ਰਦਾ ਹੈ। ਬੀਜ, ਅੰਕੁਰ, ਪੌਦਾ, ਫੁੱਲ ਤੇ ਫਲ। ਮੁੱਢਲਾ ਰੂਪ ਬੀਜ ਹੈ। ਆਖਰੀ ਮੰਜ਼ਿਲ ਤੇ ਪ੍ਰਾਪਤੀ ਫਲ ਹੈ। ਜੋ ਬੀਜ ਵਿਚ ਹੈ, ਉਹੀ ਫਲ ਵਿਚ ਫਲੀਭੂਤ ਹੋ ਕੇ ਪ੍ਰਗਟਿਆ ਹੈ।

*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥*
*ਫਲ ਪਾਕੇ ਤੇ ਏਕੰਕਾਰਾ ॥* *ਅੰਗ- ੨੩੬*

ਬੀਜ ਵਿਚ ਗੁਪਤ ਰੂਪ ਵਿਚ ਸੀ, ਉਹੀ ਬੀਜ ਆਖਰੀ ਪੜਾਅ 'ਤੇ ਜਾ ਕੇ ਫਲ ਵਿਚੋਂ ਦ੍ਰਿਸ਼ਟਮਾਨ ਹੋ ਜਾਂਦਾ ਹੈ। ਇਸੇ ਪ੍ਰਮਾਣ ਨਾਲ 'ਖ਼ਾਲਸਾ ਆਦਰਸ਼' ਨੂੰ ਸੁਖੈਨ ਤੌਰ 'ਤੇ ਸਮਝਿਆ ਜਾ ਸਕਦਾ ਹੈ। 'ਖਾਲਸਾ' ਆਦਰਸ਼ ਬੀਜ ਰੂਪ ਹੈ। ਫਿਰ ਇਹ ਅੰਕੁਰ ਬਣਿਆ, ਪੌਦੇ ਦਾ ਰੂਪ ਧਾਰਨ ਕੀਤਾ, ਫੁੱਲ ਲੱਗੇ ਤੇ ਫਲ ਰੂਪ ਵਿਚ ਪ੍ਰਗਟ ਹੋ ਕੇ ਮਨੁੱਖਤਾ ਨੂੰ ਮਿਠਾਸ ਰੂਪੀ ਰਸ ਨਾਲ ਸ਼ਰਸ਼ਾਰ ਕਰ ਰਿਹਾ ਹੈ। ਇਸ ਦਾ ਆਪਣਾ ਇਕ ਆਤਮ ਮਾਰਗੀ ਪੈਂਡਾ ਹੈ। ਗੁਰੂ ਜੋਤਿ ਦਾ ਸਫ਼ਰ 1469 ਈ. ਤੋਂ 1708 ਈ. ਤੱਕ ਦਾ ਹੈ ਪਰ ਸਿਧਾਂਤਕ ਆਦਰਸ਼ 1499 ਈ. ਦੇ ਪਹਿਲੇ ਐਲਾਨ ਨਾਮੇ ਤੋਂ ਸ਼ੁਰੂ ਹੁੰਦਾ ਹੈ। 1499 ਈ. ਦਾ ਐਲਾਨਨਾਮਾ ਵੇਈਂ ਨਦੀ ਪ੍ਰਵੇਸ਼ ਤੋਂ ਬਾਅਦ ***'ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ (ਅੰਗ-*** *੧੧੩੬)* ਤੋਂ ਸ਼ੁਰੂ ਹੁੰਦਾ ਹੈ। ਸੰਪੂਰਨਤਾ ਐਲਾਨ ਨਾਮੇ ਦੀ ਹੁੰਦੀ ਹੈ 1699 ਨੂੰ। ਸਿਧਾਂਤ ਸੀ -

*ਜਾਗਤ ਜੋਤਿ ਜਪੈ ਨਿਸ ਬਾਸੁਰ*
*ਏਕ ਬਿਨਾਂ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਸਿਧਾਂਤ, 1499 ਈ. ਦੇ ਬੀਜ ਰੂਪੀ ਐਲਾਨਨਾਮੇ ਵਿਚ ਮੌਜੂਦ ਹੈ ਤੇ 1699 ਈ. ਦੀ ਖੰਡੇ ਕੀ ਪਾਹੁਲ ਵਿਚ ਫਲ ਰੂਪੀ ਅੰਮ੍ਰਿਤ ਰਾਹੀਂ ਬੀਜ ਦ੍ਰਿਸ਼ਟਮਾਨ ਹੋ ਰਿਹਾ ਹੈ। ਆਦਰਸ਼ ਦਾ ਸਫਰ ਹੈ 1499 ਈ. ਤੋਂ 1699 ਈ. ਤੱਕ ਦਾ। 200 ਸਾਲ ਦੇ ਸਮੇਂ ਵਿਚ ਬੀਜ ਨੇ ਫਲ ਦਾ ਰੂਪ ਧਾਰਨ ਕੀਤਾ। ਚਰਣਾਮ੍ਰਿਤ ਨੇ ਖੰਡੇ ਕੀ ਪਾਹੁਲ ਰੂਪ ਧਾਰਨ ਕੀਤਾ। 200 ਸਾਲ ਦੇ ਸਮੇਂ ਵਿਚ ਖਾਲਸਾ ਆਦਰਸ਼ ਰੂਪੀ ਬੂਟੇ ਨੂੰ ਅਨੇਕਾਂ ਖਾਦਾਂ ਖੁਰਾਕਾਂ ਨਾਲ ਸਿੰਜਿਆ, ਪਾਲਿਆ, ਪਲੋਸਿਆ ਤੇ ਵੱਡਾ ਕੀਤਾ ਗਿਆ।

*ਚਰਨ ਧੋਇ ਰਹਰਾਸਿ ਕਰਿ ਚਰਣਾਮਿਤ ਸਿੱਖਾਂ ਪੀਲਾਇਆ।*

ਸ੍ਰੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਖਾਲਸਾ ਸਾਜਨਾ (30 ਮਾਰਚ 1699) ਤੱਕ ਮਰਿਆਦਾ ਚਰਣਾਮ੍ਰਿਤ ਦੀ ਚਲੀ ਆ ਰਹੀ ਸੀ। 1699 ਈ. ਦੀ ਵਿਸਾਖੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਮਰਿਆਦਾ ਵਿਚ ਪਰਿਵਰਤਨ ਲਿਆਂਦਾ। ਬਦਲਿਆ ਰੂਪ ਸੀ 'ਖੰਡੇ ਕੀ ਪਾਹੁਲ' ਖਾਲਸੇ ਦਾ 'ਸਾਜਨਾ ਦਿਵਸ'। ਸਿਰਫ ਵਿਧੀ ਵਿਚ ਬਦਲਾਅ ਸੀ, ਸਿਧਾਂਤ ਵਿਚ ਕੋਈ ਫਰਕ ਨਾ ਪਿਆ ਕਿਉਂਕਿ ਜਾਮੇ ਵੱਖੋ-ਵੱਖਰੇ ਸਨ ਪਰ ਜੋਤਿ ਇੱਕ ਸੀ। ਫਿਰ ਸਿਧਾਂਤ ਤੇ ਵਿਹਾਰਕਿ ਪੱਖ ਵੱਖ-ਵੱਖ ਕਿਵੇਂ ਹੋ ਸਕਦੇ ਸਨ -

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥*
*ਅੰਗ- ੯੬੬*

ਫਿਰ ਇਹੀ ਮਰਿਆਦਾ ਪੰਜਾਂ ਪਿਆਰਿਆਂ ਵਿਚ ਤਬਦੀਲ ਹੋਈ। ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ। ਗ੍ਰੰਥ ਤੇ ਪੰਥ ਦਾ ਅਨਿੱਖੜਵਾਂ, ਸਦੀਵੀ, ਅਮਰ, ਅਡੋਲ, ਜੁਗੋ ਜੁਗ ਅਟੱਲ ਸਬੰਧ ਸਥਾਪਿਤ ਹੋ ਗਿਆ। 'ਆਤਮਾ ਗ੍ਰੰਥ ਵਿਚ ਤੇ ਪ੍ਰਾਣ ਪੰਥ ਵਿਚ' ਦਾ ਸਿਧਾਂਤ ਰੂਪਮਾਨ ਹੋਇਆ। ਨਾਮ ਪ੍ਰਗਟ ਹੋਇਆ ਖਾਲਸਾ ਪੰਥ-

*ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ॥*
*ਗੁਰਮੁਖਿ ਪੰਥ ਅਲੋਲ ਸਹਜਿ ਸਮਾਈਐ॥*

*ਭਾਈ ਗੁਰਦਾਸ ਜੀ*

ਗੁਰੂ ਜੋਤਿ ਰਾਹੀਂ ਗੁਰਮੁਖ ਪੰਥ ਦੀ ਮਰਿਆਦਾ ਅੱਗੇ ਤੁਰਦੀ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਹੀਂ ਇਸ ਨੂੰ ਸੰਪੂਰਨਤਾ ਪ੍ਰਾਪਤ ਹੋਈ। ਕੇਸਰ ਸਿੰਘ ਛਿੱਬਰ ਦੁਆਰਾ ਰਚਿਤ ਬੰਸਾਵਲੀਨਾਮਾ ਦੱਸਾਂ ਪਾਤਸ਼ਾਹੀਆਂ ਅਨੁਸਾਰ -

*'ਗੁਰੂ ਗੋਬਿੰਦ ਸਿੰਘ ਗੁਰ ਨਾਨਕ ਮੇ ਭੇਦ ਨਾ ਕਾਈ।*
*ਜਾਮੇ ਦੱਸ ਇਕ ਜੋਤ ਸਮਾਈ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਰੂਪ ਵਿਚ ਇਸ ਦਾ ਵਿਸਥਾਰ ਕਰਕੇ ਸੰਪੂਰਨਤਾ ਤੇ ਨਿਰੋਲ ਰੂਪ ਵਿਚ ਪ੍ਰਗਟ ਕੀਤਾ।

*ਮੈ ਅਪਨਾ ਸੁਤ ਤੋਹਿ ਨਿਵਾਜਾ।*
*ਪੰਥ ਪ੍ਰਚੁਰ ਕਰਬੇ ਕਉ ਸਾਜਾ।*
*ਜਾਹਿ ਤਾਹਿ ਤੈ ਧਰਮ ਚਲਾਇ।*
*ਕਬੁਧਿ ਕਰਨ ਤੇ ਲੋਕ ਹਟਾਇ॥* *ਬਚਿੱਤ੍ਰ ਨਾਟਕ*

*ਤੁਝੈ ਜੋ ਬਨਾਇਆ ਸੋ ਏਹੀ ਉਪਾਇਆ।*
*ਕਰੋ ਪੰਥ ਮੇਰਾ। ਧਰਮ ਕਾਜ ਕੇਰਾ।*
*ਯਹੈ ਕਹਿ ਪਠਾਯੋ। ਤਬ ਸ੍ਰਿਸ਼ਟਿ ਆਯੋ।*
*ਭਏ ਕੇਸ ਧਾਰੀ, ਧਰੀ ਫੇਰ ਸਾਰੀ* *ਸ੍ਰੀ ਗੁਰੂ ਸੋਭਾ*

ਬੀਜ ਦੇ ਅੰਕੁਰ ਫੁੱਟਣ ਤੋਂ ਲੈ ਕੇ ਫਲ ਤਕ ਪਹੁੰਚਣ ਲਈ ਅਨੇਕਾਂ ਖਾਦਾਂ, ਖੁਰਾਕਾਂ ਦੀ ਲੋੜ ਹੈ। ਫਲ ਲੱਗਣ ਤੋਂ ਬਾਅਦ ਵਾੜ ਦੀ ਵੀ ਸਖ਼ਤ ਜ਼ਰੂਰਤ ਪੈਂਦੀ ਹੈ ਤਾਂ ਜੋ ਫਲ ਸੁਰੱਖਿਅਤ ਰਹਿ ਸਕੇ। ਇਸ ਸੁਰੱਖਿਅਤ ਫਲ ਦੀ ਸੰਜਮ ਰਾਹੀਂ ਵਰਤੋਂ ਹੋਵੇ। 'ਖ਼ਾਲਸਾ ਆਦਰਸ਼' ਰੂਪੀ ਬੀਜ ਨੂੰ ਸਭ ਤੋਂ ਪਹਿਲਾਂ ਜਰਖੇਜ਼ ਭੂਮੀ ਦੀ ਲੋੜ ਸੀ। ਤਾਕਤਵਰ ਧਰਾਤਲ ਚਾਹੀਦਾ ਸੀ। ਅਧਾਰ ਦੀ ਲੋੜ ਸੀ। ਉੱਚੇ ਮਹਿਲ ਦੀ ਉਸਾਰੀ ਲਈ ਨੀਂਹ ਰੂਪੀ ਅਧਾਰ ਵੀ ਮਜ਼ਬੂਤ ਚਾਹੀਦਾ ਸੀ। ਤਾਕਤਵਰ ਨੀਹਾਂ ਤੇ ਹੀ ਬਹੁ ਮੰਜ਼ਿਲੇ ਭਵਨਾਂ ਦੀ ਉਸਾਰੀ ਹੁੰਦੀ ਹੈ। ਉਹ ਅਧਾਰ ਸੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਵਲੋਂ ਬਖਸ਼ਿਆ 'ਸਚਿਆਰਤਾ ਪਦ।' ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ। ਪਹਿਲਾ ਧਰਾਤਲ ਸੀ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ ਅੰਗ– ੧*

ਭਾਈ ਲਹਿਣੇ ਜੀ ਦੇ ਰੂਪ ਵਿਚ ਗੁਰੂ ਹੁਕਮ ਦੀ ਪਾਲਣਾ ਕੀਤੀ। ਹੁਕਮ ਰੂਪੀ ਸਿਧਾਂਤ ਨੇ ਧਰਾਤਲ ਤਿਆਰ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਦੇ ਅੰਗ ਨਾਲ ਲੱਗ ਕੇ, ਭਾਵ ਸ਼ਰਨਿ ਵਿਚ ਆ ਕੇ, ਗੁਰੂ ਅੰਗਦ ਦੇਵ ਜੀ ਰੂਪ ਵਿਚ ਬਖਸ਼ਿਸ਼ਾਂ ਕਰਦੇ ਗੁਰਮੁਖ ਪੰਥ/ਖਾਲਸਾ ਆਦਰਸ਼ ਨੂੰ ਅੱਗੇ ਤੋਰਿਆ। ਸੰਗਤ ਪੰਗਤ ਰੂਪੀ ਪਾਣੀ ਨਾਲ ਜਰਖੇਜ਼ ਜ਼ਮੀਨ ਨੂੰ ਸਿੰਜਿਆ। ਤੀਸਰੇ ਪੜਾਅ ਤੱਕ ਸੇਵਾ ਸਿਮਰਨ ਰੂਪੀ ਖੁਰਾਕ ਨੇ ਹੋਰ ਤਾਕਤ ਬਖਸ਼ੀ। ਕੇਂਦਰੀ ਅਸਥਾਨ ਤੇ ਅੰਮ੍ਰਿਤ ਰੂਪੀ ਸਰੋਵਰਾਂ ਨੇ ਬੀਜ ਨੂੰ ਅੰਕੁਰ ਤੋਂ ਪੌਦੇ ਵਲ ਵਧਾਇਆ। 'ਭਾਣੇ' ਰੂਪੀ ਸਿਧਾਂਤ ਨੇ ਵਧਾ ਕੇ ਹੋਰ ਪ੍ਰਫੁੱਲਤ ਕੀਤਾ। ਮੀਰੀ ਤੇ ਪੀਰੀ ਤੇ ਅਕਾਲ ਦੇ ਤਖ਼ਤ ਰਾਹੀਂ ਰਖਵਾਲੀ ਵੀ ਜ਼ਰੂਰੀ ਸੀ ਤਾਂ ਜੋ ਆਦਰਸ਼ ਸੁਰੱਖਿਅਤ ਤੇ ਪ੍ਰਫੁੱਲਤ ਹੁੰਦਾ ਰਹੇ। ਕੋਮਲ ਹਿਰਦਾ ਤੇ ਦ੍ਰਿੜ੍ਹਤਾ/ਨਿਡਰਤਾ ਵਾਲੇ ਗੁਣ ਭਰੇ ਗਏ।

ਮਨੁੱਖੀ ਅਧਿਕਾਰਾਂ ਦੀ ਰੱਖਿਆ ਰੂਪੀ ਖੁਰਾਕ ਨੇ ਇਸ ਨੂੰ ਹੋਰ ਮਜ਼ਬੂਤ ਬਣਾਇਆ।

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਅੰਗ– ੧੪੨੭*

ਜ਼ੁਲਮ ਕਰਨਾ ਵੀ ਨਹੀਂ ਤੇ ਜ਼ੁਲਮ ਸਹਿਣਾ ਵੀ ਨਹੀਂ। ਧੱਕੇ ਨਾਲ ਜਨੇਊ ਪਾਉਣਾ ਵੀ ਨਹੀਂ ਤੇ ਧੱਕੇ ਨਾਲ ਕਿਸੇ ਦਾ ਲਹਿਣ ਵੀ ਨਹੀਂ ਦੇਣਾ। ਦੇ ਦਿਤੀ ਕੁਰਬਾਨੀ –

*ਧੰਨ ਸ੍ਰੀ ਗੁਰੂ ਤੇਗ ਬਹਾਦਰ*
*ਸਗਲ ਸ੍ਰਿਸ਼ਟ ਪੈਹਿ ਢਾਪੀ ਚਾਦਰ।*

ਹਿੰਦ ਦੀ ਚਾਦਰ ਦੇ ਨਾਲ-ਨਾਲ ਸਾਰੀ ਸ੍ਰਿਸ਼ਟੀ ਦੀ ਚਾਦਰ ਬਣ ਕੇ ਬਹੁੜੇ। ਬਖਸ਼ ਦਿਤੀ ਠੰਡਕ, ਸ਼ਾਂਤੀ। ਬਚਾ ਦਿਤਾ ਹਿੰਦ ਤੇ ਹਿੰਦ ਦਾ ਧਰਮ। ਇਹਨਾਂ ਖਾਦਾਂ, ਖੁਰਾਕਾਂ ਰਾਹੀਂ ਖ਼ਾਲਸਾ ਆਦਰਸ਼ ਆਪਣੇ ਮੰਜ਼ਿਲੇ-ਮਕਸੂਦ ਵਲ ਨੂੰ ਵੱਧਦਾ ਰਿਹਾ। ਆ ਗਿਆ ਸਮਾਂ ਸੰਪੂਰਨਤਾ ਦਾ। 1699 ਈ. ਦੀ ਵੈਸਾਖੀ। ਭੇਜ ਦਿਤੇ ਸੁਨੇਹੇ ਭਾਰਤ ਵਰਸ਼ ਦੇ ਕੋਨੇ-ਕੋਨੇ ਵਿਚ। 80,000 ਦਾ ਇਕੱਠ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ। ਕਸਵੱਟੀ ਉਹੀ ਸੀ ਜੋ ਪਹਿਲੇ ਜਾਮੇ ਵਿਚ ਸੀ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ– ੧੪੧੨*

ਆਪ ਵੀ ਕਲਗੀਧਰ ਦਸ਼ਮੇਸ਼ ਪਿਤਾ ਪਹਿਲਾਂ ਹੀ ਦੇ ਚੁੱਕੇ ਹਨ ਬਚਨ –

*ਸੋ ਗ੍ਰਿਹਿ ਮੈ ਤਨ ਤੇ ਮਨ ਤੇ*
*ਸਿਰ ਲਉ ਧਨ ਹੈ ਸਬ ਹੀ ਇਨਹੀ ਕੋ।* *ਦਸਮ ਗ੍ਰੰਥ*

ਹੁਣ ਰਾਸ਼ਟਰੀਅਤਾ, ਕੌਮੀ ਮਹਿਲ ਨੇ ਸੰਪੂਰਨਤਾ ਹਾਸਿਲ ਕਰਨੀ ਹੈ। ਦੇ ਦਿਤੀ ਅਵਾਜ਼ 80,000 ਦੇ ਇਕੱਠ ਵਿਚ। ਨਿੱਤਰੇ ਪੰਜ ਮਰਜੀਵੜੇ, ਧਰਮ ਦੀ ਖਾਤਰ ਜਾਨਾਂ ਵਾਰਨ ਵਾਲੇ। ਸਿਰ ਧਰਿ ਤਲੀ ਅੱਗੇ ਵਧੇ। ਮਰਿਆਦਾ ਦ੍ਰਿੜ੍ਹ ਕਰਵਾਈ, ਅੰਮ੍ਰਿਤ ਤਿਆਰ ਹੋਇਆ। ਬਾਣੀ ਦਾ ਪਾਣੀ (ਜਲ) ਵਿਚ ਪ੍ਰਵੇਸ਼ ਹੋਣ ਦੀ ਜੁਗਤਿ ਵਰਤੀ। ਜਲ, ਪਹਿਲੇ ਵਰਗਾ ਨਹੀਂ ਰਿਹਾ ਬਦਲ ਗਿਆ, ਬਣ ਗਿਆ 'ਅੰਮ੍ਰਿਤ'। ਮਾਤਾ ਜੀ ਨੇ ਮਮਤਾ ਰੂਪੀ ਮਿਠਾਸ ਪਾਈ –

*ਭਲੋ ਭਯੋ ਤੂੰ ਚਲਿ ਕਰਿ ਆਈ।*
*ਨੀਰ ਬਿਖੈ ਪਾਈ ਮਧੁਰਾਈ॥* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*

ਤਾਂਹੀ ਤਾਂ ਕਿਸੇ ਵਿਦਵਾਨ ਦੀ ਕਲਮ ਨੇ ਅੱਖਰਾਂ ਰਾਹੀਂ ਪ੍ਰਗਟ ਕੀਤਾ ਕਿ –

*ਖੰਡੇ ਤੋਂ ਪੈਦਾ ਹੋਏ, ਖੰਡੇ ਵਾਂਗ ਤਿਖੇ ਹਾਂ।*
*ਪਾਏ ਸੀ ਵਿਚ ਪਤਾਸੇ ਤਾਂਹੀ ਤਾਂ ਮਿੱਠੇ ਹਾਂ।*

ਸਿਰ ਧੜਾਂ ਤੋਂ ਅਲੱਗ ਕੀਤੇ, ਫਿਰ ਸੁਰਜੀਤ ਕੀਤੇ ਗਏ। ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਬਣ ਗਏ ਹੁਣ ਸਿੱਖ ਤੋਂ ਸਿੰਘ, ਨਵੀਂ ਉਪਾਧੀ, ਨਵਾਂ ਜੀਵਨ, ਨਵੀਂ

ਜੀਵਨ ਰੌ ਰੁਮਕ ਪਈ। ਹੋ ਗਿਆ 'ਪ੍ਰਗਟ ਖ਼ਾਲਸਾ ਆਦਰਸ਼'। ਨਾਮ ਪਿਆ ਸਤਿਕਾਰਤ 'ਪੰਜ ਪਿਆਰੇ' ਸਦੀਵੀ ਅਮਰ, ਜੁਗੋ ਜੁਗ ਅਟੱਲ, ਗੁਰੂ ਨਾਲ ਜੁੜ ਕੇ ਆਪ ਵੀ ਸਦੀਵੀ ਅਮਰ ਪਦਵੀ ਦੇ ਧਾਰਨੀ ਬਣੇ। ਹੋ ਗਏ ਸੰਪੂਰਨ। ਸਰਬ ਸਾਂਝੇ ਬਣ ਗਏ ਹੁਕਮੀ ਬੰਦੇ। ਫਿਰ ਵਾਪਰੀ ਅਨੋਖੀ, ਨਿਵੇਕਲੀ ਸੰਸਾਰ ਦੇ ਮਜ਼੍ਹਬਾਂ/ਧਰਮਾਂ ਤੋਂ ਵਿਲੱਖਣ ਘਟਨਾ। 'ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ' ਦਾ ਸਿਧਾਂਤ ਪ੍ਰਗਟ ਹੋਇਆ। ਪਹਿਲਾਂ ਪੰਜਾਂ ਨੂੰ ਆਪ ਅੰਮ੍ਰਿਤ ਦੀ ਦਾਤ ਬਖਸ਼ੀ, ਫਿਰ ਆਪ ਪੰਜਾਂ ਤੋਂ ਅੰਮ੍ਰਿਤ ਛਕਿਆ। ਇਕ-ਇਕ ਸੀਸ ਦੇ ਬਦਲੇ ਸਰਬੰਸ ਵਾਰਨ ਦੀ ਬਚਨਬੱਧਤਾ ਪ੍ਰਗਟਾਈ। ਦਸ ਜਾਮਿਆਂ ਤੋਂ ਮਿਲੀ ਜੁਗਤਿ ਦਾ ਅਧਿਕਾਰ ਵੀ ਬਖਸ਼ ਦਿਤਾ। ਹੁਣ ਗੁਰੂ ਦੀ ਸਰੀਰਕ ਕਿਰਿਆ ਹੋਵੇਗੀ ਸੰਪੂਰਨ 'ਪੰਜਾਂ ਰਾਹੀਂ-

*ਪੰਚ ਪਰਵਾਣ ਪੰਚ ਪਰਧਾਨੁ ॥*
*ਪੰਚੇ ਪਾਵਹਿ ਦਰਗਹਿ ਮਾਨੁ ॥* ਅੰਗ - ੩

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌ ਕਰੌ ਨਿਵਾਸ॥* (ਸਰਬ ਲੋਅ ਗ੍ਰੰਥ 'ਚੋਂ)

ਮੇਰਾ ਹੀ ਰੂਪ ਹਨ। ਮੇਰਾ ਤੇਜ ਇਨ੍ਹਾਂ ਰਾਹੀਂ ਵਰਤੇਗਾ। ਮੁਖੀ ਥਾਪੇ ਭਾਈ ਸਾਹਿਬ ਦਇਆ ਸਿੰਘ ਜੀ ਮਹਾਰਾਜ। ਮਾਣ ਹੈ ਇਸ ਰਾੜਾ ਸਾਹਿਬ, ਹੋਤੀ ਮਰਦਾਨ ਦੀ ਸੰਪਰਦਾ ਨੂੰ ਜਿਨ੍ਹਾਂ ਦੇ ਮੁਖੀ ਤੇ ਬਖਸ਼ਿਸ਼ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਤੇ ਫਿਰ ਸੀਨੇ ਬਸੀਨੇ ਇਹ ਬਖਸ਼ਿਸ਼ਾਂ ਅੱਜ ਵੀ ਨਿਰੰਤਰ ਵਰਤ ਰਹੀਆਂ ਹਨ। ਬਣ ਗਏ ਪੰਜੇ ਉਸ ਪਦਵੀ ਦੇ ਮਾਲਕ -

*ਆਤਮ ਰਸ ਜਿਹ ਜਾਨਹੀ,*
*ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ, ਤਾਸ ਮਹਿ,*
*ਰੰਚਕ ਨਾਹਨ ਭੇਵ॥*

ਹੋਰ ਬਖਸ਼ਿਸ਼ ਹੋਈ ਜਦੋਂ ਹਜ਼ੂਰ ਸਾਹਿਬ ਦੀ ਪਾਵਨ ਧਰਤੀ ਤੇ ਪੰਜ ਭੌਤਿਕ ਸਰੀਰ ਅਲੋਪ ਕਰਨ ਸਮੇਂ ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ ਹੋਣ ਦੀ ਬਖਸ਼ਿਸ਼ ਸੱਚੇ ਪਾਤਸ਼ਾਹ ਨੇ ਕੀਤੀ। ਗੁਰੂ ਕਿਰਿਆ ਇਨ੍ਹਾਂ ਪੰਜਾਂ ਰਾਹੀਂ ਵਰਤਣੀ ਹੈ -

*ਗੁਰਸਿਖੁ ਸਿਉ ਗੁਰ ਹੋਇ ਅਚਰਜੁ ਦਿਖਾਇਆ।*
*ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।*
*ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ।*

*ਭਾਈ ਗੁਰਦਾਸ ਜੀ ਵਾਰ ੨੦/੨*

ਇਹ ਕੌਤਕ ਨਿਰਾਲਾ ਸੀ, ਜੋ ਪਹਿਲੇ ਜਾਮੇ ਤੋਂ ਵਰਤ ਰਿਹਾ ਸੀ -

*ਸਤਿਗੁਰ ਨਾਨਕ ਦੇਉ ਆਪੁ ਉਪਾਇਆ।*
*ਗੁਰ ਅੰਗਦੁ ਗੁਰ ਸਿੱਖੁ ਬਬਾਣੇ ਆਇਆ।*
*ਗੁਰ ਸਿੱਖੁ ਹੈ ਗੁਰ ਅਮਰੁ ਸਤਿਗੁਰ ਭਾਇਆ।*
*ਰਾਮਦਾਸੁ ਗੁਰ ਸਿੱਖੁ ਗੁਰ ਸਦਵਾਇਆ।*
*ਗੁਰੁ ਅਰਜਨੁ ਗੁਰ ਸਿਖੁ ਪਰਗਟੀ ਆਇਆ।*
*ਗੁਰ ਸਿਖੁ ਹਰਿ ਗੋਬਿੰਦੁ ਨ ਲੁਕੈ ਲੁਕਾਇਆ।*

*ਭਾਈ ਗੁਰਦਾਸ ਜੀ, ਵਾਰ ੨੦/੧*

ਭਾਈ ਸਾਹਿਬ ਹੋਰ ਫੁਰਮਾਨ ਕਰਦੇ ਹਨ -

*ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।*

*ਭਾਈ ਗੁਰਦਾਸ ਜੀ, ਵਾਰ ੧੩/੧੯*

ਅਭੇਦ ਅਵਸਥਾ ਦੇ ਧਾਰਨੀ, ਦੋ ਤੋਂ ਇਕ ਰੂਪ ਹੋਏ, ਬ੍ਰਹਮ ਗਿਆਨ ਨੂੰ ਪ੍ਰਾਪਤ, ਸੁਰਤਿ ਸ਼ਬਦ ਦੇ ਮਿਲਾਪ ਦੇ ਧਾਰਨੀ, ਇਹ ਪੰਜ ਪਿਆਰੇ ਮਿਲ ਗਏ ਕੌਮ ਨੂੰ ਅਗਵਾਈ ਕਰਨ ਲਈ। ਮਾਇਆ ਵਿਚ ਰਹਿੰਦੇ ਮਾਇਆ ਤੋਂ ਨਿਰਲੇਪ ਬੇਗਮਪੁਰੇ ਦੇ ਵਾਸੀ ਇਹ ਪੰਜੇ-

*ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ।*
*ਸਨਮੁਖਿ ਮਿਲਿ ਪੰਚ ਆਖੀਅਨਿ*
*ਬਿਰਦ ਪੰਚ ਪਰਮੇਸੁਰੁ ਪਾਸੀ।*
*ਗੁਰਮੁਖਿ ਮਿਲਿ ਪਰਵਾਣ*
*ਪੰਚ ਸਾਧ ਸੰਗਤਿ ਸਚਖੰਡ ਬਿਲਾਸੀ।*
*ਗੁਰ ਦਰਸਨ ਗੁਰ ਸਬਦ ਹੈ*
*ਨਿਜ ਘਰਿ ਭਾਈ ਭਗਤਿ ਰਹਿਰਾਸੀ।*

*ਭਾਈ ਗੁਰਦਾਸ ਜੀ, ਵਾਰ ੩੯/੧੨*

ਜੋ ਪ੍ਰਮੇਸ਼ਰ ਅਗਮ ਅਗੋਚਰ ਹੈ। ਉਸ ਦੇ ਆਤਮ ਮਾਰਗੀ ਪੈਂਡੇ ਦੀ ਵਿਰਲਿਆਂ ਨੂੰ ਸੋਝੀ ਹੈ। ਉਹ ਪੈਂਡਾ ਇਹ ਪੰਜੇ ਤੈਅ ਕਰਾਉਣ ਵਿਚ ਸਹਾਈ ਹੋਣਗੇ। ਉਹ ਆਪ ਅਭੇਦ ਹੋਏ ਤੇ ਸਾਨੂੰ ਅਭੇਦਤਾ ਬਖਸ਼ਣ ਦੇ ਸਮਰੱਥ ਹਨ -

*ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ।*
*ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵਲਾਈ।*
*ਸਾਧ ਸੰਗਤਿ ਸੋਹਨਿ ਗੁਰ ਭਾਈ॥*

*ਭਾਈ ਗੁਰਦਾਸ ਜੀ, ਵਾਰ ੨੯/੬*

ਸੋ ਖ਼ਾਲਸੇ ਦੇ ਰੂਪ ਵਿਚ ਪੰਜ ਪਿਆਰੇ ਗੁਰੂ ਸਰੂਪ ਹਨ। ਗੁਰੂ ਦਾ ਵਾਸਾ ਹੈ ਉਨ੍ਹਾਂ ਅੰਦਰ।

*ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ*
*ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥* ਅੰਗ - ੩੧੨

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥* ਅੰਗ - ੧੪੨੪

ਸਿੰਘਾਂ ਦੇ ਪੁੱਛਣ 'ਤੇ ਕਲਗੀਧਰ ਪਿਤਾ ਨੇ ਫੁਰਮਾਇਆ -

*ਵਾਹਿ ਸਮੈ ਗੁਰ ਬੈਨ ਸੁਨਾਯੋ*
*ਖਾਲਸ ਅਪਨੋ ਰੂਪ ਬਤਾਯੋ*
*ਖਾਲਸ ਹੀ ਸੋ ਹੈ ਮਮ ਕਾਮਾ*

*ਬਖਸ਼ ਕਿਯੋ ਖਾਲਸ ਕੇ ਜਾਮਾ*

*ਖਾਲਸ ਮੇਰੋ ਰੂਪ ਹੈ ਹੌ ਖਾਲਸ ਕੇ ਪਾਸ*
*ਆਦਿ ਅੰਤ ਹੀ ਹੋਤ ਹੈ ਖਾਲਸ ਹੀ ਮੈ ਬਾਸ*

*(ਸ੍ਰੀ ਗੁਰੂ ਸੋਭਾ)*

ਹੁਣ ਸ਼ਾਬਦਿਕ ਅਰਥਾਂ ਦਾ ਪ੍ਰਗਟਾਵਾ ਹੋ ਰਿਹਾ ਵਿਹਾਰ ਵਿਚ। ਸ਼ਾਬਦਿਕ ਅਰਥ ਸਨ, ਖਾਲਿਸ ਸ਼ੁੱਧ, ਨਿਰਮਲ ਭਾਵ ਬਿਨਾਂ ਮਿਲਾਵਟ। ਜੋ ਜ਼ਮੀਨ ਸਿੱਧੀ ਬਾਦਸ਼ਾਹ ਦੇ ਅਧਿਕਾਰ 'ਚ ਹੋਵੇ। ਐਸੇ ਅਰਥ ਡਿਕਸ਼ਨਰੀਆਂ ਤੇ ਕੋਸ਼ਾਂ ਵਿਚ ਪਾਏ ਜਾਂਦੇ ਹਨ। ਕਬੀਰ ਸਾਹਿਬ ਨੇ ਤਾਂ ਕਈ ਸੌ ਸਾਲ ਪਹਿਲਾਂ ਫੁਰਮਾਨ ਕੀਤਾ-

*ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥*

*ਅੰਗ- ੬੫੫*

ਇਸ ਸਿਧਾਂਤ ਦੀ ਰੂਮਮਾਨਤਾ ਤੇ ਪੂਰਨਤਾ ਹੋ ਰਹੀ ਹੈ ਦਸ਼ਮੇਸ਼ ਪਿਤਾ ਦੇ ਇਸ ਸਿਧਾਂਤ ਤੋਂ -

*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ॥*

ਹੁਣ ਬੀਜ ਅੰਕੁਰ ਤੋਂ ਆਪਣਾ ਸਫ਼ਰ ਤੈਅ ਕਰਦਾ ਪਹੁੰਚ ਗਿਆ ਮੰਜ਼ਿਲ 'ਤੇ। ਫਲ ਰੂਪੀ ਖਾਲਸਾ ਆਦਰਸ਼ ਪ੍ਰਗਟ ਹੋ ਗਿਆ। ***'ਖ਼ਾਲਸਾ ਜੋ ਨਿਰਧਨ ਕੋ ਪਾਲੈ। ਖ਼ਾਲਸਾ ਸੋਇ ਦੁਸ਼ਟ ਕਉ ਗਾਲੈ।'*** ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਰਾਹੀਂ ਪ੍ਰਗਟ ਹੋਇਆ ਆਦਰਸ਼। ਲੋੜ ਹੈ ਇਸ ਆਦਰਸ਼ ਨੂੰ ਅਪਨਾਉਣ ਤੇ ਇਸ 'ਤੇ ਚੱਲਣ ਦੀ।

ਵਾੜ ਰੂਪ ਬਾਣਾ ਬਖਸ਼ ਦਿਤਾ। ਭੇਖ, ਪਾਖੰਡ, ਵਹਿਮਾਂ, ਭਰਮਾਂ ਤੋਂ ਨਿਆਰਾ; ਜਾਤ-ਪਾਤ, ਨਿਰਾਲਾ ਰੂਪ, ਨਸਲ ਰੰਗ ਦੇ ਵਿਤਕਰੇ ਤੋਂ ਰਹਿਤ, 'ਤਾਤ ਪਰਾਈ ਤੋਂ ਰਹਿਤ, 'ਸਗਲ ਸੰਗਿ ਹਮ ਕਉ ਬਨਿ ਆਈ' ਦਾ ਧਾਰਨੀ। ਇਹ ਖ਼ਾਲਸਾ ਆਦਰਸ਼ ਸੰਸਾਰ ਦੇ ਮੰਚ 'ਤੇ ਪ੍ਰਗਟ ਹੋਇਆ। ਹੋ ਗਈ 200 ਸਾਲ ਤੋਂ ਉਤੇ ਦੇ ਸਫਰ ਦੀ ਕਰਾਮਾਤਿ ਪੂਰੀ। ਐਸਾ ਆਦਰਸ਼ ਜੋ ਸਾਰੀ ਮਾਨਵਤਾ ਨੂੰ ਕਲਾਵੇ ਵਿਚ ਲੈਣ ਦੇ ਸਮਰੱਥ ਹੈ। ਸੰਸਾਰ ਮੰਚ ਤੇ ਅੱਜ ਇਸ ਆਦਰਸ਼ ਦਾ ਪ੍ਰਗਟਾਵਾ, ਕੁਦਰਤੀ ਆਫ਼ਤਾਂ ਵੇਲੇ ਗੁਰੂ ਕੇ ਖਾਲਸੇ ਵਲੋਂ ਨਿਭਾਈਆਂ ਸੇਵਾਵਾਂ ਤੋਂ ਪ੍ਰਗਟ ਹੈ। ਸਿਰ ਝੁਕਾ ਰਿਹਾ ਹੈ ਸੰਸਾਰ ਇਸ ਦੇ ਵਿਹਾਰਿਕ ਪ੍ਰਗਟਾਵੇ ਨੂੰ। ਪਰ ਅਜੇ ਬਹੁਤ ਕੁਝ ਹੈ ਜੋ ਕਰਨਾ ਬਾਕੀ ਹੈ। ਗੁਰੂ ਆਸ਼ੇ ਅਨੁਸਾਰ ਜੇਕਰ ਸਾਰਿਆਂ ਦਾ ਜੀਵਨ ਬਣ ਜਾਵੇ, ਸਾਰੇ ਹੋ ਜਾਣ ਖ਼ਾਲਸਾ ਆਦਰਸ਼ ਦੇ ਧਾਰਨੀ ਤਾਂ ਬਣ ਜਾਵੇਗਾ ਸਾਰਾ ਸੰਸਾਰ ਬੇਗਮਪੁਰਾ, ਪ੍ਰਸਪਰ ਪਿਆਰ, ਸ਼ਾਂਤੀ, ਨਾ ਡਰ, ਨਾ ਖੌਫ ਇਕੋ ਪਿਤਾ ਦੇ ਪੁੱਤਰਾਂ ਵਾਂਗੂੰ ਬਣ ਜਾਏਗਾ ਸੰਸਾਰ। ਐਸਾ ਆਦਰਸ਼ ਸੱਚੇ ਪਾਤਸ਼ਾਹ ਦੀ ਬਖਸ਼ਿਸ਼ ਸਦਕਾ ਪ੍ਰਗਟ ਹੋਇਆ ਜਿਸ ਦਾ ਵਰਨਣ ਡਾ. ਭਾਈ ਵੀਰ ਸਿੰਘ ਜੀ ਆਪਣੀ ਰਚਨਾ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ-

*ਜਾਨੈ ਸਾਰ ਬਾਣੀ ਕੋ*
*ਅਸਾਰ ਕੋ ਤਿਆਗ ਕਰੈ*
*ਮਾਯਾ ਜਾਲ ਮਾਹਿ*
*ਸਦਾ ਰਹਿਤ ਸਗਲ ਸਾ*
*ਪਰਉਪਕਾਰੀ ਅਤਿ, ਉਦਮੀ ਉਦਾਰ ਭਾਰੀ*
*ਸੁੰਦਰ ਦੀਦਾਰੀ ਧਾਰੈ ਤਨਿਕ ਨ ਆਲਸਾ*
*ਸਮਤ੍ਰਨ ਕੋ ਪ੍ਰੇਮੀ ਨੇਮੀ ਯੁੱਧ ਕਰਤੱਬਨ ਕੋ*
*ਮਹਾਂ ਸੋਮਯ ਰੂਪ ਪਰ ਸ਼ਤ੍ਰਨ ਕਰਾਲ ਸਾ*
*ਅਸ੍ਵ ਕੋ ਸਵਾਰ ਬੀਰ ਰਸ ਕੈ ਅਗਾਰ*
*ਸਭ ਸੈਨਾ ਕੋ ਸਿੰਗਾਰ ਦਸਮੇਸ਼ ਜੂ ਕੋ ਖਾਲਸਾ*

ਅਰਦਾਸ ਹੈ - ਸਮੂੰਹ ਪੰਥ ਇਸ ਉੱਚੇ-ਸੁੱਚੇ ਆਦਰਸ਼, ਦਾ ਧਾਰਨੀ ਬਣੇ। 'ਏਕ ਪਿਤਾ ਏਕਸ ਕੇ ਹਮ ਬਾਰਿਕ' ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਮਾਤਾ ਸਾਹਿਬ ਕੌਰ ਦੇ ਦੁਲਾਰੇ ਬਣ ਕੇ ਏਕਤਾ ਰੂਪੀ ਮਾਲਾ ਵਿਚ ਪਰੋਤੇ ਰਹੀਏ। ਇਸੇ ਪ੍ਰਸਪਰ ਪਿਆਰ ਤੇ ਏਕਤਾ ਨਾਲ ਰਹਿਣ ਦਾ ਹੁਕਮਨਾਮਾ ਖਾਲਸੇ ਦੀ ਮਾਤਾ, ਮਾਤਾ ਸਾਹਿਬ ਕੌਰ ਨੇ ਸਾਨੂੰ ਦਿਤਾ ਸੀ। ਕਾਸ਼! ਅੱਜ ਅਸੀਂ ਇਸ 'ਤੇ ਪਹਿਰਾ ਦਿੰਦੇ, ਵੰਡੀਆਂ ਦੀ ਕਾਣੀ ਵੰਡ ਤੋਂ ਅਛੋਹ, ਇਕ ਗ੍ਰੰਥ, ਇਕ ਪੰਥ ਦੇ ਧਾਰਨੀ ਹੁੰਦੇ। ਕਰੀਏ ਅਰਦਾਸ ਮਾਤਾ ਜੀ! ਸਾਨੂੰ ਬਖਸ਼ੋ ਬੁੱਧੀ, ਨੇਸ਼ਟਾ, ਤਾਕਤ, ਸਾਹਸ, ਬਲ ਕਿ ਅਸੀਂ ਚਲ ਸਕੀਏ ਆਪ ਜੀ ਵਲੋਂ ਬਖਸ਼ੇ ਹੁਕਮ 'ਤੇ। 'ਇਕੋ ਮਾਲਾ 'ਚ, ਪਰੋਤੇ ਰਹਿਉ ਖਾਲਸੇ, ਪੰਥ 'ਚ ਨਾ ਪਾਇਉ ਵੰਡੀਆਂ। ਇਹੀ ਮਾਤਾ ਸਾਹਿਬ ਕੌਰ ਜੀ ਨੇ ਸਾਨੂੰ ਆਖਰੀ ਆਸ਼ੀਰਵਾਦ ਹੁਕਮਨਾਮੇ ਦੇ ਰੂਪ ਵਿਚ ਦਿੱਲੀ ਤੋਂ ਦਿਤਾ ਸੀ।

'ਆਤਮ ਮਾਰਗ' ਦੇ ਸਮੂੰਹ ਪਾਠਕ ਜਨਾਂ ਨੂੰ ਮੈਗਜ਼ੀਨ ਦੇ 28ਵੇਂ ਸਾਲ 'ਚ ਪ੍ਰਵੇਸ਼ ਹੋਣ 'ਤੇ ਲੱਖ-ਲੱਖ ਵਧਾਈ ਹੋਵੇ ਜੀ। ਇੱਕੋ ਵਿਚਾਰਧਾਰਾ ਦਾ ਦਰਿਆ ਰੂਪੀ ਪਰਵਾਹ ਨਿਰੰਤਰ ਚਲ ਰਿਹਾ ਹੈ। 27 ਸਾਲ ਪੂਰੇ ਹੋ ਚੁੱਕੇ ਸਨ। ਜਿਨ੍ਹਾਂ ਨੇ ਅਪ੍ਰੈਲ 1995 ਦੀ ਵਿਸਾਖੀ ਤੋਂ ਪੜ੍ਹਨਾ ਸੁਣਨਾ ਸ਼ੁਰੂ ਕੀਤਾ ਹੈ ਉਨ੍ਹਾਂ ਕੋਲ 324 ਅੰਕ ਪਹੁੰਚ ਚੁੱਕੇ ਹਨ। ਹਥਲਾ ਅਪ੍ਰੈਲ 2022 ਦਾ ਅੰਕ 325ਵਾਂ ਅੰਕ ਹੋਵੇਗਾ। ਤੁਸੀਂ ਸਾਰੇ ਪਾਠਕ ਜਨ ਵਧਾਈ ਦੇ ਪਾਤਰ ਹੋ। ਇਸ ਮੈਗਜ਼ੀਨ ਦਾ ਇਕੋ ਇਕ ਮੰਤਵ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*

*ਅੰਗ- ੮੪੬*

*(ਬਾਕੀ ਪੰਨਾ 53 'ਤੇ)*

# ਵੈਸਾਖਿ

## ਸੰਗਰਾਂਦ-ਅਪ੍ਰੈਲ 14 (ਦਿਨ ਵੀਰਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*
*ੴ ਸਤਿਗੁਰ ਪ੍ਰਸਾਦਿ ॥*
*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*
*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥*
*ਅੰਗ - ੧੩੩*

ਮਨੁੱਖਾ ਸਰੀਰ ਰੂਪੀ ਵੈਸਾਖ ਦੇ ਮਹੀਨੇ ਵਿਚ ਉਸ ਪਤੀ ਪਰਮੇਸ਼ਰ ਤੋਂ ਵਾਢੀਆ=ਵਿਛੁੜੀਆਂ ਹੋਈਆਂ ਜਗਿਆਸੂ ਰੂਪੀ ਇਸਤਰੀਆਂ ਨੂੰ ਕਿਵੇਂ ਧੀਰਜ ਹੋ ਸਕਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਦੇ ਪ੍ਰੇਮ ਦਾ ਬਿਛੋਹੁ=ਵਿਛੋੜਾ ਹੋ ਰਿਹਾ ਹੈ।

**ਹਰਿ ਸਾਜਨੁ ਪੁਰਖੁ ਵਿਸਾਰਿ ਕੈ**
**ਲਗੀ ਮਾਇਆ ਧੋਹੁ॥**

ਹਰਿ=ਵਾਹਿਗੁਰੂ ਪੁਰਖੁ=ਅਕਾਲ ਪੁਰਖ ਜੋ ਸਾਰਿਆਂ ਦਾ ਸਾਜਨੁ=ਮਿੱਤਰ ਹੈ ਉਸ ਨੂੰ ਵਿਸਾਰਿ=ਭੁਲਾ ਕੇ=ਕਰਕੇ ਧੋਹੁ=ਛਲ ਰੂਪ ਮਾਇਆ ਵਿਚ ਬੁੱਧੀ ਲੱਗੀ ਹੋਈ ਹੈ, ਇਹ ਮਾਇਆ ਹੀ ਜੀਵ ਨੂੰ ਠੱਗਣ ਵਾਲੀ ਹੈ।

**ਪੁਤ੍ਰ ਕਲਤ੍ਰ ਨ ਸੰਗਿ ਧਨਾ**
**ਹਰਿ ਅਵਿਨਾਸੀ ਓਹੁ॥**

ਪੁੱਤਰ ਕਲਤ੍ਰ=ਇਸਤਰੀ ਤੇ ਧਨਾ=ਧਨ ਆਦਿ ਵਿਚੋਂ ਕਿਸੇ ਨੇ ਵੀ ਪ੍ਰਲੋਕ ਦੇ ਰਸਤੇ ਵਿਚ ਸੰਗਿ=ਨਾਲ ਨ=ਨਹੀਂ ਚੱਲਣਾ। ਉਥੇ ਤਾਂ ਕੇਵਲ ਉਹ ਅਵਿਨਾਸੀ=ਨਾਸ ਤੋਂ ਰਹਿਤ, ਹਰਿ=ਪਰਮੇਸ਼ਰ ਹੀ ਰੱਖਿਅਕ ਹੋਵੇਗਾ ਭਾਵ ਜਿਹੜੇ ਉਸ ਦੇ ਸਿਮਰਨ ਵਿਚ ਜੁੜਨਗੇ, ਉਹਨਾਂ ਦਾ ਸਹਾਇਕ ਬਣੇਗਾ।

**ਪਲਚਿ ਪਲਚਿ ਸਗਲੀ ਮੁਈ**
**ਝੂਠੈ ਧੰਧੈ ਮੋਹੁ॥**

ਇਹ ਸਗਲੀ=ਸਾਰੀ ਸ੍ਰਿਸ਼ਟੀ ਮੋਹ ਦੇ ਅਧੀਨ ਹੋ ਕੇ ਝੂਠੇ ਧੰਧਿਆਂ ਅਤੇ ਪਦਾਰਥਾਂ ਵਿਚ ਪਲਚਿ ਪਲਚਿ=ਫਸ-ਫਸ ਕੇ ਵਾ: ਪਰਚ-ਪਰਚ ਕੇ ਮੁਈ=ਮਰ ਰਹੀ ਹੈ ਵਾ: ਜੀਵ ਝੂਠੇ ਧੰਦਿਆਂ ਦੇ ਵਿਚ ਫਸ ਕੇ ਆਪਣਾ ਗਿਆਨ ਭੁਲਾ ਕੇ ਇਹਨਾਂ ਵਿਚ ਮੋਹਿਆ ਜਾਂਦਾ ਹੈ।

**ਇਕਸੁ ਹਰਿ ਕੇ ਨਾਮ ਬਿਨੁ**
**ਅਗੈ ਲਈਅਹਿ ਖੋਹਿ॥**

ਇਕਸੁ=ਇਕ, ਹਰਿ=ਹਰੀ ਵਾਹਿਗੁਰੂ, ਕੇ=ਦੇ ਅੰਮ੍ਰਿਤ ਨਾਮ ਤੋਂ ਬਿਨਾਂ ਹੋਰ ਜੋ ਸਕਾਮ ਕਰਮ ਨਿੱਤ, ਨਮਿੱਤ, ਪ੍ਰਾਸ਼ਚਿਤ ਕਰਮ ਆਦਿ ਜੋ ਕਾਮਨਾ ਦੇ ਸਹਿਤ ਕੀਤੇ ਹੋਏ ਹਨ, ਉਹ ਸਾਰੇ ਅੱਗੇ ਜਮ ਮਾਰਗ ਦੇ ਵਿਚ ਜਦੋਂ ਤੇਹ ਲਗਦੀ ਹੈ ਤਾਂ ਪਾਣੀ ਬਹਾਨੇ, ਧੁੱਪ ਲਗਦੀ ਹੈ ਤਾਂ ਛਾਂ ਬਹਾਨੇ ਇਸ ਜੀਵ ਦੇ ਪਾਸੋਂ ਜਮਦੂਤ ਪੁੰਨ ਕਰਮ ਖੋਹਿ=ਖੋਹ ਲਈਅਹਿ=ਲੈਂਦੇ ਹਨ। ਜੈਸਾ ਕਿ -

**ਦਯੁ ਵਿਸਾਰਿ ਵਿਗੁਚਣਾ**
**ਪ੍ਰਭ ਬਿਨੁ ਅਵਰੁ ਨ ਕੋਇ॥**

ਜਿਸ ਨੇ ਉਸ ਦਯੁ=ਪ੍ਰੇਰਕ ਵਾਹਿਗੁਰੂ ਨੂੰ ਵਿਸਾਰਿ=ਭੁਲਾਉਣਾ ਕੀਤਾ ਹੈ, ਉਸ ਨੂੰ ਲੋਕ ਪਰਲੋਕ ਵਿਚ ਵਿਗੁਚਣਾ=ਖ਼ਰਾਬ ਹੋਣਾ ਪੈਂਦਾ ਹੈ। ਉਸ ਪ੍ਰਭ=ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਅਵਰੁ=ਹੋਰ ਕੋਈ ਵੀ ਰੱਖਿਆ ਕਰਨ ਵਾਲਾ ਨਹੀਂ ਹੈ।

**ਪ੍ਰੀਤਮ ਚਰਣੀ ਜੋ ਲਗੇ**
**ਤਿਨ ਕੀ ਨਿਰਮਲ ਸੋਇ॥**

ਜੋ ਜੀਵ ਪ੍ਰੀਤਮ=ਪਿਆਰੇ, ਅਕਾਲ ਪੁਰਖ ਦੇ ਚਰਣੀ=ਚਰਨਾਂ ਕਮਲਾਂ ਵਿਚ, ਲਗੇ=ਲੱਗੇ ਭਾਵ ਜੁੜੇ ਹੋਏ ਹਨ, ਤਿਨ=ਉਹਨਾਂ, ਕੀ=ਦੀ ਨਿਰਮਲ=ਮੈਲ ਤੋਂ ਰਹਿਤ ਭਾਵ ਉੱਜਲ, ਸੋਇ=ਸ਼ੋਭਾ ਹੁੰਦੀ ਹੈ, ਭਾਵ ਲੋਕ ਪਰਲੋਕ ਵਿਚ ਉਹਨਾਂ ਦੀ ਜੈ ਜੈਕਾਰ ਹੁੰਦੀ ਹੈ।

**ਨਾਨਕ ਕੀ ਪ੍ਰਭ ਬੇਨਤੀ**
**ਪ੍ਰਭ ਮਿਲਹੁ ਪਰਾਪਤਿ ਹੋਇ॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਸਾਡੇ ਜਨਾਂ ਕੀ=ਦੀ, ਤਾਂ ਪ੍ਰਭ=ਪਰਮੇਸ਼ਰ ਪਾਸ ਇਹੋ ਹੀ ਬੇਨਤੀ ਹੈ ਕਿ ਹੇ ਪ੍ਰਭ=ਅਕਾਲ ਪੁਰਖ! ਜਿਵੇਂ ਤੁਸੀਂ ਸੰਤ ਜਨਾਂ ਨੂੰ ਪ੍ਰਾਪਤ ਹੋਇ=ਹੋਏ ਹੋ, ਇਸੇ ਤਰ੍ਹਾਂ ਸਾਨੂੰ ਵੀ ਮਿਲਹੁ=ਮਿਲਣਾ ਕਰੋ ਵਾ: ਸਾਨੂੰ ਵੀ ਆਪਣੇ ਨਾਲ ਮੇਲਣਾ ਕਰੋ ਤਾਂ ਕਿ ਅਸੀਂ ਵੀ (ਪਰਾ+ਪਤਿ) ਪਰਾ=ਉਤ ਕ੍ਰਿਸਟ ਪਤਿ=ਇੱਜ਼ਤ ਵਾਲੇ ਭਾਵ ਉੱਚੀ ਪਤ ਵਾਲੇ ਹੋ ਸਕੀਏ ਅਥਵਾ ਆਪ ਅੰਤਸ਼ਕਰਨ ਵਿਚ ਪ੍ਰਾਪਤ ਤਾਂ ਹੋ, ਪਰ ਮੈਨੂੰ ਸਾਖਿਆਤ ਪ੍ਰਤੱਖ ਪ੍ਰਗਟ ਹੋ ਕੇ ਮਿਲਣਾ ਕਰੋ।

**ਵੈਸਾਖੁ ਸੁਹਾਵਾ ਤਾਂ ਲਗੈ**
**ਜਾ ਸੰਤੁ ਭੇਟੈ ਹਰਿ ਸੋਇ॥**

ਜੇਕਰ ਇਉਂ ਪਰਮੇਸ਼ਰ ਦੀ ਪ੍ਰਾਪਤੀ ਹੋ ਜਾਵੇ ਤਾਂ ਵੈਸਾਖ ਮਹੀਨਾ ਸੁਹਾਵਾ=ਸ਼ੋਭਨੀਕ ਲਗੈ=ਲੱਗਦਾ ਹੈ। ਜਾ=ਜਦੋਂ ਇਕ-ਰਸ ਸ਼ਾਂਤ ਸਰੂਪ ਹਰਿ=ਪਰਮੇਸ਼ਰ ਨੂੰ ਪ੍ਰਾਪਤ ਹੋਇ ਸੰਤ ਜਨਾਂ ਦੇ ਨਾਲ ਭੇਟੈ=ਮਿਲਾਪ ਹੋ ਜਾਵੇ, ਤਦ ਹੀ ਪਰਮੇਸ਼ਰ ਦੀ ਸੋਇ=ਸ਼ੋਭਾ ਪ੍ਰਾਪਤ ਹੋਵੇਗੀ।

# ਖ਼ਾਲਸਾ ਮੇਰੋ ਰੂਪ ਹੈ ਖ਼ਾਸ॥ ਖ਼ਾਲਸੇ ਮਹਿ ਹੋਂ ਕਰੋਂ ਨਿਵਾਸ॥

## (1699 ਦੀ ਵਿਸਾਖੀ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਚਕ੍ਰ ਚਿਹਨ ਬਰਨ ਰੂਪ ਤੇਰਾ,*
*ਲਖਿਆ ਨ ਜਾਵੇ ਮਾਲਕਾ।*

***ਚਕ੍ਰ ਚਿਹਨ ਅਰੁ ਬਰਨ ਜਾਤਿ***
***ਅਰੁ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ***
***ਕੋਊ ਕਹਿ ਨ ਸਕਤਿ ਕਿਹ॥***
***ਅਚਲ ਮੂਰਤਿ ਅਨਭਉ ਪ੍ਰਕਾਸ***
***ਅਮਿਤੋਜ ਕਹਿੱਜੈ॥***
***ਕੋਟਿ ਇੰਦ੍ਰ ਇੰਦ੍ਰਾਨਿ ਸਾਹਿ ਸਾਹਾਨਿ ਗਣਿੱਜੈ॥***
***ਤ੍ਰਿਭਵਣ ਮਹੀਪ ਸੁਰ ਨਰ ਅਸੁਰ***
***ਨੇਤ ਨੇਤ ਬਨ ਤ੍ਰਿਣ ਕਹਤ॥***
***ਤ੍ਵ ਸਰਬ ਨਾਮ ਕਥੈ ਕਵਨ***
***ਕਰਮ ਨਾਮ ਬਰਣਤ ਸੁਮਤਿ॥ (ਜਾਪੁ ਸਾਹਿਬ)***

***ਨਾਮ ਕਾਮ ਬਿਹੀਨ ਪੇਖਤ***
***ਧਾਮ ਹੂੰ ਨਹਿ ਜਾਹਿ॥***
***ਸਰਬ ਮਾਨ ਸਰਬੱਤ੍ਰ ਮਾਨ***
***ਸਦੈਵ ਮਾਨਤ ਤਾਹਿ॥***
***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***(ਜਾਪੁ ਸਾਹਿਬ)***

***ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,***
***ਨਿਆਰੇ ਨਿਆਰੇ ਹੋਇ ਕੈ***
***ਫੇਰਿ ਆਗ ਮੈ ਮਿਲਾਹਿੰਗੇ॥***
***ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,***
***ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥***
***ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ***
***ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥***
***ਤੈਸੇ ਬਿਸ੍ਵ ਰੂਪ ਤੇ, ਅਭੂਤ ਭੂਤ ਪ੍ਰਗਟ ਹੋਇ***
***ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥***
***(ਅਕਾਲ ਉਸਤਤਿ)***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ-ਦਰਾਜ਼ ਤੋਂ ਆਪ ਸਾਰੇ ਹੀ ਖਾਲਸੇ ਦਾ ਜਨਮਦਿਨ ਮਨਾਉਣ ਵਾਸਤੇ ਆਏ ਓਂ। ਅੱਜ ਦੇ ਦਿਨ ਕੋਈ ਤਕਰੀਬਨ ਸਵਾ ਤਿੰਨ ਸੌ ਕੁ ਸਾਲ ਹੋ ਗਏ ਇਸ ਸਮੇਂ ਨੂੰ ਕਿ ਗੁਰੂ ਦਸ਼ਮੇਸ਼ ਪਿਤਾ ਨੇ ਗੁਰੂ ਨਾਨਕ ਸਾਹਿਬ ਦਾ ਜੋ ਆਰੰਭਿਆ ਹੋਇਆ ਕਾਰਜ ਸੀ, ਧਰਮ ਦਾ ਪੰਥ ਚਲਾਉਣ ਦਾ, ਉਹ ਚਲਦਾ-ਚਲਦਾ ਪੰਥ, ਹੌਲੀ-ਹੌਲੀ ਜਵਾਨ ਹੁੰਦਾ-ਹੁੰਦਾ, ਦੋ ਸੌ ਸਾਲ 'ਚ ਐਨੀ ਉਚੀ ਅਵਸਥਾ ਤੇ ਪਹੁੰਚ ਗਿਆ ਕਿ ਉਹਨੂੰ ਇਕ ਜ਼ਿੰਮੇਵਾਰੀ ਸੰਭਾਲੀ ਜਾਵੇ। ਗੁਰੂ ਸਦਾ ਨਹੀਂ ਆ ਸਕਿਆ ਕਰਦੇ, ਸੰਸਾਰ ਦੇ ਲੋਕ ਗੁਰੂਆਂ ਦੇ ਨਾਲ ਈਰਖਾ ਕਰਦੇ ਨੇ, ਵੈਰ ਕਰਦੇ ਨੇ, ਦੁੱਖ ਦਿੰਦੇ ਨੇ, ਰਾਜਸੀ ਜੋ ਸ਼ਕਤੀਆਂ ਹੋਇਆ ਕਰਦੀਆਂ ਨੇ, ਉਹ ਵੀ ਵਿਰੁੱਧ ਹੋ ਜਾਇਆ ਕਰਦੀਆਂ ਨੇ ਕਿਉਂਕਿ ਮਹਿਮਾ ਐਨੀ ਵੱਧ ਜਾਂਦੀ ਹੈ ਕਿ ਸਹੀ ਨਹੀਂ ਜਾਂਦੀ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਮਨੁੱਖ ਨੂੰ ਐਨਾ ਉੱਚਾ ਕਰਨ ਦਾ ਇਕ ਬੜਾ ਭਾਰਾ ਤਜਰਬਾ ਕੀਤਾ ਕਿ ਕੀ ਕੋਈ ਐਸਾ ਸਾਧਨ ਹੈ ਕਿ ਜਿਹਦੇ ਨਾਲ ਮਨੁੱਖ ਪ੍ਰਮੇਸ਼ਰ ਹੋ ਜਾਵੇ। ਰੱਬ ਦਾ ਰੂਪ ਧਾਰ ਲਵੇ। ਹੋਵੇ ਮਨੁੱਖ, ਪ੍ਰਕ੍ਰਿਤੀ 'ਚ ਰਹਿੰਦਾ ਹੋਵੇ, ਪੰਜਾਂ ਤੱਤਾਂ ਦੀ ਦੇਹ ਵਿਚ ਵਸਦਾ ਹੋਵੇ ਤੇ ਕੀ ਇਹ ਐਨੀ ਉਚਤਾ ਤੇ ਪਹੁੰਚ ਸਕਦਾ ਹੈ ਕਿ ਇਹ ਪ੍ਰਮੇਸ਼ਰ ਬਣ ਜਾਵੇ ਤੇ ਗੁਰੂ ਦਾ ਰੂਪ ਬਣ ਜਾਵੇ? ਇਹਦੀ ਜੋ ਬੁਨਿਆਦ ਸੀ ਗੁਰੂ ਨਾਨਕ ਪਾਤਸ਼ਾਹ ਤੋਂ ਹੀ ਰੱਖੀ ਗਈ। ਸੰਸਾਰ ਦੇ ਇਤਿਹਾਸ ਵਿਚ ਕੋਈ ਇਤਿਹਾਸ ਐਸਾ ਨਹੀਂ ਜਿਸ ਥਾਂ ਦੇ ਉਤੇ ਗੁਰੂ ਨੇ ਆਪਣੇ ਤੋਂ ਅਗਲੇ ਉਤਰਾਧਿਆਕਾਰੀ ਨੂੰ ਐਨਾ ਵੱਡਾ ਕਰ ਦਿਤਾ ਹੋਵੇ ਕਿ ਆਪ ਉਹਦੇ ਚਰਨਾਂ 'ਤੇ ਨਮਸ਼ਕਾਰ ਕਰ ਦੇਵੇ। ਗੁਰੂ ਨਾਨਕ ਪਾਤਸ਼ਾਹ ਜਦੋਂ ਅਕਾਲ ਪੁਰਖ ਦੀ ਦਰਗਾਹ 'ਚ ਗਏ ਤਾਂ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਤੂੰ ਅਜੇ ਇਹ ਕੰਮ ਸ਼ੁਰੂ ਨਹੀਂ ਕਰਿਆ ਜਿਸ ਵਾਸਤੇ ਤੈਨੂੰ ਭੇਜਿਆ ਗਿਆ ਸੀ। ਕਹਿਣ ਲੱਗੇ, "ਹੇ ਪ੍ਰਭੂ! ਤੇਰਾ ਇਕ

ਵਿਧਾਨ ਹੈ ਕਿ ਗੁਰੂ ਤੋਂ ਬਗੈਰ ਜੋ ਬੰਦਾ ਹੈ, ਉਹ ਨਿਗੁਰਾ ਰਹਿੰਦਾ ਹੈ। ਸੋ ਸੰਸਾਰ ਦੇ ਅੰਦਰ ਮੈਂ ਕੋਈ ਨਹੀਂ ਦੇਖਿਆ, ਜਿਸ ਦੇ ਅੱਗੇ ਮੈਂ ਸੀਸ ਨਿਵਾ ਦੇਵਾਂ –

*ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ ਅੰਗ – ੯੩੬*

ਸੋ ਮੈਂ ਆਪ ਦੀ ਸੇਵਾ 'ਚ ਹਾਜ਼ਰ ਹੋਇਆ ਹਾਂ। ਕਹਿਣ ਲੱਗੇ, ਹੇ ਨਾਨਕ! ਤੇਰੇ ਤੇ ਮੇਰੇ ਵਿਚ ਤਾਂ ਕੋਈ ਫਰਕ ਨਹੀਂ ਹੈ। ਤੂੰ ਤਾਂ ਮੁੱਢ ਤੋਂ ਹੀ ਗੁਰੂ ਹੈਂ, ਗੁਰੂ ਜੋਤ ਹੈਂ। ਮੈਂ ਪਾਰਬ੍ਰਹਮ ਪ੍ਰਮੇਸ਼ਰ ਹਾਂ ਤੇ ਤੂੰ ਗੁਰੂ ਪ੍ਰਮੇਸ਼ਰ। ਆਪਣੇ ਵਿਚ ਕੋਈ ਭੇਦ ਭਾਵ ਨਹੀਂ ਹੈ, ਤੂੰ ਜਾਹ ਜਾਹ ਕੇ ਧਰਮ ਦਾ ਪੰਥ ਕਾਇਮ ਕਰ। ਦੁਨੀਆਂ ਬਹੁਤ ਗਲਤ ਹੋ ਗਈ, ਕਲਜੁੱਗ ਦਾ ਐਨਾ ਜ਼ੋਰ ਪੈ ਗਿਆ ਕਿ ਧਰਮ ਲੜਖੜਾ ਰਿਹਾ ਹੈ, ਰੋ ਰਿਹਾ ਹੈ, ਪੁਕਾਰਾਂ ਕਰ ਰਿਹਾ ਹੈ, ਧਰਤੀ ਪੁਕਾਰਾਂ ਕਰ ਰਹੀ ਹੈ, ਰੋਂਦੀ ਹੈ, ਆਵਾਜ਼ਾਂ ਆ ਰਹੀਆਂ ਨੇ ਧਰਤੀ ਦੀਆਂ। ਜੀਵ, ਜੰਤੂ ਪਸ਼ੂ, ਮਨੁੱਖ ਸਭ ਰੋ ਰਹੇ ਨੇ ਤੇ ਮੈਂ ਇਹ ਸੰਸਾਰ ਰੋਣ ਵਾਸਤੇ ਨਹੀਂ ਸੀ ਪੈਦਾ ਕਰਿਆ। ਮੈਂ ਤਾਂ ਇਹ ਪਰਮ ਸੁੱਖ ਵਾਸਤੇ ਪੈਦਾ ਕਰਿਆ ਸੀ, ਮੈਂ ਤਾਂ ਆਪਣਾ ਥਾਉਂ ਬਣਾਇਆ ਸੀ–

*ਇਹੁ ਜਗੁ ਸਚੈ ਕੀ ਹੈ ਕੋਠੜੀ*
*ਸਚੇ ਕਾ ਵਿਚਿ ਵਾਸੁ ॥ ਅੰਗ – ੪੬੩*

ਪਰ ਆਹ ਮਨੁੱਖ ਨੇ ਕੀ ਕਰ ਦਿਤਾ ਉਸਨੂੰ ਐਨੇ ਸੁੰਦਰ ਸੰਸਾਰ ਨੂੰ। ਬਾਕੀ ਜਿੰਨੀਆਂ ਜੂਨਾਂ ਬਣਾਈਆਂ ਨੇ, ਉਨ੍ਹਾਂ ਨੇ ਤਾਂ ਮੇਰੀ ਦੁਨੀਆਂ ਨੂੰ ਬਦਸੂਰਤ ਨਹੀਂ ਕਰਿਆ, ਮੱਛੀਆਂ ਨੇ ਨਹੀਂ ਕਰਿਆ, ਦਰਖਤਾਂ ਨੇ ਨਹੀਂ ਕਰਿਆ, ਦਰਿਆਵਾਂ ਨੇ ਨਹੀਂ ਕਰਿਆ। ਪਹਾੜਾਂ ਨੇ ਨਹੀਂ ਕਰਿਆ, ਬਰਫਾਂ ਨੇ ਨਹੀਂ ਕਰਿਆ, ਹਵਾਵਾਂ ਨੇ ਵੀ ਨਹੀਂ ਕਰਿਆ, ਜੇ ਮੇਰੇ ਜਗਤ ਦੇ ਅੰਦਰ ਕੋਹਝਾਪਨ ਲਿਆਂਦਾ ਹੈ, ਹਾਇ ਕੁਰਲਾਹਟ ਲਿਆਂਦੀ ਹੈ, ਹਨ੍ਹੇਰਾ ਪੈਦਾ ਕੀਤਾ ਹੈ ਤਾਂ ਮੈਂ ਜਿਸਨੂੰ ਸਾਰਿਆਂ ਤੋਂ ਸ੍ਰੇਸ਼ਟ ਬਣਾਇਆ ਸੀ, 84 ਲੱਖ ਜੂਨ ਦਾ ਸਰਦਾਰ, ਉਸ ਮਨੁੱਖ ਨੇ ਪੈਦਾ ਕਰ ਦਿਤਾ। ਹੇ ਨਾਨਕ! ਉਹਨੂੰ ਸਮਝਾ ਜਾ ਕੇ, ਮੇਰਾ ਰੂਪ ਦੱਸ। ਪੱਥਰਾਂ ਨੂੰ ਮੱਥੇ ਟੇਕਣ ਲੱਗ ਗਿਆ, ਮੇਰੀਆਂ ਬਣੀਆਂ ਹੋਈਆਂ ਚੀਜ਼ਾਂ ਨੂੰ ਮੱਥੇ ਟੇਕਣ ਲਗ ਗਿਆ ਤੇ ਮੈਨੂੰ ਭੁੱਲ ਗਿਆ। ਦੇਵਤੇ, ਮੈਂ ਸ਼ਕਤੀਆਂ ਬਣਾਈਆਂ ਨੇ ਉਨ੍ਹਾਂ ਨੂੰ ਪੂਜਣ ਲੱਗ ਗਿਆ। ਉਹਨੂੰ ਦੱਸ ਕਿ ਉਦੋਂ ਤੱਕ ਉਹਦੀ ਕਲਿਆਣ ਨਹੀਂ ਹੋਣੀ ਜਦੋਂ ਤੱਕ ਉਹ ਇਕ ਪ੍ਰਭੂ ਨੂੰ ਨਹੀਂ ਮੰਨਦਾ। ਗੁਰੂ ਜੀ ਬੋਲੇ, ਹੇ ਪ੍ਰਭੂ! ਤੇਰਾ ਸਰੂਪ ਤਾਂ ਬੇਅੰਤ ਹੈ, ਇਹਦੀ ਕੀਮਤ ਨਹੀਂ ਪੈ ਸਕਦੀ, ਮੈਂ ਕੀ ਦੱਸਾਂ ਸੰਸਾਰ ਨੂੰ। ਕਹਿੰਦੇ, ਹੇ ਨਾਨਕ! ਮੈਂ ਆਪਣਾ ਸਰੂਪ ਦੱਸਦਾ ਹਾਂ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*

ਹੇ ਨਾਨਕ! ਤੂੰ ਇਸ ਦੇ ਉਪਰ ਆਪਣੀ ਮੋਹਰ ਲਾ। ਮਹਾਰਾਜ ਨੇ ਫੁਰਮਾਇਆ –

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥*

ਹੇ ਨਾਨਕ! ਏਸ ਮੰਤਰ ਨੂੰ, ਏਸ ਸਰੂਪ ਨੂੰ ਜੋ ਹਿਰਦੇ ਵਿਚ ਵਸਾਏਗਾ। ਉਹ ਮੇਰੇ ਵਰਗਾ ਹੋ ਜਾਏਗਾ, ਜੋ ਖਾਸ ਸਚਖੰਡ ਹੈ, ਉਹਦੇ ਵਿਚ ਆ ਕੇ ਉਹਦਾ ਨਿਵਾਸ ਹੋਏਗਾ। ਇਸ ਵਿਚ ਭੋਰਾ ਜਿੰਨਾ ਵੀ ਫਰਕ ਨਹੀਂ ਹੈ। ਜਿਸਦੇ ਹਿਰਦੇ 'ਚ ਮੇਰਾ ਇਹ ਨਿਰਗੁਨ ਸਰੂਪ ਵਸ ਗਿਆ, ਉਹ ਮੇਰੇ ਕੋਲ ਆਏਗਾ ਤੇ ਮੈਂ ਉਹਨੂੰ ਆਪ ਲੈ ਕੇ ਆਵਾਂਗਾ ਤੇ ਉਸਦੇ ਕੰਮ ਮੈਂ ਕਰਾਂਗਾ, ਸੰਸਾਰ ਦੇ ਅੰਦਰ ਸਾਰੇ। ਸੋ ਤੂੰ ਧਰਮ ਦਾ ਪੰਥ ਚਲਾ, ਮਨੁੱਖਾਂ ਨੂੰ ਦੱਸ ਜਾ ਕੇ। ਗੁਰੂ ਜੀ ਨੇ ਫੁਰਮਾਇਆ, ਪਾਤਸ਼ਾਹ! ਤੂੰ ਹਉਮੈ ਪੈਦਾ ਕੀਤੀ ਹੈ ਜਗਤ ਦੇ ਅੰਦਰ। ਜਦੋਂ ਤੂੰ ਇਕ ਮੂਰਤ ਤੋਂ ਅਨੇਕਾਂ ਮੂਰਤਾਂ ਧਾਰਨ ਕਰੀਆਂ ਨੇ, ਵਿਚਾਲੇ ਹਉਮੈ ਦੇ ਪੜਦੇ ਪਾ ਦਿਤੇ। ਉਹ ਕਿਸ ਤਰ੍ਹਾਂ ਦੇ ਨਾਲ ਦੂਰ ਹੋਣਗੇ? ਕਹਿੰਦੇ, ਹੇ ਨਾਨਕ! ਮੈਂ ਤੈਨੂੰ ਆਪਣਾ ਨਾਮ ਦਿੰਦਾ ਹਾਂ, ਨਾਮ ਦਾ ਪਿਆਲਾ, ਦੱਸ ਸੰਸਾਰ ਨੂੰ ਜਾ ਕੇ ਕਿ ਵਾਹਿਗੁਰੂ ਮੰਤਰ ਦਾ ਜਾਪ ਕਰਨ।

***ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥***
***ਭਾਈ ਗੁਰਦਾਸ ਜੀ ਵਾਰ 13/2***

ਲੇਕਿਨ ਇਹ ਵਾਹਿਗੁਰੂ ਮੰਤ੍ਰ ਓਨਾਂ ਚਿਰ ਫਲੀਭੂਤ ਨਹੀਂ ਹੋਣਾ, ਜਦੋਂ ਤੱਕ ਕਿਸੇ ਸਮਰੱਥ ਗੁਰੂ ਦੇ ਮੁਖਾਰਬਿੰਦ ਤੋਂ ਕੰਨਾਂ ਦੇ ਰਾਹੀਂ ਹੁੰਦਾ ਹੋਇਆ ਹਿਰਦੇ 'ਚ ਤੇ ਉਸ ਤੋਂ ਪਲਟ ਕੇ ਦਸਵੇਂ ਦੁਆਰ ਤੱਕ ਨਾ ਪਹੁੰਚੇ, ਉਨਾਂ ਚਿਰ ਹਉਮੈ ਦਾ ਰੋਗ ਕੱਟਿਆ ਨਹੀਂ ਜਾਣਾ। ਜਾਹ ਸੰਸਾਰ ਦੇ ਅੰਦਰ ਜਾ ਕੇ ਭੁੱਲੇ ਭਟਕੇ ਮਨੁੱਖਾਂ ਨੂੰ ਰਸਤੇ ਪਾ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਨੌਂ ਰੂਪ ਧਾਰੇ। ਦੇਹੀ ਬਦਲ ਜਾਂਦੀ ਹੈ, ਰਹਿੰਦੀ ਗੁਰੂ ਜੋਤ ਓਹੀ ਹੈ। ਸਰੀਰ ਬਦਲਦੇ–ਬਦਲਦੇ ਅੱਜ ਦਸਵੇਂ ਜਾਮੇ ਤੱਕ ਪਹੁੰਚ ਗਏ ਤੇ ਹੁਣ ਸਮਾਂ ਆਇਆ ਕਿ ਗੁਰੂ ਜੋਤ ਨੇ ਪਰੀਪੂਰਨ ਹੋ ਜਾਣਾ ਹੈ, ਨਿਰਗੁਣ ਸਰੂਪ ਦੇ ਅੰਦਰ। ਉਸ ਵੇਲੇ ਇਕ ਜ਼ਿੰਮੇਵਾਰੀ ਸੰਭਾਲਣੀ ਸੀ। ਉਹ ਸੀ ਕਿ ਕਿਸ ਤਰ੍ਹਾਂ ਦੇ ਨਾਲ ਆਮ ਪੱਧਰ ਦੇ ਮਨੁੱਖ, ਦੂਸਰੇ ਦੇ ਅੰਦਰ ਏਸ ਮੰਤਰ ਦਾ ਪ੍ਰਵੇਸ਼ ਕਰਾ ਸਕਣ।

ਸੋ ਅੱਜ ਆਪ ਏਸ ਗੱਲ ਨੂੰ ਸਮਝਣ ਵਾਸਤੇ ਆਏ ਓਂ, ਪਹਿਲਾਂ ਇਹ ਸਮਝਣ ਦਾ ਯਤਨ ਕਰੋ, ਜਿਸਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ, ਇਹ ਹੁੰਦਾ ਕੀ ਹੈ? ਉਹ ਕਿੱਥੋ ਮਿਲਦਾ ਹੈ? ਕੋਈ ਹੈ ਤਰੀਕਾ? ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਸਾਰੇ ਪੜ੍ਹ ਲਓ–

***ਧਾਰਨਾ – ਉਹ ਅੰਮ੍ਰਿਤ ਗੁਰਾਂ ਤੋਂ ਮਿਲਦੈ,***
***ਜਿਹਨੂੰ ਲੋਚਣ ਦੇਵਤੇ।***

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ*
*ਸਚਾ ਮਨਿ ਵਸਾਇਆ ॥* *ਅੰਗ - ੯੧੮*

ਗੁਰੂ ਨੇ ਕ੍ਰਿਪਾ ਕਰ ਦਿਤੀ ਤੇ ਜਦੋਂ ਕ੍ਰਿਪਾ ਹੋਈ ਤਾਂ ਸੱਚਾ ਵਾਹਿਗੁਰੂ ਮਨ ਦੇ ਅੰਦਰ ਵਸ ਗਿਆ।

*ਜੀਅ ਜੰਤ ਸਭਿ ਤੁਧੁ ਉਪਾਏ*
*ਇਕਿ ਵੇਖਿ ਪਰਸਣਿ ਆਇਆ ॥* *ਅੰਗ - ੯੧੮*

ਜਦੋਂ ਅੰਮ੍ਰਿਤ ਛਕ ਲਿਆ, ਫੇਰ ਕੋਈ ਪਰਿਵਰਤਨ ਹੋਇਆ ਕਿ ਉਹੋ ਜਿਹਾ ਹੀ ਬੰਦਾ ਰਿਹਾ? ਆਹ ਜਿਹੜੇ ਹੁੰਦੇ ਨੇ ਭੇਡਾਂ ਚਾਰਨ ਵਾਲੇ, ਜਦੋਂ ਇਹ ਇਕੱਠੇ ਹੋ ਕੇ ਪਹਾੜਾਂ ਤੇ ਜਾਂਦੇ ਨੇ ਤਾਂ ਹਜ਼ਾਰ-ਹਜ਼ਾਰ ਭੇਡ ਹੁੰਦੀ ਹੈ, ਦੋ-ਦੋ ਹਜ਼ਾਰ ਇਨ੍ਹਾਂ ਦੀ। ਆਮ ਤਾਂ ਪਛਾਣ ਨਹੀਂ ਹੁੰਦੀ, ਇਹ ਫੇਰ ਉਨ੍ਹਾਂ ਭੇਡਾਂ ਤੇ ਰੰਗ ਪਾ ਦਿੰਦੇ ਨੇ, ਕੋਈ ਪੀਲਾ ਪਾ ਦਿੰਦਾ ਹੈ, ਕੋਈ ਹਰਾ ਪਾ ਦਿੰਦਾ ਹੈ, ਕੋਈ ਕਾਸ਼ਨੀ ਪਾ ਦਿੰਦਾ ਹੈ, ਕੋਈ ਜਾਮਣੂ ਪਾ ਦਿੰਦਾ ਹੈ, ਕੋਈ ਨੀਲਾ ਪਾ ਦਿੰਦਾ ਹੈ, ਕੋਈ ਕਾਲਾ ਪਾ ਦਿੰਦਾ ਹੈ। ਰੰਗ ਤਾਂ ਪੈ ਜਾਂਦਾ ਹੈ ਭੇਡਾਂ ਦੇ ਉਤੇ, ਲੇਕਿਨ ਮੈਂ-ਮੈਂ ਉਹੀ, ਸਾਰੀ ਗੱਲ ਓਹੀ। ਉਹੀ ਰਹਿੰਦੀ ਹੈ ਸਾਰੀ ਚੀਜ਼। ਫੇਰ ਜੇ ਅੰਮ੍ਰਿਤ ਛਕ ਲਿਆ ਪਰ ਜੇ ਬੰਦਾ ਓਹੋ ਜਿਹਾ ਹੀ ਰਹਿੰਦਾ ਹੈ, ਫੇਰ ਤਾਂ ਇਕ ਵਾਧੂ ਦਾ ਬੋਝ ਹੋ ਗਿਆ, ਆਪਣੇ ਆਪ ਨੂੰ ਬੰਧਨ 'ਚ ਪਾ ਲਿਆ। ਜੇ ਬੰਦੇ ਨੇ ਬਦਲਣਾ ਹੀ ਨਹੀਂ ਹੈ, ਓਹੀ ਲੋਭ ਹੈ, ਓਹੀ ਕ੍ਰੋਧ ਹੈ, ਓਹੀ ਹੰਕਾਰ ਹੈ, ਓਹੀ ਮੋਹ ਹੈ, ਓਹੀ ਤ੍ਰਿਸ਼ਨਾ ਹੈ, ਉਹ ਈਰਖਾ ਹੈ, ਤਾਂ ਭੇਡਾਂ ਤੇ ਰੰਗ ਪਾਉਣ ਵਾਲੀ ਗੱਲ ਹੋ ਗਈ। ਜੇ ਬੰਦਾ ਬਦਲ ਜਾਵੇ, ਕਾਇਆ ਕਲਪ ਹੋ ਜਾਵੇ, ਫੇਰ ਫਾਇਦਾ ਹੈ। ਮਹਾਰਾਜ ਕਹਿੰਦੇ ਜਦੋਂ ਅੰਮ੍ਰਿਤ ਮਿਲ ਜਾਂਦਾ ਹੈ, ਫੇਰ ਕੀ ਹੁੰਦਾ ਹੈ -

*ਲਬੁ ਲੋਭੁ ਅਹੰਕਾਰੁ ਚੁਕਾ ਸਤਿਗੁਰੂ ਭਲਾ ਭਾਇਆ॥*
*ਕਹੈ ਨਾਨਕੁ ਜਿਸ ਨੋ ਆਪਿ ਤੁਠਾ*
*ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

ਚੀਜ਼ਾਂ ਜੋੜੀ ਜਾਣੀਆਂ ਇਹਨੂੰ ਲਭ (ਲਾਲਚ) ਕਹਿੰਦੇ ਨੇ, ਵਰਤੋਂ 'ਚ ਆਉਂਦੀਆਂ ਨਹੀਂ, ਲਿਆ-ਲਿਆ ਜਮ੍ਹਾਂ ਕਰੀ ਜਾਣੇ, ਟਰੰਕ ਭਰੀ ਜਾਣੇ। ਬਹੁਤ ਸਾਰੇ ਐਸੇ ਦੇਖੇ ਨੇ, ਬੀਬੀਆਂ ਖਾਸ ਕਰਕੇ, ਸੰਦੂਕ ਭਰ ਲੈਂਦੀਆਂ ਨੇ, ਦਾਦੀ ਦੇ ਵੀ ਕੱਪੜੇ ਪਏ ਨੇ, ਸੱਸ ਦੇ ਵੀ ਪਏ ਨੇ, ਆਪ ਦੇ ਵੀ ਪਏ ਨੇ, ਪਤਾ ਨਹੀਂ ਉਨ੍ਹਾਂ ਦਾ ਕੀ ਕਰਨਾ ਹੈ, ਬਾਹਰ ਨਹੀਂ ਕੱਢਣਾ, ਉਨ੍ਹਾਂ ਨੂੰ ਵਰਤੋਂ 'ਚ ਨਹੀਂ ਲਿਆਉਣਾ। ਉਹਨੂੰ ਲਭ ਕਹਿੰਦੇ ਨੇ, ਲੋੜ ਤੋਂ ਜ਼ਿਆਦਾ ਚੀਜ਼ ਜਮ੍ਹਾਂ ਕਰ ਲੈਣੀ। ਲੋਭ ਹੁੰਦਾ ਹੈ ਚੀਜ਼ਾਂ ਹਾਸਲ ਕਰਨ ਦਾ ਹਰ ਵਕਤ ਫੁਰਨਾ ਰਹਿਣਾ ਕਿ ਹੋਰ ਮਿਲੇ, ਹੋਰ ਮਿਲੇ। ਅਭਿਮਾਨ ਜਿਹੜਾ ਹੈ ਆਦਮੀ ਦੇ ਅੰਦਰ, ਮੈਂ, ਹੰਗਤਾ ਤੇ ਮਮਤਾ ਜਿਹਦੇ ਕਰਕੇ ਅਸੀਂ 84 ਦੇ ਚੱਕਰ 'ਚ ਘੁੰਮਦੇ ਹਾਂ। ਮੋਹ - ਆਪਣੇ ਪਰਿਵਾਰ ਦਾ ਮੋਹ ਕਰਨਾ, ਬੱਚਿਆਂ ਦਾ ਮੋਹ ਕਰਨਾ, ਮੋਹ ਦੇ ਵਿਚ ਪ੍ਰਮੇਸ਼ਰ ਨੂੰ ਭੁੱਲ ਜਾਣਾ। ਸੋ ਇਹ ਸਾਰੀਆਂ ਚੀਜ਼ਾਂ - ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ, ਮਹਾਰਾਜ ਕਹਿੰਦੇ ਇਹ ਤਾਂ ਜਦੋਂ ਅੰਮ੍ਰਿਤ ਦਾ ਪ੍ਰਵੇਸ਼ ਹਿਰਦੇ 'ਚ ਹੋ ਜਾਂਦਾ ਹੈ, ਓਸ ਵੇਲੇ ਇਹ ਖਤਮ ਹੋ ਜਾਂਦੀਆਂ ਨੇ -

*ਲਬੁ ਲੋਭੁ ਅਹੰਕਾਰੁ ਚੁਕਾ ਸਤਿਗੁਰੂ ਭਲਾ ਭਾਇਆ॥*
*ਅੰਗ - ੯੧੮*

ਦੂਸਰੀ ਗੱਲ ਕੀ ਹੁੰਦੀ ਹੈ ਸਤਿਗੁਰੂ ਦੀ ਦ੍ਰਿਸ਼ਟੀ ਹੋ ਜਾਂਦੀ ਹੈ ਉਹਦੇ ਉਤੇ। ਉਹ ਭਾਅ ਗਿਆ ਗੁਰੂ ਨੂੰ, ਤੇ ਭਲਾ ਭਾਇਆ।

*ਕਹੈ ਨਾਨਕੁ ਜਿਸ ਨੋ ਆਪਿ ਤੁਠਾ.........॥* *ਅੰਗ - ੯੧੮*

ਇਹ ਅੰਮ੍ਰਿਤ ਹਰੇਕ ਨੂੰ ਤਾਂ ਮਿਲਦਾ ਨਹੀਂ, ਜਿਹਦੇ ਉਤੇ ਵਾਹਿਗੁਰੂ ਦਇਆਲ ਹੋ ਜਾਵੇ -

*.......ਤਿਨਿ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - ੯੧੮*

***ਧਾਰਨਾ - ਜਿਹਦੇ ਮਸਤਕਿ ਹੋਵੇ ਲਿਖਿਆ,***
***ਅੰਮ੍ਰਿਤ ਪੀਵੈ ਰੰਗ ਸਿਉਂ।***

'ਰੰਗ' ਕਹਿੰਦੇ ਨੇ ਪਿਆਰ ਨੂੰ। ਪਿਆਰ ਦੇ ਨਾਲ ਉਹ ਅੰਮ੍ਰਿਤ ਪੀਂਦਾ ਹੈ।

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥*
*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥*
*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥*
*ਤਿਨ੍ਹੀ ਪੀਤਾ ਰੰਗ ਸਿਉ ਜਿਨ੍ਹ ਕਉ ਲਿਖਿਆ ਆਦਿ ॥*
*ਅੰਗ - ੧੨੩੯*

ਕਿੱਡੀ ਵੱਡੀ ਮਹਾਰਾਜ ਨੇ ਸੇਧ ਦਿਤੀ ਸਾਨੂੰ ਕਿ ਅੰਮ੍ਰਿਤ ਓਹੀ ਪੀਂਦਾ ਹੈ ਜਿਹਦੇ ਮੱਥੇ ਵਿਚ ਲੇਖ ਲਿਖਿਆ ਹੋਵੇ। ਜਦੋਂ ਪੈਦਾ ਹੋਇਆ ਉਸ ਵੇਲੇ ਹੀ ਉਹਦੇ ਮਸਤਕ ਦੇ ਉਤੇ ਲੇਖ ਹੋ ਗਿਆ। ਫੇਰ ਇਹ ਹੁੰਦਾ ਹੈ ਕਿ ਅਸੀਂ ਤਾਂ ਇਥੇ ਸਾਰੇ ਹੀ ਪੀਈ ਜਾਂਦੇ ਹਾਂ ਅੰਮ੍ਰਿਤ, ਛਕੀ ਜਾਂਦੇ ਹਾਂ ਸਾਰੇ। ਫੇਰ ਕੋਈ ਗੱਲ ਹੋਰ ਹੈ, ਇਹਦੇ ਵਿਚ ਭੇਤ ਹੋਰ ਹੈ। ਉਹ ਗੱਲ ਸਾਨੂੰ ਸਮਝਣੀ ਚਾਹੀਦੀ ਹੈ। ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਗੱਲ ਸਮਝੋ ਪ੍ਰੇਮੀਓ!

***ਧਾਰਨਾ - ਸੁਣ ਮੇਰੇ ਮਨਾ***
***ਅੰਮ੍ਰਿਤ ਹਰਿ ਹਰਿ ਨਾਮ ਹੈ।***

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥* *ਅੰਗ - ੫੩੮*

ਮਹਾਰਾਜ ਨੇ ਗੱਲ ਸਮਝਾ ਦਿਤੀ ਕਿ ਐਵੇਂ ਭੁਲੇਖਿਆਂ

'ਚ ਨਾ ਪਵੋ, ਪਹਿਲਾਂ ਅੰਮ੍ਰਿਤ ਨੂੰ ਸਮਝ ਲਵੋ ਕਿ ਅੰਮ੍ਰਿਤ ਹੈ ਕੀ ਚੀਜ਼। ਮਹਾਰਾਜ ਕਹਿੰਦੇ, ਅੰਮ੍ਰਿਤ ਜਿਹੜਾ ਹੈ, ਉਹ ਪ੍ਰਮੇਸ਼ਰ ਦਾ ਨਾਮ ਹੈ। ਮਿਲਦਾ ਕਿੱਥੋਂ ਹੈ? ਕਹਿੰਦੇ ਗੁਰੂ ਦੀ ਮੱਤ ਧਾਰਨ ਕਰਕੇ ਮਿਲਦਾ ਹੈ। ਕੰਮ ਕੀ ਕਰਦਾ ਹੈ? ਕਹਿੰਦੇ, ਹਉਮੈ ਤੇ ਮਾਇਆ ਦੀ ਵਿਹੁ ਚੜ੍ਹੀ ਹੋਈ ਹੈ ਮਨੁੱਖ ਨੂੰ ਤੇ ਵਿਹੁ ਚੜ੍ਹੇ ਹੋਏ ਆਪਣੀ ਹੋਸ਼-ਹਵਾਸ਼ ਗਵਾਈ ਬੈਠਾ ਹੈ। ਕਹਿੰਦੇ, ਜਦੋਂ ਅੰਮ੍ਰਿਤ ਇਹਦੇ ਅੰਦਰ ਪ੍ਰਗਟ ਹੋ ਜਾਏਗਾ, ਓਸ ਵੇਲੇ ਦੋਵੇਂ ਜ਼ਹਿਰਾਂ ਲਹਿ ਜਾਣਗੀਆਂ। ਹਉਮੈ ਦੀ ਜ਼ਹਿਰ ਲਹਿ ਜਾਏਗੀ ਤੇ ਮਾਇਆ ਦੀ ਵੀ ਲਹਿ ਜਾਏਗੀ। ਆਹ ਤਾਂ ਬਹੁਤ ਔਖੀ ਗੱਲ ਕਹਿ ਦਿਤੀ ਮਹਾਰਾਜ ਨੇ। ਬੁਝਾਰਤ ਪਾ ਦਿਤੀ ਸਾਨੂੰ ਇਕ ਜ਼ਬਰਦਸਤ। ਬਈ ਗੱਲ ਕੀ ਹੋਈ, ਨਾਮ ਕਿੱਥੇ ਹੋਇਆ? ਮਹਾਰਾਜ ਕਹਿੰਦੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਆਹ ਜਿਹੜਾ ਸਰੀਰ ਲਈ ਫਿਰਦੇ ਹਾਂ ਨਾ ਪੰਜ ਤੱਤ ਦਾ ਆਪਾਂ, ਸੁਣਦੇ ਸੀਗੇ ਅੱਗੇ ਕਿ ਰਾਵਣ ਕੋਲ ਅੰਮ੍ਰਿਤ ਸੀ, ਰਾਮਚੰਦਰ ਤੀਰ ਮਾਰੀ ਗਏ, ਰਾਵਣ ਮਰਿਆ ਹੀ ਨਾ। ਅਖੀਰ ਭਬੀਖਣ ਨੇ ਦੱਸ ਦਿਤਾ ਕਿ ਹੇ ਪ੍ਰਭੂ! ਇਹਦੇ ਕੋਲ ਅੰਮ੍ਰਿਤ ਦਾ ਕੁੰਡ ਹੈ, ਇਹਨੇ ਪ੍ਰਗਟ ਕਰ ਲਿਆ ਅੰਦਰ ਅੰਮ੍ਰਿਤ ਦਾ ਕੁੰਡ। ਜਦੋਂ ਤੱਕ ਉਹ ,ਅੰਮ੍ਰਿਤ ਦਾ ਕੁੰਡ ਨਹੀਂ ਤਬਾਹ ਹੁੰਦਾ, ਓਨੀਂ ਦੇਰ ਤੱਕ ਇਹਨੇ ਮਰਨਾ ਨਹੀਂ ਹੈ। ਆਦਮੀ ਹੈਰਾਨ ਹੁੰਦਾ ਹੈ ਕਿ ਉਹਦੇ ਕੋਲ ਅੰਮ੍ਰਿਤ ਦਾ ਕੁੰਡ ਕਿੱਥੇ ਰੱਖਿਆ ਹੋਇਆ ਸੀ? ਮਹਾਰਾਜ ਕਹਿੰਦੇ, ਉਹਦੇ ਕੋਲ ਹੀ ਨਹੀਂ, ਤੁਹਾਡੇ ਸਾਰਿਆਂ ਕੋਲ ਹੈ ਅੰਮ੍ਰਿਤ ਦਾ ਕੁੰਡ ਹੈ। ਜਿਹਦੇ ਕੋਲ ਇਹ ਪ੍ਰਗਟ ਹੋ ਗਿਆ, ਉਹ ਦੁਬਾਰਾ ਨਹੀਂ ਮਰਿਆ ਕਰਦਾ।

ਮਰਦਾ ਨਹੀਂ ਹੈ ਕਦੇ ਵੀ ਮੁੜ ਕੇ, ਕਿਉਂਕਿ ਅੰਮ੍ਰਿਤ ਦੀ ਇਹ ਨਿਸ਼ਾਨੀ ਹੈ ਕਿ ਮੌਤ ਦੇ ਉਤੇ ਫਤਹਿ ਕਰਕੇ ਅੰਮ੍ਰਿਤ ਬਣ ਜਾਂਦਾ ਹੈ। ਨਾ ਮਰਨ ਵਾਲਾ ਬੰਦਾ। ਸੋ ਮਹਾਰਾਜ ਨੇ ਦੱਸ ਦਿਤਾ ਕਿ ਭਾਈ ਹੈ ਤੇਰੇ ਅੰਦਰ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - ੨੯੩*

ਆਹ ਪੰਜ ਤੱਤਾਂ ਦੀ ਦੇਹੀ ਦੇ ਵਿਚ ਅੰਮ੍ਰਿਤ ਪਿਆ ਹੈ। ਨਿਸ਼ਾਨੀ ਹੈ ਮਹਾਰਾਜ ਕੋਈ? ਮਹਾਰਾਜ ਕਹਿੰਦੇ ਹਾਂ, ਉਥੇ ਜਦੋਂ ਅੰਮ੍ਰਿਤ ਪ੍ਰਗਟ ਹੋਣਾ ਹੈ, ਫੇਰ ਫੁਰਨਾ ਹਟ ਜਾਣਾ ਹੈ, ਕੋਈ ਫੁਰਨਾ ਨਹੀਂ, ਕੋਈ ਕਲਪਨਾ ਨਹੀਂ ਆਉਣੀ। ਸਾਰੀ ਦੁਨੀਆਂ ਦੇ ਝਗੜੇ ਖਤਮ ਹੋ ਜਾਣੇ ਨੇ।

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਐਨਾ ਅਨੰਦ ਆਉਣਾ ਹੈ ਜਿਹੜਾ ਦੱਸ ਨਹੀਂ ਸਕਿਆ ਜਾਣਾ। ਜਿਨ੍ਹਾਂ ਨੂੰ ਇਸ ਗੱਲ ਦਾ ਸ਼ੌਕ ਹੈ ਕਿ ਅੰਮ੍ਰਿਤ ਕਿਵੇਂ ਪ੍ਰਗਟ ਕਰੀਏ, ਉਹ ਤਰੀਕਾ ਗੁਰੂ ਦਸ਼ਮੇਸ਼ ਪਿਤਾ ਨੇ ਸਾਡੇ ਵਾਸਤੇ ਲਿਆਂਦਾ ਕਿ ਅੰਮ੍ਰਿਤ ਅਸੀਂ ਕਿਵੇਂ ਅੰਦਰੋਂ ਕੱਢ ਸਕਦੇ ਹਾਂ। ਮਹਾਰਾਜ ਕਹਿੰਦੇ ਅੰਦਰ ਖੂਹ ਭਰਿਆ ਹੋਇਆ ਹੈ ਅੰਮ੍ਰਿਤ ਦਾ, ਉਹ ਕੱਢ-ਕੱਢ ਕੇ ਜਿਵੇਂ ਪਾਣੀ ਕੱਢਣ ਵਾਲੀ ਡੋਲ ਪਾਉਂਦੀ ਹੈ ਲੱਜ ਦੇ ਨਾਲ ਖਿੱਚੀ ਜਾਂਦੀ ਹੈ ਤੇ ਪਾਣੀ ਪੀ ਕੇ ਪਿਆਸ ਬੁਝਾਉਂਦੀ ਹੈ। ਇਸੇ ਤਰ੍ਹਾਂ ਇਕ ਤਰੀਕਾ ਦੱਸਿਆ ਹੈ ਮਹਾਰਾਜ ਨੇ ਕਿ ਇਕ ਜੁਗਤ ਹੈਗੀ ਜਦੋਂ ਤੱਕ ਉਹ ਜੁਗਤ ਨਹੀਂ ਵਰਤਦੇ, ਓਨੀਂ ਦੇਰ ਤੱਕ ਉਹ ਅੰਮ੍ਰਿਤ ਪ੍ਰਗਟ ਨਹੀਂ ਹੁੰਦਾ। ਆਪਾਂ ਓਸ ਜੁਗਤ ਦਾ ਜ਼ਿਕਰ ਕਰਨਾ ਹੈ। ਸੋ ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਦੇ ਦਿਨ ਇਹ ਜੁਗਤ ਖਾਲਸੇ ਨੂੰ ਦੱਸੀ।

ਵਿਸਾਖੀ ਜਿਹੜੀ ਹੈ, ਸਾਧਸੰਗਤ ਜੀ! ਇਹ ਸ਼ੁਰੂ ਤੋਂ ਹੀ ਬਹੁਤ ਵੱਡਾ ਤਿਉਹਾਰ ਚਲਿਆ ਆ ਰਿਹਾ ਹੈ। ਫਸਲਾਂ ਦਾ ਤਿਉਹਾਰ ਤਾਂ ਇਹ ਹੈਗਾ ਹੀ ਹੈਗਾ, ਕਿਸਾਨ ਦਾ ਪਿਛਲਾ ਸਾਲ ਖਤਮ ਹੋ ਗਿਆ ਕੱਲ੍ਹ, ਅੱਜ ਨਵਾਂ ਸਾਲ ਚਲਿਆ ਹੈ। ਜੋਤਸ਼ੀਆਂ ਦੇ ਹਿਸਾਬ ਨਾਲ ਸਾਲ ਲੱਗੇ ਨੂੰ ਮਹੀਨਾ ਹੋ ਗਿਆ। ਅੰਗ੍ਰੇਜ਼ਾਂ ਦਾ ਸਾਲ 31 ਦਿਸੰਬਰ ਨੂੰ ਖਤਮ ਹੋ ਗਿਆ। ਵਪਾਰੀਆਂ ਦਾ ਸਾਲ 31 ਮਾਰਚ ਨੂੰ ਖਤਮ ਹੋ ਗਿਆ। ਕਿਸਾਨ ਦਾ ਸਾਲ ਜਿਹੜਾ ਹੈ ਉਹ ਕੱਲ੍ਹ ਖਤਮ ਹੋ ਗਿਆ, ਅੱਜ ਨਵਾਂ ਸਾਲ ਸ਼ੁਰੂ ਹੋਇਆ ਹੈ। ਅੱਜ ਤੋਂ ਉਹਦੇ ਘਰ 'ਚ ਬਰਕਤਾਂ ਪੈਣੀਆਂ ਸ਼ੁਰੂ ਹੋਣੀਆਂ ਨੇ।

ਗੁਰੂ ਨਾਨਕ ਪਾਤਸ਼ਾਹ ਜਦੋਂ ਸੰਸਾਰ ਦਾ ਉਧਾਰ ਕਰਨ ਵਾਸਤੇ ਪਹਿਲੀ ਉਦਾਸੀ ਦੇ ਵਾਸਤੇ ਚੱਲੇ ਨੇ, ਦੇਖੋ ਕਿਹੋ ਜਿਹੀ ਗੱਲ ਹੈ ਕਿ ਉਸ ਦਿਨ ਵਿਸਾਖੀ ਸੀ, ਅੱਜ ਦਾ ਹੀ ਦਿਨ। ਗੁਰੂ ਨਾਨਕ ਪਾਤਸ਼ਾਹ ਅੱਜ ਦੇ ਦਿਨ ਚੱਲੇ ਸੰਸਾਰ ਦਾ ਉਧਾਰ ਕਰਨ ਵਾਸਤੇ।

***ਚੜ੍ਹਿਆ ਸੋਧਣਿ ਧਰਤਿ ਲੁਕਾਈ॥***
***ਭਾਈ ਗੁਰਦਾਸ ਜੀ, ਵਾਰ 1/24***

ਵਿਸਾਖੀ ਵਾਲੇ ਦਿਨ ਬਉਲੀ ਸਾਹਿਬ ਲਗਵਾਈ, ਮਹਾਰਾਜ ਗੁਰੂ ਤੀਸਰੇ ਪਾਤਸ਼ਾਹ ਨੇ, ਏਸ ਕਰਕੇ ਕਿ ਛੂਤ-ਛਾਤ ਦੀ ਜੋ ਬਿਮਾਰੀ ਹੈ, ਉਹ ਕੱਢ ਦਿਤੀ ਜਾਵੇ ਤੇ ਸਭ ਇਕ ਥਾਉਂ ਇਸ਼ਨਾਨ ਕਰਨ। ਇਕ ਖੂਹ ਦਾ ਸਾਰੇ ਪਾਣੀ ਪੀਣ। ਉਹਦਾ ਕੜ੍ਹ ਨਹੀਂ ਸੀ ਟੁੱਟਦਾ। ਅੱਜ ਦੇ ਦਿਨ ਬਉਲੀ ਦਾ ਕੜ੍ਹ ਟੁੱਟਿਆ, ਗੋਇੰਦਵਾਲ ਸਾਹਿਬ। ਅੱਜ ਦਾ ਦਿਨ ਫੇਰ ਮੁਬਾਰਕ ਹੋਇਆ, ਪਿਛੇ ਮੈਂ ਦੱਸਿਆ ਸੀ ਕਿ ਇਕ ਬੀਬੀ ਜਿਸਨੂੰ ਕਿ ਇਕ ਪਿੰਗਲੇ ਦੇ ਨਾਲ ਵਿਆਹ ਦਿਤਾ ਸੀ ਤੇ ਉਹ ਉਸਨੂੰ ਅੰਮ੍ਰਿਤਸਰ ਵਿਖੇ ਸ੍ਰੀ ਦਰਬਾਰ

ਸਾਹਿਬ ਵਾਲੀ ਥਾਂ ਲੈ ਆਈ, ਉਥੇ ਦੁਖਭੰਜਨੀ ਬੇਰੀ ਦੇ ਹੇਠਾਂ ਉਸ ਨੇ ਇਸ਼ਨਾਨ ਕਰਿਆ ਤੇ ਇਕ ਮਹਾਨ ਤੀਰਥ ਦੁਨੀਆਂ ਦਾ ਅੱਜ ਦੇ ਦਿਨ ਪ੍ਰਗਟ ਹੋਇਆ। ਜਿਹਨੂੰ ਅੰਮ੍ਰਿਤਸਰ ਕਹਿ ਕੇ ਆਪਾਂ ਸਤਿਕਾਰਦੇ ਹਾਂ। ਅੱਜ ਦਾ ਦਿਨ ਹੋਰ ਵੱਡਾ ਹੈ, ਇਸ ਕਰਕੇ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਆਪ ਨੇ ਅੱਜ ਦੇ ਦਿਨ ਇਕ ਸਵਾਲ ਪਾਇਆ ਸਿੱਖਾਂ ਦੇ ਅੱਗੇ। ਪਹਿਲਾਂ ਗੱਦੀ ਦਿਤੀ ਜਾਂਦੀ ਸੀ, ਮਸਤਕ ਨਿਵਾਇਆ ਜਾਂਦਾ ਸੀ। ਲੇਕਿਨ ਅੱਜ ਕੌਮ ਐਨੀ ਉਚੀ ਹੋ ਗਈ ਕਿ ਉਹ ਆਪ ਫੈਸਲਾ ਕਰਨ ਕਿ ਗੁਰੂ ਕਿਹੜਾ ਹੈ ਤਾਂ ਕਿ ਉਹ ਭੇਖੀ ਗੁਰੂਆਂ ਦੇ ਪਾਖੰਡੀ ਗੁਰੂਆਂ ਦੇ ਧੱਕੇ ਨਾ ਚੜ੍ਹ ਸਕਣ। ਉਸ ਵੇਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਨੇ ਅੱਜ ਦੇ ਦਿਨ ਕਿਹਾ ਕਿ ਬਾਬਾ ਬਕਾਲੇ ਅਰਥਾਤ ਜਿਹਨੇ ਗੁਰੂ ਬਣਨਾ ਹੈ ਉਹ ਬਕਾਲੇ ਬੈਠੇ ਨੇ। ਟੋਲ੍ਹਣ ਚਲੇ ਗਏ, ਅੱਗੇ 22 ਬੈਠੇ ਨੇ ਹੋਰ। ਕਿਵੇਂ ਟੋਲਣ? ਅਖੀਰ ਮੱਖਣ ਸ਼ਾਹ ਲੁਬਾਣੇ ਟੋਲ੍ਹ ਲਿਆ, ਪਰਖ ਲਿਆ ਕਿ ਗੁਰੂ ਦੀ ਜੋ ਪਰਖ ਹੁੰਦੀ ਹੈ ਉਹ ਆਹ ਹੁੰਦੀ ਹੈ ਤੇ ਅੱਜ ਦਾ ਹੀ ਮੁਬਾਰਕ ਦਿਨ ਹੈ ਕਿ ਅੱਜ ਦੇ ਦਿਨ ਇਕ ਮਨੁੱਖ ਦਾ ਆਦਰਸ਼ ਸਿਖਰ ਦੇ ਲਿਜਾ ਕੇ ਗੁਰੂ ਦਸ਼ਮੇਸ਼ ਪਿਤਾ ਨੇ ਪ੍ਰਗਟ ਕਰ ਦਿਤਾ। ਉਸ ਤੋਂ ਪਹਿਲਾਂ ਗੁਰੂ ਮਹਾਰਾਜ ਨੇ ਬੜਾ ਸਮਾਂ 11 ਮਹੀਨੇ ਦੇ ਕਰੀਬ ਇਕਾਂਤ ਵਾਸ ਕੀਤਾ। ਆਪ ਜਿਸ ਵਕਤ ਪਹਾੜ ਤੋਂ ਉਤਰ ਕੇ ਆਏ, ਐਸਾ ਲਿਖਿਆ ਹੋਇਆ ਮਿਲਦਾ ਹੈ ਕਿ ਆਪ ਨੇ ਸ੍ਰੀ ਸਾਹਿਬ ਕੱਢੀ ਹੋਈ ਹੈ। ਹੌਲੀ ਨਹੀਂ ਆ ਰਹੇ, ਦੌੜੇ ਆ ਰਹੇ ਨੇ। ਛੇਤੀ ਆ ਰਹੇ ਨੇ। ਸਾਰੇ ਹੈਰਾਨ ਨੇ ਕੋਈ ਪੁੱਛ ਨਹੀਂ ਸਕਦਾ, ਤੇਜ ਐਨਾ ਵਧਿਆ ਹੋਇਆ ਹੈ ਕਿ ਕੋਈ ਨੇੜੇ ਨਹੀਂ ਲਗਦਾ ਗੁਰੂ ਦਸ਼ਮੇਸ਼ ਪਿਤਾ ਦੇ, ਤੇ ਉਥੇ ਆ ਕੇ ਆਪ ਨੇ ਹੁਕਮਨਾਮੇ ਲਿਖਾਏ ਕਿ ਵਿਸਾਖੀ ਤੋਂ ਪਹਿਲਾਂ ਹੌਲੇ-ਮਹੱਲੇ ਦੇ ਉਤੇ, ਕੋਈ ਪੱਗ ਬੰਨ੍ਹ ਘਰ ਨਾ ਰਹੇ, ਸਭ ਇਕੱਠੇ ਹੋਣ ਇਥੇ ਆ ਕੇ। ਉਸ ਵੇਲੇ ਬੜਾ ਭਾਰੀ ਇਕੱਠ ਹੋਇਆ ਤੇ ਐਨੀ ਪ੍ਰਸੰਨਤਾ ਹੋਈ ਕਿ ਮਹਾਰਾਜ ਨੇ ਇਕ ਆਦਰਸ਼ ਪ੍ਰਗਟ ਕਰਨਾ ਹੈ, ਆਪ ਨੇ ਇਕ ਮਹਾਨ ਯੱਗ ਕੀਤਾ। ਉਸ ਯੱਗ ਦੇ ਅੰਦਰ ਜੋ ਪਹਿਲਾਂ ਰਿਵਾਜ ਤੁਰੇ ਆਉਂਦੇ ਸੀ, ਉਹ ਸਾਰੇ ਤੋੜ ਦਿਤੇ। ਕਵੀ ਸੈਨਾਪਤੀ ਕਹਿੰਦੇ ਨੇ ਕਿ ਗੁਰੂ ਦਸ਼ਮੇਸ਼ ਪਿਤਾ ਸੰਸਾਰ 'ਤੇ ਆਏ ਕਿਉਂ ਸੀ? ਕਿਉਂਕਿ ਉਨ੍ਹਾਂ ਨੇ ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰਨਾ ਸੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਆਏ ਦਸ਼ਮੇਸ਼ ਜੀ,***
***ਸੰਕਟ ਨਿਵਾਰਨੇ ਨੂੰ।***

ਸੰਕਟ ਜੋ ਸੰਸਾਰ ਦੇ ਉਤੇ ਆਇਆ ਹੋਇਆ ਸੀ ਉਹਨੂੰ ਦੂਰ ਕਰਨ ਵਾਸਤੇ ਦਸ਼ਮੇਸ਼ ਮਹਾਰਾਜ ਜੀ ਆਏ ਤੇ ਆਪ ਮਹਾਰਾਜ ਫੁਰਮਾਨ ਕਰਦੇ ਨੇ ਕਿ ਮੈਂ ਜਦੋਂ ਅਕਾਲ ਪੁਰਖ ਦੇ ਦਰਬਾਰ ਦੇ ਵਿਚ ਹਾਜ਼ਰ ਹੋਇਆ ਤੇ ਮੈਨੂੰ ਭੇਜਿਆ ਜਾ ਰਿਹਾ ਸੀ ਤਾਂ ਮੈਂ ਇਹ ਬੇਨਤੀ ਕੀਤੀ ਕਿ ਮੈਨੂੰ ਕੀ ਕੰਮ ਸੌਂਪ ਰਹੇ ਓਂ, ਅਕਾਲ ਪੁਰਖ ਨੇ ਕਿਹਾ ਕਿ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***(ਅਕਾਲ ਪੁਰਖ ਬਾਚ॥ ਚੌਪਈ)***

ਤੁਸੀਂ ਜਾ ਕੇ ਐਸਾ ਰਸਤਾ ਦੁਨੀਆਂ ਦੇ ਅੰਦਰ ਦਿਖਾਉਣਾ ਹੈ, ਮਾਰਗ ਦਿਖਾਉਣਾ ਹੈ, ਇਕ ਐਸੀ ਜਥੇਬੰਦੀ ਕਾਇਮ ਕਰਨੀ ਹੈ ਜਿਨ੍ਹਾਂ ਨੇ ਧਰਮ ਦਾ ਪ੍ਰਚਾਰ ਕਰਨਾ ਹੈ ਤੇ ਉਥੇ ਜਾ ਕੇ ਤੁਸੀਂ -

***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***
***(ਅਕਾਲ ਪੁਰਖ ਬਾਚ॥ ਚੌਪਈ)***

ਸਾਰਾ ਸੰਸਾਰ ਕੁਬੁੱਧੀ 'ਚ ਪੈ ਗਿਆ। ਆਸਾ ਕੀ ਵਾਰ ਦਾ ਅਧਿਐਨ ਕਰੋ। ਪਤਾ ਲਗਦਾ ਹੈ ਕਿ ਕਿੰਨੀ ਕੁਬੁੱਧੀ ਫੈਲ ਗਈ ਸੀ, ਕਿਵੇਂ ਜਨੇਊ ਦਾ ਮਾਖੌਲ ਉਡਾਇਆ ਜਾ ਰਿਹਾ ਸੀ, ਕਿਵੇਂ ਟਿਕੇ ਸੀ, ਕਿਵੇਂ ਧੋਤੀਆਂ ਸੀ, ਕਿਵੇਂ ਪੂਜਾ ਸੀ, ਕਿਵੇਂ ਪੁਰਾਨ ਸੀ, ਕਿਵੇਂ ਕੁਰਾਨ ਸੀ, ਸਾਰਾ ਮਹਾਰਾਜ ਨੇ ਖੋਲ੍ਹ ਕੇ ਦੱਸ ਦਿਤਾ। ਕਹਿੰਦੇ ਹਟਾਓ ਕੁਬੁੱਧ ਕਰਨ ਤੇ ਕੁਬੁੱਧੀ 'ਚ ਪੈ ਗਏ ਹਨ। ਮਹਾਰਾਜ ਕਹਿਣ ਲੱਗੇ ਕਿ ਅਸੀਂ ਖੜ੍ਹੇ ਹੋ ਗਏ ਕਿ ਬੜਾ ਭਾਰਾ ਕੰਮ ਦੇ ਦਿਤਾ, ਅਸੀਂ ਹੱਥ ਜੋੜ ਲਏ -

***ਠਾਢ ਭਯੋ ਮੈ ਜੋਰਿ ਕਰ***
***ਬਚਨ ਕਹਾ ਸਿਰ ਨਿਆਇ।***
***ਪੰਥ ਚਲੈ ਤਬ ਜਗਤ ਮੈ***
***ਜਬ ਤੁਮ ਕਰਹੁ ਸਹਾਇ॥*** ***ਦੋਹਰਾ***

ਜਦੋਂ ਤੁਸੀਂ ਸਹਾਇਤਾ ਕਰੋਂਗੇ ਪਾਤਸ਼ਾਹ, ਲੀਹਾਂ ਬਦਲਣੀਆਂ ਨੇ ਪੁਰਾਣੀਆਂ ਸਾਰੀਆਂ, ਇਕ ਦਮ ਬਦਲੀਆਂ ਹੋਈਆਂ ਕਿੰਨੀ ਵਿਰੋਧਤਾ ਹੁੰਦੀ ਹੈ। ਸੋ ਅੱਜ ਗੁਰੂ ਦਸ਼ਮੇਸ਼ ਪਿਤਾ ਸੈਂਕੜੇ ਲੱਖਾਂ ਸਾਲਾਂ ਤੋਂ ਦਬਿਆ ਹੋਇਆ ਵਰਗ ਜਿਹੜਾ ਸੀ, ਕਿਰਤੀ ਵਰਗ; ਚਾਰ ਵਰਗ ਇਥੇ ਹੋ ਗਏ ਸੀ ਜਿਹਨੂੰ ਜਾਤ ਪਾਤ ਕਹਿੰਦੇ ਸੀ। ਜਦੋਂ ਚਲਾਇਆ ਸੀ, ਉਦੋਂ ਤਾਂ ਕੁਛ ਹੋਰ ਸੀਗਾ ਇਹ। ਉਸ ਵੇਲੇ ਬ੍ਰਾਹਮਣ ਵਰਗ ਸ਼ੂਦਰ ਦੇ ਵਿਚ ਵੀ ਜਾ ਸਕਦਾ ਸੀ, ਸ਼ੂਦਰ ਵਰਗ ਜਿਹੜਾ ਸੀ ਉਹ ਕਸ਼ਤਰੀ ਬਣ ਸਕਦਾ ਸੀ, ਲੇਕਿਨ ਬਾਅਦ ਵਿਚ ਪੱਕਾ ਹੋ ਗਿਆ ਕਿ ਬ੍ਰਾਹਮਣ, ਬ੍ਰਾਹਮਣ; ਖੱਤਰੀ, ਖੱਤਰੀ; ਬਾਕੀ ਜਿਹੜੇ ਸੀ ਪੈਰ ਦੇ ਥੱਲੇ ਦੱਬ ਲਏ, ਸਾਰੀ ਜਨਤਾ। ਬਹੁਤਿਆਂ ਨੂੰ ਤਾਂ ਕਹਿ ਦਿਤਾ ਕਿ ਤੂੰ ਓਅੰਕਾਰ ਦਾ ਅੱਖਰ ਨਹੀਂ ਸੁਣ ਸਕਦਾ। ਸ਼ੂਦਰ ਦੋ ਤਰ੍ਹਾਂ ਦੇ ਕਰ ਦਿਤੇ, ਇਕ ਤਾਂ ਜਿਹੜਾ ਰੋਟੀ ਕਮਾਉਂਦਾ ਹੈ, ਜੇ ਤਾਂ ਉਹਨੂੰ ਪਸੀਨਾ ਆ ਜਾਵੇ, ਰੋਟੀ ਕਮਾਉਣ ਵਿਚ ਤਾਂ, ਤਾਂ ਉਹ ਸ਼ੂਦਰ ਹੈ।

ਫੇਰ ਉਨ੍ਹਾਂ 'ਚ ਕਿਹੜੀਆਂ ਕਿਸਮਾਂ ਨੇ, ਇਕ ਨੂੰ ਤਾਂ ਹੱਥ ਲਾ ਲਓ, ਇਕ ਨੂੰ ਹੱਥ ਨਾ ਲਾਓ। ਇਕ ਨੂੰ ਛੂਤ ਕਹਿੰਦੇ ਨੇ, ਇਕ ਅਛੂਤ ਕਹਿੰਦੇ ਨੇ। ਮਨੁੱਖ ਦੀ ਜਾਤ ਨੂੰ ਐਨਾ ਨੀਵਾਂ ਲੈ ਗਿਆ ਜਿਹੜਾ ਪੜ੍ਹਿਆ ਲਿਖਿਆ ਵਰਗ ਸੀ, ਉਸਨੂੰ ਤੋੜਨਾ ਕੋਈ ਖੇਲ੍ਹ ਨਹੀਂ ਸੀ ਸਾਧਸੰਗਤ ਜੀ ਕਿੰਨੀਆਂ ਤਕਲੀਫਾਂ ਉਠਾ ਸਕੇ ਸੀ, ਗੁਰੂ ਨਾਨਕ ਪਾਤਸ਼ਾਹ ਨੂੰ ਇਸੇ ਕਰਕੇ ਕੁਰਾਹੀਆ ਤੇ ਬੇਤਾਲਾ ਕਿਹਾ ਸੀ ਕਿਉਂਕਿ ਉਨ੍ਹਾਂ ਨੇ ਮਰਦਾਨੇ ਨੂੰ ਨਾਲ ਲੈ ਲਿਆ ਤੇ ਭਾਈ ਬਾਲੇ ਜੱਟ ਨੂੰ ਨਾਲ ਲੈ ਲਿਆ। ਨਹੀਂ ਪਸੰਦ ਦੀ ਇਹ ਗੱਲ ਉਚੀਆਂ ਜਾਤੀਆਂ ਨੂੰ। ਬ੍ਰਾਹਮਣ ਨੂੰ ਪਸੰਦ ਨਹੀਂ ਸੀ ਬਿਲਕੁਲ ਵੀ ਇਹ ਗੱਲ ਕਿ ਹੇਠਲਾ ਵਰਗ ਉਤੇ ਆ ਜਾਵੇ। ਪੜ੍ਹੇ-ਲਿਖੇ ਸੀ, ਸਭ ਕੁਛ ਜਾਣਦੇ ਸੀ, ਐਸੇ ਵਹਿਮ ਪਾ ਦਿਤੇ ਕਿ ਆਦਮੀ ਹਿੱਲ ਨਹੀਂ ਸਕਦਾ। ਉਦੋਂ ਦੇ ਪਾਏ ਹੋਏ, ਸਿੱਖੀ ਆਈ ਨੂੰ ਕਿੰਨਾਂ ਚਿਰ ਹੋ ਗਿਆ, 500 ਸਾਲ ਤੋਂ ਵੀ ਵੱਧ ਹੋ ਗਏ, ਅਜੇ ਵੀ ਸਾਡੇ ਉਤੇ ਉਹੀ ਅਸਰ ਚੱਲ ਰਿਹਾ ਹੈ, ਨਹੀਂ ਬਦਲਦੇ ਅਸੀਂ। ਅਜੇ ਵੀ ਉਹੀ ਮੜ੍ਹੀਆਂ, ਓਹੀ ਕਬਰਾਂ, ਓਹੀ ਸੂਰਜ, ਓਹੀ ਜੋਤਸ਼ ਓਹੀ ਸਭ ਕੁਛ ਅਸੀਂ ਮੰਨੀ ਜਾਂਦੇ ਹਾਂ। ਓਹੀ ਗ੍ਰਹਿ ਸਾਡੇ ਉਤੇ ਸਵਾਰ ਨੇ। ਮਹਾਰਾਜ ਕਹਿੰਦੇ ਕਿਉਂ ਤੁਸੀਂ ਫਿਕਰ ਕਰਦੇ ਓਂ, ਗ੍ਰਹਿ ਤਾਂ ਉਹਨੂੰ ਲਗਦੇ ਨੇ ਜਿਹੜਾ ਪ੍ਰਮੇਸ਼ਰ ਤੋਂ ਭੁੱਲਿਆ ਹੋਵੇ।

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*

*ਅੰਗ - ੫੨੪*

ਜਿਹਨੂੰ ਨਾਮ ਵਿਸਰ ਗਿਆ ਉਹਨੂੰ ਲਗਦੇ ਨੇ, ਤੁਸੀਂ ਨਾਮ ਵਾਲੇ ਬੰਦੇ ਕਿਉਂ ਵਹਿਮਾਂ 'ਚ ਪੈਂਦੇ ਓਂ। ਫੇਰ ਕਰਤਾਰ ਦਾ ਹੁਕਮ ਹੈ। ਜੋ ਹੁਕਮ ਹੈ ਤੁਹਾਡੇ, ਉਹਦੇ ਮੁਤਾਬਿਕ ਚੱਲੋ। ਹਾਂ, ਜੇ ਤੁਸੀਂ ਨਹੀਂ ਸਹਿ ਸਕਦੇ, ਅਰਦਾਸ ਕਰੋ। ਅਰਦਾਸ ਮੰਨੀ ਜਾਂਦੀ ਹੈ, ਅਰਦਾਸ ਬਦਲ ਦਏਗੀ ਸਭ ਕੁਛ। ਮਹਾਰਾਜ ਨੇ ਮਨੁੱਖ ਨੂੰ ਉੱਚਾ ਚੁਕਿਆ, ਲੱਖਾਂ ਸਾਲ ਦੇ ਗਿਰੇ ਹੋਏ ਨੂੰ। ਅੱਜ ਰਿਵਾਜ ਬਦਲ ਦਿਤਾ, ਪਹਿਲਾਂ ਬ੍ਰਾਹਮਣਾਂ ਦੀਆਂ ਪੰਗਤਾਂ ਲਗਦੀਆਂ ਸੀ, ਜੇ ਕੋਈ ਯੱਗ ਕਰਦਾ ਸੀ। ਜਦ ਤੱਕ ਬ੍ਰਾਹਮਣ ਛਕਦੇ ਸੀ, ਕੋਈ ਬੰਦਾ ਚਉਂਕੇ 'ਚ ਨਹੀਂ ਸੀ ਆ ਸਕਦਾ, ਨੇੜੇ ਨਹੀਂ ਸੀ ਆ ਸਕਦਾ। ਐਨਾ ਨੇੜੇ ਨਹੀਂ ਸੀ ਆ ਸਕਦਾ ਕਿ ਉਹ ਥਾਲੀ ਵਿਚ ਖਾਂਦੇ ਨੂੰ ਦੇਖ ਲਏ ਕਿ ਉਹ ਕੀ ਖਾਂਦਾ ਹੈ। ਜੇ ਦੇਖ ਲਿਆ ਤਾਂ ਉਹ ਨਰਾਜ਼ ਹੋ ਜਾਂਦਾ ਸੀ ਕਿਉਂਕਿ ਅਛੂਤ ਮੱਥੇ ਲੱਗ ਗਿਆ ਰੋਟੀ ਖਾਂਦੇ ਦੇ। ਉਸ ਤੋਂ ਬਾਅਦ ਫੇਰ ਖੱਤਰੀਆਂ ਦੀ ਵਾਰੀ ਆਉਂਦੀ ਸੀ, ਉਸ ਤੋਂ ਬਾਅਦ ਵੈਸ਼ਾਂ ਸੀ, ਫੇਰ ਕਿਰਤੀਆਂ (ਸ਼ੂਦਰਾਂ) ਦੀ ਵਾਰੀ ਸਭ ਤੋਂ ਪਿੱਛੋਂ ਆਉਂਦੀ ਸੀ।

ਗੁਰੂ ਨਾਨਕ ਦੇਵ ਜੀ ਪਹਿਲੇ ਦਿਨ ਜਦੋਂ ਚੱਲੇ ਨੇ, ਠਹਿਰੇ ਕਿੱਥੇ ਜਾ ਕੇ ਕਿਰਤੀ ਦੇ ਘਰ। ਵਿਰੋਧਤਾ ਹੋਈ, ਗੁਰੂ ਨਾਨਕ ਨੇ ਕਿਹਾ ਕਿ ਮੈਂ ਕਿਰਤੀ ਨੂੰ ਉੱਚਾ ਕਰਨਾ ਹੈ। ਹਿੰਦੁਸਤਾਨ ਦੀ ਅਧੋਗਤੀ ਇਸੇ ਕਰਕੇ ਹੈ ਕਿ ਇਥੇ ਕੰਮ ਕਰਨ ਵਾਲੇ ਦੀ ਇਜ਼ਤ ਨਹੀਂ ਹੈ, ਨੀਵਾਂ ਗਿਣਦੇ ਨੇ। ਜੇ ਮਰੇ ਹੋਏ ਡੰਗਰ ਕੋਈ ਨਾ ਚੁੱਕੇ, ਫੇਰ ਕੀ ਨਤੀਜਾ ਨਿਕਲੇ, ਸਾਰੇ ਸੜਿਆਂਦ ਪੈ ਜਾਵੇ। ਇਕ ਤਾਂ ਐਡਾ ਉਪਕਾਰ ਹੁੰਦਾ ਹੈ, ਇਕ ਉਹਨੂੰ ਨੀਵਾਂ ਗਿਣਨਾ, ਛੋਟਾ ਗਿਣਨਾ ਬਹੁਤ। ਸੋ ਇਹ ਜਾਤਾਂ ਪਾਤਾਂ ਦਾ ਸਮਾਂ ਸੀ। ਗੁਰੂ ਦਸ਼ਮੇਸ਼ ਪਿਤਾ ਨੇ ਇਨਕਲਾਬੀ ਕਦਮ ਚੁੱਕਿਆ। ਹੁਕਮ ਦੇ ਦਿਤਾ ਕਿ ਪੰਗਤਾਂ ਲਾਓ, ਮਸੰਦ ਜਾਣਦੇ ਸੀ ਕਿ ਬ੍ਰਾਹਮਣ ਵਰਗ ਨੇ ਗੁੱਸੇ ਹੋ ਜਾਣਾ ਹੈ, ਖੱਤਰੀ ਵਰਗ ਨੇ ਗੁੱਸੇ ਹੋ ਜਾਣਾ ਹੈ, ਮਹਾਰਾਜ ਇਹ ਕੀ ਕਰਨ ਲੱਗ ਗਏ। ਐਸੇ ਨੀਵੀਂ ਸੋਚ ਵਾਲੇ ਵੀ ਲੋਕ ਸੀ ਉਸ ਵੇਲੇ ਕਿਉਂਕਿ ਪੂਜਾ ਦਾ ਧਾਨ ਖਾਂਦੇ ਸੀ। ਜਿਹੜਾ ਪੂਜਾ ਦਾ ਧਾਨ ਖਾਂਦਾ ਹੈ, ਉਨ੍ਹਾਂ ਦੇ ਅੰਦਰ ਰੱਤੀ ਜਿੰਨਾਂ ਵੀ ਪਿਆਰ ਤੇ ਸਤਿਕਾਰ ਨਹੀਂ ਹੁੰਦਾ ਗੁਰੂ ਦਾ। ਖਤਮ ਹੋ ਜਾਂਦਾ ਹੈ, ਉਤੋਂ-ਉਤੋਂ ਰਹਿ ਜਾਂਦਾ ਹੈ, ਜਿਵੇਂ ਘੁਣ ਖਾਧੀ ਲਕੜੀ ਹੁੰਦੀ ਹੈ। ਘੁਣੇ ਦੀ ਖਾਧੀ ਹੋਈ ਹੈ, ਉਪਰ ਪਾਲਿਸ਼ ਕਰਿਆ ਹੋਇਆ ਹੈ, ਅੰਦਰੋਂ ਖਤਮ ਹੈ ਉਂਝ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਸ਼ਮੇਸ਼ ਪਿਤਾ ਨੇ ਕਹਿ ਦਿਤਾ ਕਿ ਪੰਗਤਾਂ ਲਾ ਲਓ। ਪੰਗਤਾਂ ਲੱਗ ਗਈਆਂ, ਹੈਰਾਨ ਹੋ ਗਈ ਸੰਗਤ ਕਿ ਹੈਂ ਪਹਿਲਾਂ ਤਾਂ ਬ੍ਰਾਹਮਣ ਨੂੰ ਛਕਾਇਆ ਜਾਂਦਾ ਸੀ ਤੇ ਬ੍ਰਾਹਮਣ ਆਏ ਹੋਏ ਵੀ ਬਹੁਤ ਨੇ, ਕਾਸ਼ੀ ਤੋਂ ਆਏ ਹੋਏ ਨੇ। ਵੱਡੇ ਤੋਂ ਵੱਡਾ ਅੱਜ ਦੁਨੀਆਂ ਭਰ ਵਿਚ ਸਭ ਤੋਂ ਵੱਡਾ ਕੇਸ਼ੋਦਾਸ ਪੰਡਤ ਸੀ, ਉਹ ਵੀ ਆਇਆ ਹੋਇਆ ਹੈ ਤੇ ਮਹਾਰਾਜ ਨੇ ਤਾਂ ਪਰਵਾਹ ਹੀ ਨਹੀਂ ਕੀਤੀ। ਪਰਵਾਹ ਹੁੰਦੀ ਨਹੀਂ ਸਾਧਸੰਗਤ ਜੀ। ਵਾਹਿਗੁਰੂ ਦੇ ਪਿਆਰਿਆਂ ਨੂੰ ਨਹੀਂ ਪਰਵਾਹ ਹੁੰਦੀ ਤੇ ਨਾ ਕਿਸੇ ਦਾ ਡਰ ਹੁੰਦਾ ਹੈ। ਇਸ ਤਰ੍ਹਾਂ ਪੜ੍ਹੋ ਲਓ-

***ਧਾਰਨਾ - ਡਰਦਾ ਨਾ ਕਾਹੂੰ ਤੋਂ,***
***ਨੀਚਾਂ ਨੂੰ ਊਚੇ ਕਰਦਾ।***

*ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥*
*ਗਰੀਬ ਨਿਵਾਜੁ ਗੁਸਈਆ ਮੇਰਾ*
*ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥*
*ਜਾ ਕੀ ਛੋਤਿ ਜਗਤ ਕਉ ਲਾਗੈ*
*ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ*
*ਕਾਹੂ ਤੇ ਨ ਡਰੈ ॥ ੧ ॥ ॥* *ਅੰਗ - ੧੧੦੬*

ਪ੍ਰਸ਼ਾਦੇ ਛਕਣੇ ਸ਼ੁਰੂ ਹੋ ਗਏ, ਪਤਾ ਲੱਗਿਆ ਕਿ ਮਹਾਰਾਜ! ਕੋਈ ਬ੍ਰਾਹਮਣ ਵੀ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਛਕਣ ਵਾਸਤੇ ਨਹੀਂ ਆਇਆ। ਮਹਾਰਾਜ ਕਹਿੰਦੇ ਲਿਆਓ ਭਾਈ ਜਾ ਕੇ। ਬੇਨਤੀ ਕੀਤੀ ਕਿ ਤੁਸੀਂ ਕਿਉਂ ਨਹੀਂ ਆਏ। ਚੁੱਪ ਨੇ, ਵਿਰੋਧ ਕਰ ਦਿਤਾ, ਸਮਾਨ ਬੰਨ੍ਹ ਰਹੇ ਨੇ ਕਿ ਹੁਣ ਤਾਂ ਘੋਰ ਕਲਜੁਗ ਆ ਗਿਆ। ਜਦ ਬ੍ਰਾਹਮਣ ਦੀ ਹੀ ਕਦਰ

ਨਾ ਰਹੀ, ਕਲਜੁਗ ਆ ਗਿਆ ਸਮਝੋ। ਮਰਿਆਦਾ ਵਿਗੜ ਗਈ ਸਾਰੀ। ਮਹਾਰਾਜ ਕਹਿਣ ਲੱਗੇ, ਜਾਓ ਲੈ ਕੇ ਆਓ ਉਨ੍ਹਾਂ ਨੂੰ। ਸਿੰਘ ਚਲੇ ਗਏ। ਜਾ ਕੇ ਜਿਹੜਾ ਮੁਖੀ ਸੀ ਕੇਸ਼ੋਦਾਸ, ਮੁਖੀ-ਮੁਖੀ ਆ ਗਏ ਸਾਰੇ। ਮਹਾਰਾਜ ਕਹਿੰਦੇ ਪੰਡਤ ਜੀ, ਤੁਸੀਂ ਏਸ ਗੱਲ ਦੇ ਉਤੇ ਕਿਉਂ ਗੁੱਸੇ ਹੋਏ ਓਂ, ਐਡੀ ਨਰਾਜ਼ਗੀ ? ਕਹਿੰਦੇ ਮਹਾਰਾਜ! ਤਿੰਨ ਜੁਗਾਂ ਦੇ ਅੰਦਰ ਸਾਡੀ ਮਾਨਤਾ ਤੁਰੀ ਆਉਂਦੀ ਹੈ, ਅੱਜ ਤੱਕ ਕਿਸੇ ਰਾਜੇ ਨੇ, ਕਿਸੇ ਅਵਤਾਰ ਨੇ, ਜੇ ਅਸੀਂ ਕ੍ਰਿਸ਼ਨ ਮਹਾਰਾਜ ਦੇ ਵੀ ਜਾਂਦੇ ਸੀ ਤਾਂ ਸਾਡੇ ਚਰਨ ਧੋਂਦੇ ਸੀ ਉਹ। ਜੇ ਰਾਮ ਚੰਦਰ ਜੀ ਕੋਲ ਜਾਂਦੇ ਸੀ ਤਾਂ ਚਰਨ ਧੋ ਕੇ ਚਰਨਾਮ੍ਰਿਤ ਲੈਂਦੇ ਸੀ, ਉਹ ਪਾਣੀ ਆਪ ਪੀਂਦੇ ਸੀ। ਸਾਨੂੰ ਪ੍ਰਮੇਸ਼ਰ ਨੇ ਮੁਖ ਤੋਂ ਪੈਦਾ ਕਰਿਆ ਹੈ ਤੇ ਜਿਹੜੇ ਪੈਰਾਂ ਤੋਂ ਪੈਦਾ ਹੋਏ ਨੇ ਤੁਸੀਂ ਨਾਲ ਰਲਾ ਦਿਤੇ ? ਇਹ ਤਾਂ ਮਰਿਆਦਾ ਤੋੜ ਦਿਤੀ ਮਹਾਰਾਜ ਤੁਸੀਂ। ਮਹਾਰਾਜ ਕਹਿੰਦੇ, ਪੰਡਤ ਜੀ! ਜਾਤ ਨੂੰ ਸਮਝਦੇ ਹੋਂ ਕੀ ਹੁੰਦੀ ਹੈ ? ਪੰਜ ਤੱਤ ਦੇ ਉਹ ਬਣੇ ਹੋਏ ਨੇ, ਪੰਜ ਤੱਤ ਦੇ ਤੁਸੀਂ ਬਣੇ ਹੋਂ, ਜਾਂ ਦੱਸ ਦਓ ਤੁਸੀਂ ਕਿ ਉਨ੍ਹਾਂ 'ਚ ਫਲਾਣਾ ਤੱਤ ਘੱਟ ਹੈ। ਤੁਹਾਡੇ 'ਚ ਵੀ ਖੂਨ ਹੈ ਤੇ ਉਨ੍ਹਾਂ 'ਚ ਵੀ ਖੂਨ ਹੈ, ਜਾਂ ਦੱਸ ਦਿਓ ਕਿ ਤੁਹਾਡੇ ਅੰਦਰੋਂ ਦੁੱਧ ਨਿਕਲਦਾ ਹੈ, ਜਦੋਂ ਤੁਹਾਡੀਆਂ ਇਕੋ ਜਿਹੀਆਂ ਅੱਖਾਂ, ਇਕੋ ਜਿਹੇ ਕੰਨ, ਇਕੋ ਜਿਹੇ ਸਭ ਨੈਣ-ਨਕਸ਼ ਨੇ, ਫੇਰ ਛੋਟੇ ਵੱਡੇ ਦਾ ਸਵਾਲ ਤੁਸੀਂ ਕੀ ਕਰ ਦਿਤਾ, ਚਲੋ ਤੁਸੀਂ ਏਸ ਗੱਲ ਦੇ ਉਤੇ ਨਾ ਆਓ, ਤੁਹਾਨੂੰ ਦੱਛਣਾ ਦਾ ਹੈ, ਅਸੀਂ ਦੱਛਣਾ ਤੁਹਾਨੂੰ ਦੇਣ ਵਾਸਤੇ ਵੱਖਰੀ ਕੱਢੀ ਹੋਈ ਹੈ, ਪਰ ਇਹ ਹੋ ਗਿਆ ਕਿ ਸਾਨੂੰ ਭੁੱਲ ਗਿਆ, ਯਾਦ ਨਾ ਰਿਹਾ। ਸਰਾਪ ਦੇਣ ਲੱਗਿਆ ਕਿ ਮੈਂ ਸਰਾਪ ਦੇ ਦੇਵਾਂਗਾ। ਮਹਾਰਾਜ ਕਹਿੰਦੇ, ਪੰਡਤ ਜੀ! ਉਹ ਦਿਨ ਗਏ, ਸ਼ਰਾਪ ਦਿੰਦੇ ਔਰੰਗਜ਼ੇਬ ਨੂੰ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਪਾਸ ਆਏ ਸੀ, ਦੇ ਨਾ ਸਕੇ ਤੁਸੀਂ, ਤੁਹਾਡਾ ਸਰਾਪ ਲੱਗਿਆ ਨਾ ਔਰੰਗਜ਼ੇਬ ਨੂੰ ? ਹੁਣ ਸਾਨੂੰ ਹੀ ਸਰਾਪ ਦੇਣਾ ਹੈ ਜਿਨ੍ਹਾਂ ਨੇ ਇਕ ਕੌਮ ਬਣਾਉਣੀ ਹੈ। ਐਡਾ ਕ੍ਰੋਧ ਤੁਹਾਡੇ ਅੰਦਰ ਆ ਗਿਆ, ਉਦੋਂ ਤੁਹਾਡਾ ਬ੍ਰਹਮ ਜੋਸ਼ ਕਿੱਥੇ ਗਿਆ ਸੀ, ਜਦੋਂ ਮੰਦਰ ਢਾਹੇ ਜਾ ਰਹੇ ਸੀ। ਸੋਮਨਾਥ ਦਾ ਮੰਦਰ ਜਦੋਂ ਤਹਿਸ-ਨਹਿਸ ਕੀਤਾ, ਉਸ ਵੇਲੇ ਤੁਹਾਡਾ ਸਰਾਪ ਕਿੱਥੇ ਸੀਗਾ ? ਤੇ ਹੁਣ ਜਦੋਂ ਗਰੀਬਾਂ ਨੂੰ, ਪ੍ਰਮੇਸ਼ਰ ਦੇ ਪਿਆਰਿਆਂ ਨੂੰ ਅਸੀਂ ਪ੍ਰਸ਼ਾਦਾ ਛਕਾ ਦਿਤਾ, ਤੁਸੀਂ ਉਸ ਲਈ ਸਰਾਪ ਦੀ ਗੱਲ ਕਰ ਰਹੇ ਓਂ ? ਬਾਕੀ ਅਸੀਂ ਤੁਹਾਡਾ ਕੋਈ ਲਾਗ ਤਾਂ ਨਹੀਂ ਨਾ ਮਾਰਿਆ, ਜਿਹੜਾ ਤੁਹਾਨੂੰ ਦੇਣਾ ਸੀ, ਉਹ ਜਿਹੜਾ ਤੁਹਾਨੂੰ ਮਿਲਣਾ ਹੈ, ਉਹ ਤਾਂ ਮਿਲਣਾ ਹੀ ਹੈ। ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਮਿਲਦਾ ਤਾਂ ਓਹੀਓ ਹੈ***
***ਲਿਖਿਆ ਜੋ ਲੇਖ ਧੁਰ ਤੋਂ।***

***ਜੋ ਕਛੁ ਲੇਖ ਲਿਖਿਯੋ ਬਿਧਨਾ***
***ਸੋਊ ਪਾਈਯਤ ਮਿਸਰ ਜੂ ਸੋਕ ਨਿਵਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਮਹਾਰਾਜ ਨੇ ਦੇਖਿਆ ਕਿ ਅੱਗ ਬਗੋਲਾ ਹੋਇਆ ਖੜ੍ਹਾ ਹੈ ਪੰਡਤ। ਨਾਲ ਕਹਿ ਰਿਹਾ ਹੈ ਕਿ ਮਹਾਰਾਜ ਮੈਂ ਸ਼ਰਾਪ ਦੇ ਦੇਵਾਂਗਾ ਤੁਹਾਡੇ ਖਾਲਸੇ ਨੂੰ। ਮਹਾਰਾਜ ਕਹਿੰਦੇ, ਐਨੀ ਨਰਾਜ਼ਗੀ ਕਿਸ ਗੱਲ ਦੇ ਉਤੇ ? ਖਾਲਸੇ ਦਾ ਕੀ ਕਸੂਰ ਹੈ ? ਇਹ ਤਾਂ ਸਾਡੀ ਯਾਦ ਤੋਂ ਭੁੱਲ ਗਿਆ। ਸਾਨੂੰ ਧਿਆਨ ਨਾ ਰਿਹਾ ਕਿ ਤੁਹਾਨੂੰ ਪਹਿਲਾਂ ਖਿਲਾਉਣਾ ਹੈ। ਬਾਕੀ ਰਹਿ ਗਿਆ ਕਿ ਜਿਹੜੀਆਂ ਚੀਜ਼ਾਂ ਤੁਹਾਨੂੰ ਦੇਣੀਆਂ ਨੇ, ਤੁਹਾਨੂੰ ਦੇਣ ਵਾਸਤੇ ਕੱਢਿਆ ਪਿਆ ਹੈ ਲਾਗ ਸਾਰਾ। -

***ਮੇਰੋ ਕਛੂ ਅਪਰਾਧ ਨਹੀ***
***ਗਯੋ ਯਾਦ ਤੇ ਭੂਲਿ ਨ ਕੋਪ ਚਿਤਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਕਿਉਂ ਕ੍ਰੋਧ ਦੀਆਂ ਗੱਲਾਂ ਕਰਦੇ ਓਂ।

***ਬਾਗੋ ਨਿਹਾਲੀ ਪਠੈ ਦਿਯੋਂ***
***ਆਜ ਭਲੇ ਤੁਮ ਕੋ ਨਿਸਚੈ ਜੀਅ ਧਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਬਾਗ ਕੱਢੇ ਹੋਏ, ਰਜਾਈਆਂ ਤੇ ਬਿਸਤਰੇ, ਰੇਸ਼ਮੀ ਚਾਦਰਾਂ ਸਾਰੀਆਂ ਮੈਂ ਅੱਜ ਹੀ ਪਹੁੰਚਾ ਦਿੰਦਾ ਹਾਂ। ਬਹੁਤ ਵਧੀਆ-ਵਧੀਆ ਖਰੀਦੇ ਹੋਏ ਨੇ, ਦੇਸਾਂ-ਪ੍ਰਦੇਸਾਂ ਤੋਂ ਸਿਲਕ ਮੰਗਾਇਆ ਹੋਇਆ ਹੈ, ਰੇਸ਼ਮ ਦੇ ਸਿਰੋਪਾਓ ਤੁਹਾਨੂੰ ਦੇ ਰਹੇ ਹਾਂ ਤੇ ਤੁਸੀਂ ਇਹ ਕੀ ਕਰਦੇ ਓਂ, ਨਿਹਚਾ ਕਰੋ ਏਸ ਚੀਜ਼ ਦੇ ਉਤੇ। ਕਹਿਣ ਲੱਗਿਆ ਮਹਾਰਾਜ! ਤੁਸੀਂ ਕਸ਼ਤਰੀ ਓਂ ਅਸੀਂ ਬਣਾਏ ਨੇ ਕਸ਼ਤਰੀ। ਅਸੀਂ ਉਚੇ ਕਰਿਆ ਹੈ ਤੁਹਾਨੂੰ। ਜੇ ਅਸੀਂ ਨਾ ਉਚੇ ਕਰਦੇ ਫੇਰ ਕਿਵੇਂ ਉਚੇ ਹੋ ਜਾਂਦੇ। ਮਹਾਰਾਜ ਕਹਿੰਦੇ ਜੇ ਤੁਸੀਂ ਇਹ ਗੱਲ ਕਹਿੰਦੇ ਓਂ -

***ਛੱਤ੍ਰੀ ਸਭੈ ਕ੍ਰਿਤ ਬਿੱਪਨ ਕੇ***
***ਇਨਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ॥***

***ਸ਼੍ਰੀ ਮੁਖਵਾਕ ਸ੍ਵੈਯਾ***

ਮੈਂ ਵੀ ਕਸ਼ਤਰੀ ਬਣਾ ਦਿਤੇ ਸਾਰੇ ਤੇ ਇਨ੍ਹਾਂ ਦੇ ਉਤੇ ਹੁਣ ਕ੍ਰਿਪਾ ਦੀ ਦ੍ਰਿਸ਼ਟੀ ਰੱਖੋ। ਨੇਤਰ ਕਰੋ ਕ੍ਰਿਪਾ ਦੇ ਭਰੇ ਹੋਏ ਤੇ ਕ੍ਰੋਧ ਦੇ ਵਿਚ ਨਾ ਆਓ। ਕਹਿਣ ਲੱਗਿਆ, ਮਹਾਰਾਜ! ਅਸੀਂ ਤਿੰਨ ਯੁੱਗਾਂ ਤੋਂ ਅਵਤਾਰਾਂ ਨੂੰ ਅਵਤਾਰ ਬਣਾਉਂਦੇ ਆਏ ਹਾਂ। ਜਿਹੜੇ ਨੂੰ ਨਹੀਂ ਅਸੀਂ ਬਣਾਉਣਾ, ਉਹਦਾ ਕੋਈ ਨਾਉਂ ਥੇਅ ਨਹੀਂ ਜਾਣਦਾ। ਅਸੀਂ ਕਿਸੇ ਕਿਤਾਬ 'ਚ ਲਿਖਦੇ ਹੀ ਨਹੀਂ, ਉਲਟ ਲਿਖਦੇ ਹਾਂ। ਸਾਡੇ ਬਣਾਏ ਹੋਏ ਸਭ ਬਣਦੇ ਨੇ, ਤੁਸੀਂ ਇਹ ਕੀ ਕਰਦੇ ਓਂ, ਇਹ ਛੋਟੀਆਂ-ਛੋਟੀਆਂ ਜਾਤਾਂ ਤੇ ਨਿੱਕੇ-ਨਿੱਕੇ ਬੰਦੇ ਚਮੜੇ ਦਾ ਕੰਮ ਕਰਨ ਵਾਲੇ ਮਰੇ ਹੋਏ ਡੰਗਰਾਂ ਨੂੰ ਚੁੱਕਣ ਵਾਲੇ, ਹੱਲ

ਵਾਹੁੰਣ ਵਾਲੇ, ਕੱਪੜੇ ਸਿਉਂਣ ਵਾਲੇ, ਲੱਕੜੀਆਂ ਚੀਰਣ ਵਾਲੇ ਤੇ ਸਮਾਨ ਬਣਾਉਣ ਵਾਲੇ ਲੋਹੇ ਦਾ ਕੰਮ ਕਰਨ ਵਾਲੇ, ਕੱਪੜੇ ਸਿਉਂਣ ਵਾਲੇ ਤੇ ਆਹ ਸਾਰਿਆਂ ਨੂੰ ਤੁਸੀਂ ਕੀ ਸਮਝਦੇ ਓਂ, ਇਨ੍ਹਾਂ 'ਚ ਹੈ ਕੀ? ਕੀ ਲੈ ਲਓਂਗੇ ਤੁਸੀਂ ਇਨ੍ਹਾਂ ਤੋਂ। ਇਹ ਛੋਟੀਆਂ ਜਾਤਾਂ ਦੇ ਨੇ, ਸਾਡਾ ਮੁਕਾਬਲਾ ਨਹੀਂ ਕਰ ਸਕਦੇ। ਇਨ੍ਹਾਂ ਨੂੰ ਤਾਂ ਕੁਛ ਆਉਂਦਾ ਹੀ ਨਹੀਂ, ਕੁਛ ਵੀ ਨਹੀਂ ਆਉਂਦਾ, ਕੋਈ ਚਰਿੱਤਰ ਨਹੀਂ, ਕੋਈ ਪੜ੍ਹੇ ਲਿਖੇ ਨਹੀਂ ਹਨ, ਮਹਾਰਾਜ! ਕਦਰ ਕਰੋ ਬ੍ਰਾਹਮਣਾਂ ਦੀ। ਮਹਾਰਾਜ ਕਹਿਣ ਲੱਗੇ, ਪੰਡਤ ਜੀ! ਫਿੱਕਾ ਨਾ ਬੋਲੋ, ਗੁਰੂ ਨਾਨਕ ਕਹਿੰਦੇ ਨੇ –

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਅੰਗ – ੪੭੩*

ਨਾ ਐਸਾ ਕਰੋ, ਤੁਸੀਂ ਵਿਦਵਾਨ ਓਂ। ਤੁਹਾਡੇ ਮੂੰਹ ਤੋਂ ਇਹ ਗੱਲਾਂ ਨਹੀਂ ਸ਼ੋਭਦੀਆਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ–

***ਧਾਰਨਾ – ਕਾਹਨੂੰ ਬੋਲਦੈਂ***
***ਮੰਦੇ ਬੋਲ ਖਾਲਸੇ ਨੂੰ।***

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ***
***ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥***
***ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ***
***ਇਨਹੀ ਕ੍ਰਿਪਾ ਫੁਨ ਧਾਮ ਭਰੇ।।***
***ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ***
***ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥***
***ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ***
***ਨਹੀ ਮੋ ਸੇ ਗਰੀਬ ਕਰੋਰ ਪਰੇ॥***
***ਗਿਆਨ ਪ੍ਰਬੋਧ ਪਾ. ੧੦ (ਸਵੈਯਾ)***

ਨਾ ਪੰਡਤ ਜੀ! ਆਹ ਮੇਰੇ ਗੁਰਸਿੱਖਾਂ ਨੂੰ ਕੋਈ ਬਾਤ ਨਾ ਕਹੋ, ਮੰਦੀਆਂ ਗੱਲਾਂ ਕਹਿੰਦੇ ਓਂ।

***ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ***
***ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥***

ਤੁਹਾਡੇ ਸਵਾ ਮਣ ਜਨੇਊ ਰੋਜ਼ ਲਹਿ ਰਹੇ ਸੀ ਤੇ ਠੱਲ੍ਹ ਪਾਈ ਹੈ ਤਾਂ ਇਨ੍ਹਾਂ ਗਰੀਬਾਂ ਨੇ ਪਾਈ ਹੈ। ਮੇਰੇ ਨਾਲ ਸ਼ਸਤਰ ਲੈ ਕੇ ਯੁੱਧਾਂ 'ਚ ਗਏ ਨੇ। ਜਿਹੜੇ ਤੁਹਾਨੂੰ ਦਾਨ ਵੱਡੇ–ਵੱਡੇ ਕਰਦੇ ਹਾਂ, ਇਨ੍ਹਾਂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਕਿਰਤ ਕਮਾਈ 'ਚੋਂ ਦਸਵੰਧ ਆਉਂਦਾ ਹੈ, ਉਹ ਫੇਰ ਤੁਹਾਨੂੰ ਦਾਨ ਦੇ ਰੂਪ ਵਿਚ ਮਿਲਦਾ ਹੈ। ਅਨੇਕਾਂ ਵਿਘਨ, ਅਨੇਕਾਂ ਪਾਪ ਇਨ੍ਹਾਂ ਦੀ ਕ੍ਰਿਪਾ ਦੇ ਨਾਲ ਦੂਰ ਹੁੰਦੇ ਨੇ, ਜਿੰਨੇ ਆਹ ਘਰ ਭਰੇ ਹੋਏ ਨੇ ਇਹ ਸਭ ਇਨ੍ਹਾਂ ਦੀ ਕ੍ਰਿਪਾ ਹੀ ਹੈ। ਜਿੰਨੀ ਅਸੀਂ ਵਿਦਿਆ ਲਈ ਹੈ, ਜਿੰਨੇ ਗ੍ਰੰਥ ਬਣਵਾਏ ਨੇ, 102 ਬੰਦਾ ਰੱਖ ਕੇ ਲਿਖਾਈਆਂ ਕਰਾਈਆਂ ਨੇ, ਉਹ ਸਾਰੀ ਇਨ੍ਹਾਂ ਦੀ ਮਿਹਰਬਾਨੀ ਹੈ। ਜਿੰਨੇ ਦੁਸ਼ਮਣ ਮਰੇ ਨੇ ਵੱਡੇ–ਵੱਡੇ, ਇਨ੍ਹਾਂ ਦੀ ਕ੍ਰਿਪਾ ਨਾਲ ਮਰੇ ਨੇ। ਮੈਂ ਤਾਂ ਇਨ੍ਹਾਂ ਦੀ ਕ੍ਰਿਪਾ ਕਰਕੇ ਹੀ ਸਜਿਆ ਹੋਇਆ ਬੈਠਾ ਹਾਂ ਤਖਤ ਦੇ ਉਤੇ, ਨਹੀਂ ਮੇਰੇ ਵਰਗੇ ਗਰੀਬਾਂ ਨੂੰ ਕੌਣ ਪੁਛਦਾ ਹੈ। ਐਡੀ ਵੱਡੀ ਗੱਲ ਕਹਿ ਕੇ ਕਹਿਣ ਲੱਗੇ, ਹੁਣ ਅੱਜ ਤੋਂ ਬਾਅਦ ਅਸੀਂ ਇਹ ਦਸ ਦਿੰਦੇ ਹਾਂ ਪੰਡਤ ਜੀ! ਯੁੱਗ ਬਦਲ ਗਿਆ, ਚਾਰੇ ਵਰਨ ਇਕੱਠੇ ਕਰ ਦਿਤੇ ਮੈਂ ਆਪਣੇ ਖਾਲਸੇ ਦੇ ਰੂਪ ਵਿਚ, ਹੁਣ ਇਸ ਖਾਲਸੇ 'ਚ ਕੋਈ ਬ੍ਰਾਹਮਣ ਨਹੀਂ ਹੋਏਗਾ, ਕੋਈ ਖੱਤਰੀ ਨਹੀਂ ਹੋਏਗਾ, ਕੋਈ ਵੈਸ਼ ਨਹੀਂ ਹੋਏਗਾ, ਕੋਈ ਸ਼ੂਦਰ ਨਹੀਂ ਹੋਏਗਾ, ਕੋਈ ਮਾੜਾ ਨਹੀਂ ਹੋਏਗਾ, ਕਿਸੇ ਦੀ ਜਾਤ ਨੀਵੀਂ ਨਹੀਂ ਹੋਏਗੀ, ਇਹਦੇ ਵਿਚ ਹੀ ਪ੍ਰਚਾਰਕ ਹੋਣਗੇ, ਇਹਦੇ ਵਿਚ ਹੀ ਦਾਨ ਲੈਣ ਵਾਲੇ ਹੋਣਗੇ, ਇਹਦੇ ਵਿਚ ਹੀ ਦਾਨ ਦੇਣ ਵਾਲੇ ਹੋਣਗੇ, ਇਹਦੇ ਵਿਚ ਹੀ ਸੇਵਾ ਕਰਨ ਵਾਲੇ ਹੋਣਗੇ, ਜਿਹੜੀ ਸੇਵਾ ਤੁਸੀਂ ਸ਼ੂਦਰਾਂ ਦਾ ਕੰਮ ਦਸਦੇ ਓਂ, ਇਸ ਸੇਵਾ ਨੂੰ ਅਸੀਂ ਸਿਮਰਨ ਦੇ ਬਰਾਬਰ ਕਰ ਦਿਤਾ ਤੇ ਸੇਵਾ ਕਰਨ ਵਾਲੇ –

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ – ੧੦੭੬*

ਸੇਵਾ ਕਰਨ ਵਾਲਾ ਜਿਹਨੂੰ ਅਧਿਕਾਰ ਨਹੀਂ ਸੀ ਓਅੰਕਾਰ ਕਹਿਣ ਦਾ, ਕਹਿੰਦੇ ਉਹ ਪ੍ਰਮੇਸ਼ਰ ਦਾ ਰੂਪ ਬਣਾ ਦਿਤਾ। ਸੋ ਹੁਣ ਅੱਗੇ ਵਾਸਤੇ ਜੋ ਵਿਧਾਨ ਹੈ ਉਹ ਅਸੀਂ ਆਹ ਬੰਨ੍ਹ ਦਿਤਾ ਹੈ –

***ਧਾਰਨਾ – ਪਿਆਰੇ ਜੀ,***
***ਦਾਨ ਦਿਤਾ ਖਾਲਸੇ ਨੂੰ,***
***ਉਹ ਦੋਹੀਂ ਜਹਾਨੀਂ ਫਲਦਾ।***

***ਸੇਵ ਕਰੀ ਇਨਹੀ ਕੀ ਭਾਵਤ***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨਹੀ ਕੋ ਭਲੋ***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਿਹ ਮੈ ਤਨ ਤੇ ਮਨ ਤੇ***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***
***ਗਿਆਨ ਪ੍ਰਬੋਧ ਪਾ: ੧੦ (ਸਵੈਯਾ)***

ਪੰਡਤ ਜੀ! ਐਨੀਆਂ ਛੋਟੀਆਂ ਗੱਲਾਂ? ਇਨ੍ਹਾਂ ਗਰੀਬ ਸਿੱਖਾਂ ਦੀ ਸੇਵਾ ਕਰੀ ਹੋਈ ਮੈਨੂੰ ਭਾਉਂਦੀ ਹੈ, ਹੰਕਾਰੀਆਂ ਦੀ, ਜਾਤ ਅਭਿਮਾਨੀਆਂ ਦੀ ਸੇਵਾ ਕਰੀ ਹੋਈ ਮੇਰੇ ਜੀਅ ਨੂੰ ਚੰਗੀ ਨਹੀਂ ਲਗਦੀ। ਇਹ ਬੰਦਗੀ ਕਰਨ ਵਾਲੇ ਨੇ, ਦਾਨ

ਇਨ੍ਹਾਂ ਨੂੰ ਦਿਓ, ਆਪ ਨਹੀਂ ਖਾਂਦੇ ਇਹ, ਸੰਸਾਰ ਦੇ ਭਲੇ ਵਾਸਤੇ ਲਾਉਂਦੇ ਨੇ। ਤੁਸੀਂ ਕੀ ਕਰਦੇ ਓਂ ਗੋਗੜਾਂ ਵਧਾ ਲੈਂਦੇ ਓਂ, ਖਾਈ ਜਾਂਦੇ ਓਂ, ਇਹ ਮੇਰੇ ਗੁਰਸਿੱਖਾਂ ਨੇ ਨਹੀਂ ਖਾਇਆ ਕਰਨਾ, ਕੇਵਲ ਨਿਰਬਾਹ ਮਾਤਰ ਲਿਆ ਕਰਨਗੇ, ਰੋਟੀ ਖਾਣਗੇ, ਲੰਗਰ ਦਿਨ ਰਾਤ ਪਕਾਉਣਗੇ, ਹਾਕਾਂ ਮਾਰਨਗੇ, ਆਓ ਛਕੋ। ਆਪਣਾ ਘਰ ਨਹੀਂ ਬਣਾਉਣਗੇ, ਦਾਨ ਦਿੱਤਾ ਹੋਇਆ ਇਨ੍ਹਾਂ ਨੂੰ ਫਲਣਾ ਹੈ। ਇਸ ਜ਼ਮੀਨ ਵਿਚ ਫਸਲਾਂ ਹੋਣੀਆਂ ਨੇ, ਕੱਲਰੀ ਜ਼ਮੀਨ ਵਿਚ ਬੀਜ ਕੇ ਕੁਛ ਨਹੀਂ ਮਿਲਣਾ। ਅੱਗੇ ਜਾ ਕੇ ਇਨ੍ਹਾਂ ਨੂੰ ਦਿਤਾ ਹੋਇਆ ਦਾਨ ਹਜ਼ਾਰਾਂ ਗੁਣਾਂ ਫਲਣਾ ਹੈ। ਕਿਉਂ ਫਲਣਾ ਹੈ? ਤਮਾਕੂ ਪੀਣ ਵਾਲੇ ਨੂੰ ਜਿਹੜਾ ਦਾਨ ਦਿੰਦਾ ਹੈ, ਸੱਤ ਜਨਮ ਸੂਰ ਬਣਨਾ ਪੈਂਦਾ ਹੈ ਉਸਨੂੰ, ਇਹ ਸਕੰਦ ਪ੍ਰਾਣ 'ਚ ਲਿਖਿਆ ਹੋਇਆ ਹੈ। ਬ੍ਰਹਮਾ ਜੀ ਨੇ ਕਿਹਾ ਹੈ ਨਾਰਦ ਨੂੰ ਕਿ ਜਿਹੜਾ ਤਮਾਕੂ ਪੀਣ ਵਾਲੇ ਨੂੰ ਦਾਨ ਦਿੰਦਾ ਹੈ ਉਹ ਸੱਤ ਜਨਮ ਸੂਰ ਬਣ ਕੇ ਪਿੰਡ ਦੀ ਗੰਦਗੀ ਖਾਏਗਾ। ਫਲਿਆ ਤਾਂ ਨਾ ਦਾਨ, ਫੇਰ ਤਾਂ ਨਰਕਾਂ ਨੂੰ ਲੈ ਗਿਆ ਇਹ। ਮਾਸ ਖਾਣ ਵਾਲੇ ਨੂੰ ਦਾਨ ਦੇ ਦਿਤਾ, ਉਹਨੇ ਵੱਢ ਲੈਣਾ ਹੈ ਕੋਈ ਜੀਵ। ਉਸੇ ਵਕਤ ਤੁਹਾਡੇ ਦਾਨ ਦੇ ਰੁਪਈਆਂ ਨਾਲ, ਨਾਲੇ ਆਪਾਂ ਫਸ ਗਏ, ਨਾਲੇ ਉਹ ਖਾਣ ਵਾਲਾ। ਸ਼ਰਾਬ ਪੀ ਲੈਣੀ ਹੈ, ਸਿਗਰਟਾਂ ਪੀ ਲੈਣੀਆਂ ਨੇ। ਮਾੜੇ ਕੰਮ ਕਰ ਲੈਣੇ ਨੇ।

ਮਹਾਰਾਜ ਕਹਿੰਦੇ ਨਾ, ਇਹ ਤਾਂ ਫਲਣਾ ਹੀ ਨਹੀਂ ਹੈ। ਮੇਰੇ ਗੁਰਸਿੱਖਾਂ ਨੂੰ ਦਿਤਾ ਹੋਇਆ ਦਾਨ, ਗਿਆਨੀਆਂ, ਬ੍ਰਹਮਗਿਆਨੀਆਂ ਨੂੰ ਦਿਤਾ ਹੋਇਆ ਫਲੇਗਾ। ਕਿੰਨਾ ਫਲਦਾ ਹੈ? ਕਹਿੰਦੇ ਲੱਖਾਂ ਗੁਣਾਂ ਫਲਦਾ ਹੈ। ਇਥੇ ਜੱਸ ਹੋਏਗਾ, ਬਾਕੀ ਸਭ ਫਿਕਾ ਰਹੇਗਾ। ਜਿੰਨਾਂ ਧਨ ਦੇਖਦੇ ਓਂ, ਮੈਂ ਤਾਂ ਸਭ ਕੁਛ ਇਨ੍ਹਾਂ ਨੂੰ ਦਾਨ ਕਰ ਦਿਤਾ, ਆਪਣਾ ਆਪ ਵੀ ਦਾਨ ਕਰ ਦਿਤਾ, ਆਪਣਾ ਪਿਤਾ ਵੀ ਦਾਨ ਕਰ ਦਿਤਾ, ਮਾਤਾ ਵੀ ਦਾਨ ਕਰ ਦਿਤੀ, ਚਾਰੇ ਪੁੱਤਰ ਦਾਨ ਕਰ ਦਿਤੇ, ਮੈਂ ਆਪਣਾ ਸਰੀਰ ਦਾਨ ਕਰ ਦਿਤਾ, ਮੈਂ ਆਪਣਾ ਕੁਛ ਨਹੀਂ ਲਕੋ ਕੇ ਰੱਖਿਆ। ਸਾਰਾ ਕੁਛ ਦੇ ਦਿਤਾ ਤੇ ਤੁਸੀਂ ਅੱਜ ਜਾਤਾਂ ਪਾਤਾਂ ਦੀਆਂ ਗੱਲਾਂ ਕਰਦੇ ਓਂ? ਇਹ ਤਾਂ ਸਾਰਿਆਂ 'ਚ ਇਕੋ ਜੋਤ ਹੈ –

*ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ ॥*

*ਅੰਗ – ੧੦੯੯*

ਪਾਣੀ ਦੇ ਅੰਦਰ ਚੰਦਰਮਾ ਦਾ ਪਰਛਾਵਾਂ ਪੈ ਰਿਹਾ ਹੈ, ਸਾਰਿਆਂ ਬਰਤਨਾਂ 'ਚ, ਜਿੰਨਿਆਂ 'ਚ ਪਾਣੀ ਹੈ, ਉਹਦੇ 'ਚ ਤਾਂ ਚੰਦਰਮਾ ਇਕੋ ਹੀ ਹੈ, ਇਸੇ ਤਰ੍ਹਾਂ ਸਭ ਦੇ ਅੰਦਰ ਵਾਹਿਗੁਰੂ ਇਕ ਹੈ।

*ਪਰਗਟੁ ਥੀਆ ਆਪਿ ਨਾਨਕ ਮਸਤਕਿ ਲਿਖਿਆ॥*

*ਅੰਗ – ੧੦੯੯*

ਇਥੇ ਦੂਜਾ ਨਹੀਂ ਹੈ ਕੋਈ, ਸਾਰਿਆਂ ਦੇ ਅੰਦਰ ਇਕੋ ਜੋਤ ਹੈ। ਸਾਰਿਆਂ ਦੇ ਅੰਦਰ ਰਾਮ ਪਿਆਰਾ ਵਸਦਾ ਹੈ ਐਉਂ ਪੜ੍ਹ ਲਓ –

***ਧਾਰਨਾ – ਪਿਆਰੇ ਜੀ,***
***ਮਾਨਸਾਂ ਦੀ ਜਾਤ ਇਕੋ ਹੈ,***
***ਸਭਨਾਂ ਅੰਦਰ ਰਾਮ ਪਿਆਰਾ।***

***ਕੋਊ ਭਇਓ ਮੁੰਡੀਆ***
***ਸੰਨਿਆਸੀ ਕੋਊ ਜੋਗੀ ਭਇਓ***
***ਕੋਈ ਬ੍ਰਹਮਚਾਰੀ ਕੋਊ ਜਤੀਅਨੁ ਮਾਨਬੋ॥***
***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥***
***ਕਰਤਾ ਕਰੀਮ ਸੋਈ ਰਾਜਕ ਰਹੀਮ ਓਈ***
***ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥***
***ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ***
***ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥***

***ਅਕਾਲ ਉਸਤਤਿ***

***ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ***
***ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥***
***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ***
***ਨਿਆਰੇ ਨਿਆਰੇ ਦੇਸਨ ਕੇ***
***ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ, ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ।***

***ਅਕਾਲ ਉਸਤਤਿ***

ਐਨਾ ਫਰਕ ਪੰਡਤ ਜੀ, ਮਨੁੱਖਾਂ-ਮਨੁੱਖਾਂ 'ਚ ਪਾ ਦਿਤਾ ਤੁਸੀਂ? ਐਨਾ ਫਰਕ ਪਾ ਲਿਆ ਰੱਬ ਦੇ ਘਰ 'ਚ ਕਿ ਜੀ ਇਹ ਦੇਹੁਰਾ ਹੈ ਜੀ, ਇਹ ਮਸਜਿਦ ਹੈ, ਇਹ ਪੂਜਾ ਕਰਦਾ ਹੈ ਜੀ, ਇਹ ਨਮਾਜ਼ ਕਰਦਾ ਹੈ। ਕਹਿੰਦੇ ਐਉਂ ਤਾਂ ਦੱਸ ਯਾਦ ਕੀਹਨੂੰ ਕਰਦੇ ਨੇ ਉਹ? ਪੂਜਾ ਕਰਨ ਵਾਲਾ ਕੀਹਨੂੰ ਯਾਦ ਕਰਦਾ ਹੈ ਤੇ ਮਸਜਿਦ ਜਾ ਕੇ ਨਮਾਜ਼ ਪੜ੍ਹਨ ਵਾਲਾ ਕੀਹਨੂੰ ਯਾਦ ਕਰਦਾ ਹੈ? ਐਨਾ ਫਰਕ ਤੁਸੀਂ ਮਨੁੱਖ 'ਚ ਪਾ ਦਿਤਾ? ਕੱਪੜਿਆਂ ਨਾਲ ਤੁਸੀਂ ਆਦਮੀ ਵੰਡ ਦਿਤਾ? ਪੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ, ਕੁਰਾਨ 'ਚ ਵੀ ਰੱਬ ਦੀਆਂ ਗੱਲਾਂ ਨੇ। ਪੰਡਤ ਜੀ ਨੂੰ ਸਮਝਾ ਦਿਤਾ ਕਿ ਲੈ ਲਓ। ਚੀਜ਼ਾਂ ਮੰਗਾ ਲਈਆਂ, ਜਦੋਂ ਦੇਖਿਆ ਕਿ ਰੇਸ਼ਮ ਹੀ ਰੇਸ਼ਮ ਤੁਰਿਆ ਆਉਂਦਾ ਹੈ, ਮੋਹਰਾਂ ਰੱਖੀਆਂ ਹੋਈਆਂ ਨੇ ਉਤੇ ਸੋਨੇ ਦੀਆਂ, ਬੈਠ ਕੇ ਪੰਗਤ 'ਚ ਪ੍ਰਸ਼ਾਦਾ ਛਕਣ ਲੱਗ ਗਏ ਉਦੋਂ ਹੀ। ਮਹਾਰਾਜ ਕਹਿੰਦੇ, ਆਹ ਵੀ ਪਾਖੰਡ ਸੀਗਾ ਲਹਿ ਗਿਆ ਸਾਰਾ, ਲਾਲਚ ਹੈ ਸਾਰਾ, ਕੁਛ ਨਹੀਂ ਹੈ ਹੋਰ।

ਇਸ ਤੋਂ ਬਾਅਦ ਦੂਸਰਾ ਦਿਨ ਆ ਜਾਂਦਾ ਹੈ, ਕੀਰਤਨ ਹੋ ਰਿਹਾ ਹੈ, 80,000 ਬੰਦਾ, ਅੰਦਾਜ਼ਾ ਲਾ ਲਓ ਕਿੱਥੋਂ ਤੱਕ ਪੰਡਾਲ ਹੋਣਾ ਹੈ, ਨਾ ਕੋਈ ਲਾਊਡ ਸਪੀਕਰ, ਕਿੱਡਾ ਉਚਾ ਬੋਲ ਹੋਣਾ ਹੈ ਮਹਾਰਾਜ ਜੀ ਦਾ। 80,000 ਬੰਦਾ ਬੈਠਾ ਸੁਣ ਰਿਹਾ ਹੈ, ਬਰਕਤ ਵਾਲੇ ਬੰਦੇ ਸੀ।

ਸੰਤ ਮਹਾਰਾਜ ਮਸਤੂਆਣੇ ਵਾਲੇ ਜਦੋਂ ਸ਼ਬਦ ਪੜ੍ਹਦੇ ਸੀ ਪੂਰੇ ਦੋ ਮੀਲ ਤੇ, ਢਾਈ ਮੀਲ ਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾਂਦੀ ਸੀ। ਸੰਤ ਮਹਾਰਾਜ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਜਦੋਂ ਕੀਰਤਨ ਕਰਿਆ ਕਰਦੇ ਸੀ ਅਸੀਂ ਧਮੋਟ ਤੋਂ ਜਾਣਾ, ਜਦੋਂ ਘਲੋਟੀ ਦਾ ਦਰਵਾਜ਼ਾ ਨਿਕਲਣਾ ਆਵਾਜ਼ ਐਉਂ ਲੱਗਣੀ ਜਿਵੇਂ ਹਵਾ 'ਚੋਂ ਆਵਾਜ਼ ਉਡੀ ਆ ਰਹੀ ਹੈ, ਉਥੋਂ ਸ਼ਬਦ ਸਮਝ ਵਿਚ ਆਉਣਾ। ਮੇਰਾ ਖਿਆਲ ਹੈ ਉਥੋਂ ਇਕ ਮੀਲ ਹੋਣਾ ਪੂਰਾ।

80,000 ਬੰਦਾ ਬੈਠਾ ਹੈ, ਕੀਰਤਨ ਹੋ ਰਿਹਾ ਹੈ, ਗੁਰੂ ਮਹਾਰਾਜ ਅਚਾਨਕ ਸਿੰਘਾਸਨ 'ਤੇ ਖੜ੍ਹੇ ਹੋ ਗਏ, ਉਸ ਵੇਲੇ ਆਪ ਨੇ ਲੰਮਾ ਚੌੜਾ ਖਿਆਲ ਦਿਤਾ ਭਾਰਤ ਵਰਸ਼ ਵਾਲਿਆਂ ਨੂੰ। ਪਿਛੋਕੜ ਯਾਦ ਕਰਾਇਆ, ਉਹ ਜ਼ਮਾਨਾ ਯਾਦ ਕਰਾਇਆ ਜਦੋਂ ਸੱਤਿਆ ਵਾਲੇ ਹੁੰਦੇ ਸੀ, ਹੋਲੀ-ਹੌਲੀ ਗੁਲਾਮ ਹੋ ਗਏ, ਗੁਲਾਮ ਵੀ ਐਨੇ ਹੋਏ ਬੋਲੀ ਵੀ ਬਦਲ ਲਈ, ਪੁਸ਼ਾਕ ਵੀ ਬਦਲ ਲਈ, ਨੀਲੇ ਕੱਪੜੇ ਪਹਿਨ ਲਏ।

***ਨੀਲ ਬਸਤ੍ਰ ਲੇ ਕਪੜੇ ਪਹਿਰੇ***
***ਤੁਰਕ ਪਠਾਣੀ ਅਮਲੁ ਕੀਆ ॥*** ***ਅੰਗ - ੪੭੦***

ਤੁਰਕਾਂ ਪਠਾਣਾਂ ਦਾ ਰਾਜ ਆ ਗਿਆ, ਰੀਸ ਕਰ ਲਈ। ਕੱਪੜੇ ਵੀ ਉਹੋ ਜਿਹੇ ਪਹਿਨ ਲਏ।

***ਘਰਿ ਘਰਿ ਮੀਆ ਸਭਨਾਂ ਜੀਆਂ***
***ਬੋਲੀ ਅਵਰ ਤੁਮਾਰੀ*** ***ਅੰਗ - ੧੧੯੧***

ਮਹਾਰਾਜ ਕਹਿੰਦੇ, ਤੁਹਾਡਾ ਤਾਂ ਸਭਿਆਚਾਰ ਖਤਮ ਹੋ ਗਿਆ, ਮੌਲਿਕਤਾ ਖਤਮ ਹੋ ਗਈ, ਤੁਸੀਂ ਤਾਂ ਕਿਤੇ ਵੀ ਨਾ ਰਹੇ। ਰਾਜਾ ਐਨਾ ਅਨਿਆਈ ਹੋ ਗਿਆ ਕਿ ਹਲਕਿਆ ਹੋਇਆ ਕੁੱਤਾ ਤਾਂ ਅਜੇ ਕੁਛ ਨਹੀਂ ਵਿਗਾੜ ਸਕਦਾ, ਇਹ ਤਾਂ ਜਿਵੇਂ ਕੋਈ ਬਘਿਆੜ ਹਲਕ ਗਏ, ਜਨਤਾ ਨੂੰ ਪਾੜ-ਪਾੜ ਕੇ ਖਾ ਰਹੇ ਨੇ। ਸ਼ਾਂਤਮਈ ਕੁਰਬਾਨੀਆਂ ਦੇ ਦਿਤੀਆਂ ਗੁਰੂ ਪੰਜਵੇਂ ਪਾਤਸ਼ਾਹ ਨੇ, ਤੱਤੀਆਂ ਤਵੀਆਂ, ਉਬਲਦੀਆਂ ਦੇਗਾਂ 'ਚ ਬੈਠ ਗਏ, ਮੂੰਹ ਤੋਂ ਮਾੜਾ ਬਚਨ ਨਹੀਂ ਕਿਹਾ, ਸਰਾਪ ਨਹੀਂ ਦਿਤਾ। ਜੇ ਇਕ ਫੁਰਨਾ ਕਰ ਦਿੰਦੇ ਤਾਂ ਸਭ ਖਤਮ ਕਰ ਸਕਦੇ ਸੀ। ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੇ ਚਾਂਦਨੀ ਚੌਂਕ ਦੇ ਉਤੇ, ਆਪਣੀ ਜਾਨ ਤੋਂ ਪਿਆਰੇ ਨੂੰ ਸਿੱਖਾਂ ਨੂੰ ਆਰਿਆਂ ਨਾਲ ਚੀਰਦੇ ਦੇਖਿਆ। ਦੇਗਾਂ 'ਚ ਉਬਲਦੇ ਦੇਖਿਆ, ਰੂੰ 'ਚ ਬੰਨ੍ਹ ਕੇ ਸਤੀਦਾਸ ਵਰਗਿਆਂ ਨੂੰ ਜਲਦੇ ਦੇਖਿਆ। ਲੇਕਿਨ ਆਪ ਨੇ ਸਭ ਸਹਿ ਲਿਆ, ਅਜਰ ਜਰ ਲਿਆ ਤੇ ਇਕ ਬਚਨ ਵੀ ਮਾੜਾ ਨਹੀਂ ਕਿਹਾ ਉਨ੍ਹਾਂ ਨੂੰ। ਜਿਵੇਂ ਭਾਈ ਮਤੀਦਾਸ ਨੇ ਕਹਿ ਦਿਤਾ ਸੀ ਕਿ ਜੇ ਮੈਨੂੰ ਆਗਿਆ ਦੇਣ ਗੁਰੂ ਸਾਹਿਬ ਤਾਂ ਮੈਂ ਲਾਹੌਰ ਤੇ ਦਿੱਲੀ ਨੂੰ ਹੁਣੇ ਗਰਕ ਕਰ ਦੇਵਾਂ, ਛੈਣੇ ਵਜਾ ਦੇਵਾਂ। ਮਹਾਰਾਜ ਕਹਿੰਦੇ, ਕਿੱਥੋਂ ਸ਼ਕਤੀ ਆਈ? ਕਹਿੰਦੇ ਕਿ ਮਹਾਰਾਜ ਗੰਨੇ ਦਾ ਛਿਲਕ ਚੂਪ ਲਿਆ ਸੀ, ਆਪ ਦੇ ਸ਼ੀਤ ਪ੍ਰਸਾਦ ਦਾ, ਮੇਰੇ ਤੋਂ ਹੁਣ ਸਾਂਭਿਆ ਨਹੀਂ ਜਾਂਦਾ। ਮਹਾਰਾਜ ਨੇ ਹੱਥ ਕਰਕੇ ਸਾਰੀ ਸ਼ਕਤੀ ਖਿੱਚ ਲਈ, ਕਹਿੰਦੇ ਨਾ, ਅਖੀਰ 'ਤੇ ਪਹੁੰਚਣਾ ਹੈ ਜਿੱਥੇ ਸ਼ਹਾਦਤ ਨੂੰ ਫਲ ਲੱਗਿਆ ਕਰਦੇ ਨੇ। ਕਹਿੰਦੇ, ਫੇਰ ਵੀ ਇਹਨੂੰ ਸਮਝ ਨਾ ਆਈ ਕਿ ਐਡੇ ਸਤਿਪੁਰਸ਼ਾਂ ਨੇ ਇਕ ਮੰਦਾ ਅੱਖਰ ਨਹੀਂ ਬੋਲਿਆ ਤੇ ਹੁਣ ਸਾਧਸੰਗਤ ਜੀ ਅਸੀਂ ਮਨੁੱਖ ਨੂੰ ਐਨਾ ਉਚਾ ਕਰ ਦੇਣਾ ਹੈ ਕਿ ਇਹ ਜਬਰ ਦੇ ਅੱਗੇ ਨਹੀਂ ਝੁਕੇਗਾ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - ੧੪੨੭***

ਇਕ ਸਿਰ ਦੀ ਲੋੜ ਹੈ, ਬਚਨ ਹੋ ਗਿਆ, ਸਨਾਟਾ ਛਾ ਗਿਆ। ਕਹਿੰਦੇ ਹਾਂ ਏਸ ਭਗਉਤੀ ਨੂੰ ਬਲੀ ਦੇਣੀ ਹੈ, ਆਹ ਸਾਡੇ ਹੱਥ ਵਿਚ ਹੈ ਦੇਵੀ, ਇਹ ਚੰਡਕਾ ਹੈ, ਦੁਰਗਾ ਹੈ, ਇਹ ਭਗਉਤੀ ਹੈ, ਇਹ ਬਲੀ ਮੰਗਦੀ ਹੈ ਇਕ ਸੀਸ ਦੀ। ਗੁਰਸਿੱਖ ਖੜ੍ਹਾ ਹੋ ਗਿਆ, ਭਾਈ ਦਇਆ ਰਾਮ ਜੀ। ਦੁਬਾਰਾ ਤੰਬੂ 'ਚੋਂ ਫੇਰ ਬਾਹਰ ਆ ਗਏ, ਖੂਨ ਨਿਕਲਦਾ, ਧਮਾਕਾ ਸੁਣਿਆ ਕਿ ਕੁਛ ਗਿਰਿਆ ਹੈ ਉਪਰੋਂ ਜ਼ੋਰ ਨਾਲ। ਜਦੋਂ ਫੇਰ ਆ ਕੇ ਆਵਾਜ਼ ਦਿਤੀ, ਦੂਸਰੇ ਫੇਰ ਨਿੱਤਰ ਗਏ। ਇਸੇ ਤਰ੍ਹਾਂ ਕਰਦੇ-ਕਰਦੇ ਪੰਜ ਚਲੇ ਗਏ। ਉਸ ਤੋਂ ਬਾਅਦ ਮਹਾਰਾਜ ਬਹੁਤ ਪ੍ਰਸੰਨ ਹੋਏ। ਲੇਕਿਨ ਹੈਰਾਨੀ ਹੋ ਗਈ ਕਿ ਥੋੜ੍ਹੀ ਦੇਰ ਤੋਂ ਬਾਅਦ ਸਾਰੇ ਕੀ ਦੇਖਦੇ ਨੇ ਕਿ ਉਵੇਂ ਜਿਵੇਂ ਪੰਜੇ ਹੀ ਸੁਰਜੀਤ ਹੋ ਕੇ ਬਾਹਰ ਆ ਰਹੇ ਨੇ, ਵਸਤਰ ਬਦਲੇ ਹੋਏ ਨੇ।

ਇਥੇ ਆ ਕੇ ਰੌਲਾ ਪੈ ਜਾਂਦਾ ਹੈ, ਇਕ ਪਾਸੇ ਤਾਂ ਅਕਲਾਂ ਵਾਲੇ ਹੋ ਜਾਂਦੇ ਨੇ, ਇਕ ਪਾਸੇ ਭਰੋਸੇ ਵਾਲੇ ਹੋ ਜਾਂਦੇ ਨੇ। ਇਕ ਪਾਸੇ ਤਾਂ ਉਹ ਗੁਰਸਿੱਖ ਨੇ ਜਿਹੜੇ ਕਹਿੰਦੇ ਨੇ-

***ਸਤਿਗੁਰੁ ਮੇਰਾ ਮਾਰਿ ਜੀਵਾਲੈ ॥*** ***ਅੰਗ - ੧੧੪੨***

ਜਿਨ੍ਹਾਂ ਦਾ ਨਿਸ਼ਚਾ ਇਹ ਹੈ ਕਿ ਗੁਰੂ ਅਮਰਦਾਸ ਮਹਾਰਾਜ ਜਦੋਂ ਗੋਇੰਦਵਾਲ ਨੂੰ ਜਾਇਆ ਕਰਦੇ ਸੀ, ਖਡੂਰ ਸਾਹਿਬ ਤੋਂ। ਇਕ ਦਿਨ ਇਕ ਸਿਹਾ (ਖਰਗੋਸ਼) ਮਰਿਆ ਪਿਆ ਹੈ ਪਗਡੰਡੀ ਵਿਚ। ਸਹਿਜ-ਸੁਭਾਅ ਗੁਰੂ ਮਹਾਰਾਜ ਦਾ ਚਰਨ ਛੋਹ ਗਿਆ ਉਹਦੇ ਨਾਲ, ਮਰਿਆ ਹੋਇਆ ਸਿਹਾ ਉਠ ਕੇ ਦੌੜ ਪਿਆ ਤੇ ਜਿਹੜਾ ਨਾਲ ਗੁਰਸਿੱਖ ਸੀ, ਜਾ ਕੇ ਗੁਰੂ ਅੰਗਦ ਸਾਹਿਬ ਨੂੰ ਕਿਹਾ ਪਾਤਸ਼ਾਹ! ਇਨ੍ਹਾਂ ਦੇ ਚਰਨਾਂ 'ਚ ਸੱਤਿਆ ਆ ਗਈ ਤੇ ਮਰੇ ਹੋਏ ਸਹੇ ਨੂੰ ਲੱਗ

ਗਿਆ, ਉਹ ਨੱਠ ਲਿਆ ਉਠ ਕੇ। ਮੈਂ ਫੇਰ ਧਿਆਨ ਦਿਤਾ, ਪਗਡੰਡੀ ਵਿਚ ਕੀੜੇ ਮਰੇ ਪਏ ਸੀ, ਜਿਹਦੇ ਉਤੇ ਇਨ੍ਹਾਂ ਦਾ ਚਰਨ ਟਿਕ ਜਾਂਦਾ ਸੀ, ਉਸੇ ਵੇਲੇ ਉਠ ਕੇ ਤੁਰ ਪੈਂਦਾ ਸੀ। ਇਥੇ ਕੋਈ ਨਹੀਂ ਬੋਲਦੇ ਇਹ, ਚੁੱਪ ਸੀ ਸਾਰੇ।

ਜਦੋਂ ਆਉਂਦਾ ਹੈ ਕਿ ਬਾਬਾ ਅਟੱਲ, ਮੋਹਨ ਨੇ ਪਿੱਤ ਨਾ ਦਿਤੀ ਤਾਂ ਉਨ੍ਹਾਂ ਨੇ ਕੂੰਡੀ ਪਾ ਕੇ ਕਿਹਾ ਕਿ ਪਿੱਤ ਦੇਹ, ਐਵੇਂ ਪਿਆ ਹੈਂ। ਉਸੇ ਵੇਲੇ ਉਠ ਕੇ ਉਹ ਖੜ੍ਹਾ ਹੋ ਜਾਂਦਾ ਹੈ, ਕੱਲ੍ਹ ਦਾ ਮਰਿਆ ਹੋਇਆ। ਗੁਰੂ ਤੀਸਰੇ ਪਾਤਸ਼ਾਹ ਦੇ ਪਾਸ ਲੈ ਆਉਂਦੇ ਨੇ। ਗੋਇੰਦਵਾਲ ਸਾਹਿਬ, ਮਰੇ ਹੋਏ ਲੈ ਆਉਂਦੇ ਨੇ ਗੁਰੂ ਜੀ ਦ੍ਰਿਸ਼ਟੀ ਪਾਉਂਦੇ ਨੇ, ਚਰਨ ਛੋਹ ਦਿੰਦੇ ਨੇ, ਉਠ ਕੇ ਬਹਿ ਜਾਂਦੇ ਨੇ। ਅਖੀਰ ਮਹਾਰਾਜ ਨੇ ਕਿਹਾ ਕਿ ਕਿੰਨਿਆਂ ਨੂੰ ਜੀਉਂਦੇ ਕਰਾਂਗੇ, ਕਾਲ ਨੂੰ ਬੁਲਾਇਆ, ਕਹਿੰਦੇ ਸਾਡੇ ਹੁੰਦੇ ਨਾ ਇਥੇ ਗੋਇੰਦਵਾਲ ਸਾਹਿਬ 'ਚ ਆਈਂ। ਕਾਲ ਹੀ ਬੰਦ ਕਰ ਦਿਤਾ। ਗੁਰਸਿੱਖ ਬੰਦ ਕਰ ਦਿੰਦੇ ਨੇ ਕਾਲ ਨੂੰ-

*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ ਅੰਗ - ੨੬੨*

ਜਦੋਂ ਬਾਬਾ ਗੁਰਦਿੱਤਾ ਜੀ ਬਾਰੇ ਪੜ੍ਹਦੇ ਹਾਂ ਕਿ ਗਊ ਮਰ ਗਈ, ਪਹਾੜੀਆਂ ਨੇ ਰੌਲਾ ਪਾ ਦਿਤਾ। ਗਲਤੀ ਨਾਲ ਜਾ ਕੇ ਤੀਰ ਲੱਗਿਆ ਸੀ, ਆਂਦਰਾਂ ਬਾਹਰ ਨਿਕਲ ਕੇ ਗਿਰ ਗਈਆਂ। ਪਹਾੜੀ ਰੌਲਾ ਪਾਉਂਦੇ ਨੇ ਕਿ ਅਸੀਂ ਸ਼ਿਕਾਇਤ ਕਰਾਂਗੇ। ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਲਾਹ ਦਿਤੇ, ਅਸੀਂ ਹੁਣ ਯੁੱਧ ਨਹੀਂ ਕਰਨਾ। ਧਰਮ ਸੰਕਟ ਖੜ੍ਹਾ ਹੋ ਗਿਆ ਕਿ ਹੁਣ ਕਰੀਏ ਕੀ? ਇਕ ਪਾਸੇ ਮਹਾਰਾਜ ਨੇ ਚੰਗਾ ਨਹੀਂ ਸਮਝਿਆ, ਬਾਬਾ ਅਟੱਲ ਨੂੰ ਜਾਣ ਕੇ ਆਪਣਾ ਸਰੀਰ ਦੇਣਾ ਪਿਆ। ਅਖੀਰ ਕਿਹਾ ਕਿ ਚੰਗਾ, ਅਸੀਂ ਆਪਣਾ ਸਰੀਰ ਦੇ ਦੇਵਾਂਗੇ। ਮਹਾਰਾਜ ਜੀ ਨੂੰ ਕਿਸੇ ਸੰਕਟ 'ਚ ਨਹੀਂ ਪਾਉਣਾ। ਵਾਹਿਗੁਰੂ ਕਿਹਾ ਤੇ ਗਊ ਦੇ ਉਤੇ ਪਾਣੀ ਸੁੱਟਿਆ, ਉਹ ਖੜ੍ਹੀ ਹੋ ਜਾਂਦੀ ਹੈ।

ਨਾਮਦੇਵ ਦੇ ਬਾਰੇ ਪੜ੍ਹਦੇ ਹਾਂ ਕਿ ਬ੍ਰਾਹਮਣ ਲੜਕਾ ਮਰ ਗਿਆ ਨੌਜਵਾਨ 22 ਸਾਲ ਦਾ ਤੇ ਸਤੀ ਹੋਣ ਵਾਸਤੇ ਪਿਛੇ ਜਾਂਦੀ ਹੈ ਉਸਦੀ ਘਰਵਾਲੀ ਜਦੋਂ ਮੱਥਾ ਟੇਕਣ ਆਈ ਤੇ ਸੰਤਾਂ ਦੇ ਮੁੱਖ ਤੋਂ ਫੁਰਮਾਨ ਹੋਇਆ ਕਿ ਬੀਬੀ! ਵਡ ਸੁਹਾਗਣ ਹੋ। ਕਹਿਣ ਲੱਗੀ, ਬਾਬਾ ਜੀ! ਮੇਰਾ ਸੁਹਾਗ ਤਾਂ ਚਿਤਾ ਤੇ ਰੱਖਣ ਵਾਲਾ ਹੈ। ਆਹ ਜਾ ਰਿਹਾ ਹੈ ਅਰਥੀ 'ਤੇ, ਕ੍ਰਿਪਾ ਕਰੋ। ਵਾਪਸ ਆ ਗਏ। ਸੰਕਟ ਪੈਦਾ ਹੋ ਗਿਆ, ਹੁਣ ਸੰਤਾਂ ਨੇ ਬਚਨ ਤਾਂ ਕਰ ਦਿਤਾ, ਹੁਣ ਪਿੱਛੇ ਕਿਵੇਂ ਹਟਣ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ ਜਲ ਛਿੜਕ ਦੇ ਰਾਮ ਕਹਿ ਕੇ, ਜਿਹੜਾ ਤੇਰੇ ਮੂਹਰੇ ਪਿਆ ਹੈ। ਕਹਿ ਦੇਹ ਕਿ ਉਠ ਜਾਵੇ। ਉਹ ਉਠ ਕੇ ਖੜ੍ਹਾ ਹੋ ਜਾਂਦਾ ਹੈ।

ਸ਼ਮਸ਼ਤਬਰੇਜ਼ ਨੂੰ ਫੜ ਲਿਆ ਜਾਂਦਾ ਹੈ ਮੁਲਤਾਨ ਦੇ ਅੰਦਰ, ਨਵਾਬ ਦਾ ਲੜਕਾ ਮਰਿਆ ਹੋਇਆ ਹੈ, ਮੁੱਲਾਂ ਫੜੇ ਹੋਏ ਨੇ, ਕਹਿੰਦੇ ਜਾਂ ਤਾਂ ਜੀਉਂਦਾ ਕਰ ਦਿਓ ਲੜਕਾ ਜਾਂ ਮਾਰ ਦੇਵਾਂਗੇ। ਚਲਾਕੀ ਦੇ ਨਾਲ ਸ਼ਮਸ਼ਤਬਰੇਜ਼ ਨੂੰ ਕੈਦ ਕਰਾ ਦਿਤਾ। ਮਿੰਨਤਾ ਕਰਦੇ ਨੇ ਰੋਂਦੇ ਨੇ, ਚਰਨ ਫੜਦੇ ਨੇ ਕਿ ਪੀਰ ਜੀ ਹੁਣ ਬਚਾ ਲਓ। ਕਹਿੰਦੇ, ਫੇਰ ਤੁਸੀਂਓਂ ਮੈਨੂੰ ਫਤਵਾ ਦੇ ਦੇਣਾ ਹੈ। ਕਿਉਂਕਿ ਤੁਸੀਂ ਰੱਬ ਦੇ ਭੇਤ ਨੂੰ ਨਹੀਂ ਜਾਣਦੇ। ਰੱਬ ਦੀ ਖੇਡ ਨੂੰ ਨਹੀਂ ਜਾਣਦੇ। ਮੁਰਦਾ ਲਿਆ ਕੇ ਸਾਮ੍ਹਣੇ ਰੱਖ ਦਿਤਾ ਜਾਂਦਾ ਹੈ, ਕਹਿੰਦੇ, ਸਾਡੇ 'ਚ ਤਾਂ ਆਹੀ ਹੈ ਜਿਹੜਾ ਜੀਉਂਦਾ ਕਰ ਸਕਦਾ ਹੈ ਤੇ ਉਸ ਵੇਲੇ ਆਪ ਨੇ ਤਿੰਨ ਵਾਰੀ ਕਿਹਾ ਕਿ ਓ ਲੜਕੇ! ਖ਼ੁਦਾ ਕੇ ਹੁਕਮ ਸੇ ਉਠ ਕੇ ਖੜ੍ਹਾ ਹੋ ਜਾ। ਲੜਕਾ ਨਹੀਂ ਉਠਿਆ। ਚੌਥੀ ਵਾਰ ਜਦੋਂ ਕਹਿਣ ਲੱਗੇ ਤਾਂ ਉਨ੍ਹਾਂ ਨੇ ਕਿਹਾ ਕਿ ਹੁਣ ਤੁਸੀਂ ਮੈਨੂੰ ਫਤਵਾ ਦੇ ਦਿਓਂਗੇ। ਕਹਿੰਦੇ, ਨਾ ਮਹਾਰਾਜ! ਤੁਸੀਂ ਸਾਡੀ ਜਾਨ ਬਚਾਉਂਦੇ ਓਂ ਫੇਰ ਫਤਵਾ ਕਾਹਦਾ। ਕਹਿੰਦੇ, ਮੈਂ ਤੁਹਾਡੀ ਸ਼ਰਾ ਤੋੜਨ ਲੱਗਿਆ ਹਾਂ। ਕਹਿੰਦੇ, ਜੀਉਂਦਾ ਕਰ ਦਿਓ ਮਹਾਰਾਜ ਸ਼ਰਾ ਕਾਹਦੀ ਤੋੜ ਦਿਓਂਗੇ ਤੁਸੀਂ? ਕਹਿੰਦੇ, ਓ ਲੜਕੇ! ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਖੜ੍ਹਾ ਹੋ ਗਿਆ, ਉਹ ਵੀ ਮੰਨ ਲੈਂਦੇ ਨੇ, ਅਨੇਕਾਂ ਗੱਲਾਂ ਮੰਨ ਲਈਆਂ ਜਾਂਦੀਆਂ ਨੇ ਪਰ ਜਦੋਂ ਗੁਰੂ ਦਸਵੇਂ ਪਾਤਸ਼ਾਹ ਦੀ ਵਾਰੀ ਆਉਂਦੀ ਹੈ, ਉਸ ਵੇਲੇ ਹੁਣ ਸੋਚਣ ਲੱਗ ਜਾਂਦੇ ਨੇ ਕਿ ਅੰਦਰ ਖੜਕਾ ਹੋਇਆ ਹੈ, ਇਹ ਤਾਂ ਮੰਨ ਲੈਂਦੇ ਹਾਂ, ਖ਼ੂਨ ਆਇਆ ਇਹ ਵੀ ਮੰਨ ਲੈਂਦੇ ਹਾਂ। ਪਰ ਬੰਦਾ ਤਾਂ ਨਹੀਂ ਮਾਰਿਆ ਹੋਣਾ ਮਹਾਰਾਜ ਨੇ, ਅੰਦਰ ਬੱਕਰੇ ਬੰਨ੍ਹੇ ਹੋਣੇ ਨੇ। ਹੁਣ ਇਹਦੇ ਉਤੇ ਜੇ ਵਿਚਾਰ ਕਰੀਏ ਕਿ ਮਹਾਰਾਜ ਨੇ ਤਾਂ ਕਿਸੇ ਨੂੰ ਭੇਤ ਹੀ ਨਹੀਂ ਦਿਤਾ, ਰਾਤ ਨੂੰ ਇੱਕਲੇ ਹੀ ਧੂੰਹਦੇ ਰਹੇ, ਮਹਾਰਾਜ ਦੇ ਤਾਂ ਆਲੇ-ਦੁਆਲੇ ਹਰ ਵਕਤ ਪਹਿਰਾ ਰਹਿੰਦਾ, ਇਕੱਲੇ ਕਦੋਂ ਨਿਕਲ ਗਏ। ਫੇਰ ਜੇ ਕਿਸੇ ਸਿੱਖ ਨੂੰ ਪਤਾ ਵੀ ਹੋਵੇ ਏਸ ਗੱਲ ਤਾਂ ਦੂਜੇ ਨੰਬਰ 'ਤੇ ਉਹਨੂੰ ਖੜ੍ਹਾ ਹੋਣਾ ਚਾਹੀਦਾ ਸੀ ਕਿ ਅੰਦਰ ਬੱਕਰਾ ਹੀ ਮਾਰਿਆ ਹੈ, ਕੁਛ ਨਹੀਂ ਹੈ। ਨਾਲਦਿਆਂ ਨੂੰ ਵੀ ਕਹਿ ਦਿੰਦਾ ਕਿ ਆ ਜੋ ਹੁਣ ਮੌਕਾ ਹੈ ਗੁਰੂ ਨੂੰ ਪ੍ਰਸੰਨ ਕਰਨ ਦਾ। ਫੇਰ ਮਰੇ ਹੋਏ ਕਿੱਥੇ ਚੁੱਕ ਕੇ ਸੁੱਟੇ? ਕਿਸੇ ਇਤਿਹਾਸਕਾਰ ਨੇ ਲਿਖਣਾ ਹੀ ਸੀ ਕਿ ਬਾਅਦ ਵਿਚ ਬੱਕਰਿਆਂ ਦੇ ਜਿਹੜੇ ਸਰੀਰ ਸੀ ਉਹ ਕੱਢ ਲਏ ਅੰਦਰੋਂ ਤੰਬੂ 'ਚੋਂ।

ਗੁਰੂ ਪੀਰਾਂ ਦਾ ਇਤਿਹਾਸ, ਸੰਤਾਂ ਦਾ ਇਤਿਹਾਸ, ਸ਼ਰਧਾ ਦਾ ਇਤਿਹਾਸ ਹੁੰਦਾ ਹੈ। ਰਾਜਿਆਂ ਦਾ ਇਤਿਹਾਸ ਖੁਸ਼ਾਮੰਦ ਦਾ ਇਤਿਹਾਸ ਹੋਇਆ ਕਰਦਾ ਹੈ, ਨਿਰੋਲ ਇਤਿਹਾਸ ਕੋਈ ਵੀ ਨਹੀਂ ਲਿਖਣ ਜਾਣਦਾ, ਨਾ ਹੀ ਕਿਸੇ ਨੇ ਅੱਜ ਤੱਕ ਲਿਖਿਆ ਹੈ। ਗੁਰਸਿੱਖਾਂ ਦਾ ਜੋ ਇਤਿਹਾਸ ਹੈ ਉਹ ਸਹੀ ਹੋਇਆ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਮਿਸਾਲ ਆਉਂਦੀ ਹੈ ਕਿ ਨਾਮਦੇਵ ਦੇ ਅੱਗੇ ਮਰੀ

ਹੋਈ ਗਊ ਰੱਖ ਦਿਤੀ, ਬਿਸਮਿਲ ਕਰਕੇ। ਨਾਮਦੇਵ ਕਹਿੰਦੇ ਨੇ ਕਿ ਬਾਦਸ਼ਾਹ! ਐਸੀ ਕਿਉਂ ਹੋਏ –

*ਬਿਸਮਿਲਿ ਕੀਆ ਨ ਜੀਵੈ ਕੋਇ ॥ ਅੰਗ – ੧੧੬੫*

ਲੇਕਿਨ ਬਾਅਦ 'ਚ ਕੀ ਹੁੰਦਾ ਹੈ ਗਊ ਜੀਉਂਦੀ ਹੋ ਜਾਂਦੀ ਹੈ। ਕੋਈ ਖੇਲ੍ਹ ਵਰਤਿਆ ਕਿਸੇ ਤਰ੍ਹਾਂ ਦਾ। ਉਹ ਨਿਮਰਤਾ ਸੀ ਨਾਮਦੇਵ ਦੀ ਕਿ ਪ੍ਰਮੇਸ਼ਰ ਨੂੰ ਯਾਦ ਕੀਤਾ ਉਸਨੇ, ਕਰ ਉਹ ਵੀ ਸਕਦਾ ਸੀ। ਗੁਰੂ ਸਮਰੱਥ ਸੀ –

*ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਅੰਗ – ੧੧੪੨*

ਸੱਚਮੁੱਚ ਸੀਸ ਲਏ ਤੇ ਬਾਅਦ ਵਿਚ ਉਨ੍ਹਾਂ ਨੇ ਸੁਰਜੀਤ ਕਰ ਦਿਤੇ। ਬੜਾ ਭਾਰਾ ਕੌਤਕ ਹੋਇਆ ਤੇ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ –

***ਲਬਪੁਰ ਜਨਮ ਬਸਨ ਕੋ ਧਾਮੁ***
***ਦਇਆ ਗੁਰੂ ਬਖਸਿਓ ਨਾਮੁ***

ਪਹਿਲੇ ਨੇ ਕਿਹਾ ਕਿ ਮੇਰਾ ਨਾਉਂ ਦਇਆ ਰਾਮ ਹੈ, ਇਸੇ ਤਰ੍ਹਾਂ ਪੰਜੇ ਆ ਗਏ। ਆਪ ਨੇ ਜਲ ਮੰਗਾਇਆ, ਖੰਡਾ ਬਾਟਾ ਮੰਗਾਇਆ ਅੱਜ ਦੇ ਦਿਨ, ਉਸ ਤੋਂ ਬਾਅਦ ਆਪ ਪੂਰੇ ਜਲਾਲ ਦੇ ਅੰਦਰ ਆ ਕੇ ਜਲ ਵਲ ਦੇਖ ਰਹੇ ਨੇ ਤੇ ਖੰਡੇ ਦੀ ਚਾਲ ਦੇ ਨਾਲ ਬਾਣੀ ਪੜ੍ਹੀ ਜਾ ਰਹੀ ਹੈ, ਤਬਲਾ ਨਹੀਂ ਉਥੇ ਵੱਜ ਰਿਹਾ, ਵਾਜਾ ਨਹੀਂ ਵੱਜ ਰਿਹਾ, ਕੋਈ ਤਾਲ ਨਹੀਂ ਚੱਲ ਰਿਹਾ, ਤਾਲ ਖੰਡੇ ਦਾ ਚਲ ਰਿਹਾ ਹੈ। ਆਵਾਜ਼ ਆ ਰਹੀ ਹੈ ਖੰਡੇ ਦੀ ਤੇ ਨਾਲ ਬਾਣੀ ਚੱਲ ਰਹੀ ਹੈ। ਹਿਰਦੇ 'ਚੋਂ ਹੋ ਕੇ ਬਾਂਹ ਦੇ ਰਾਹੀਂ, ਹੱਥ ਵਿਚੀਂ ਹੋ ਕੇ ਖੰਡੇ 'ਚ ਪ੍ਰਵੇਸ਼ ਕਰਕੇ ਜਲ ਦੇ ਅੰਦਰ ਮੰਤਰ ਜਾ ਰਿਹਾ ਹੈ। ਅੱਜ ਤੱਕ ਮੰਤਰ ਇਸ ਤਰ੍ਹਾਂ ਨਹੀਂ ਸੀ ਕਿਸੇ ਨੇ ਕੀਤਾ। ਹਾਂ, ਜਲ ਮੰਤਰਿਆ ਜਾਂਦਾ ਹੈ, ਸਾਮ੍ਹਣੇ ਰੱਖ ਲਓ ਤੇ ਪਾਠ ਕਰ ਲਓ ਜਲ ਮੰਤਰਿਆ ਜਾਏਗਾ। ਜਿੰਨੇ ਮੰਤਰੀ ਨੇ ਇਵੇਂ ਹੀ ਕਰਦੇ ਨੇ, ਲੇਕਿਨ ਕਿਸੇ ਨੇ ਖੰਡਾ ਨਹੀਂ ਜਲ ਵਿਚ ਫੇਰਿਆ। ਇਹ ਇਕ ਅਲੌਕਿਕ ਗੱਲ ਸੀ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਅੰਮ੍ਰਿਤ ਤਿਆਰ ਕੀਤਾ, ਪੰਜ ਬਾਣੀਆਂ ਪੜ੍ਹੀਆਂ ਤੇ ਥੋੜ੍ਹਾ ਜਿਹਾ ਜਲ ਬਾਹਰ ਰੱਖ ਦਿਤਾ, ਦੋ ਚਿੜ੍ਹੇ ਦੇਖਦੇ ਸੀ ਤੇ ਇਕ ਦਮ ਆ ਕੇ ਉਨ੍ਹਾਂ ਨੇ ਚੁੰਝ ਨੂੰ ਲਾ ਲਿਆ ਤੇ ਚੁੰਝ ਅੰਦਰ ਲੈ ਗਏ ਪਾਣੀ ਜਿਵੇਂ ਪੀਂਦੇ ਹੁੰਦੇ ਨੇ, ਦੇਖਦੇ-ਦੇਖਦੇ ਆਪਸ ਵਿਚ ਲੜਨਾ ਸ਼ੁਰੂ ਕਰ ਦਿਤਾ। ਬਾਬਾ ਗੁਰਬਖਸ਼ ਸਿੰਘ ਜੀ, ਬਾਬਾ ਰਾਮ ਕੋਇਰ ਜੀ ਜਿਨ੍ਹਾਂ ਨੂੰ ਕਹਿੰਦੇ ਬਾਬਾ ਬੁੱਢਾ ਜੀ ਦੇ ਪੜੋਤੇ ਪਹਿਲੀ ਲਾਈਨ 'ਚ ਬੈਠੇ ਸੀ, ਹੋਰ ਵੀ ਸਿੰਘ ਬੈਠੇ ਸੀ। ਉਹ ਡਰ ਤਾਂ ਜਾਂਦਾ ਰਿਹਾ, ਉਹ ਦੇਖਣ ਲੱਗ ਗਏ ਕਿ ਜਲ ਐਨਾ ਸ਼ਕਤੀਸ਼ਾਲੀ ਹੋ ਗਿਆ, ਆਹ ਚਿੜ੍ਹੇ ਤਾਂ ਹਟਦੇ ਹੀ ਨਹੀਂ ਲੜਨ ਤੋਂ, ਸਾਰੇ ਹਾਸਾ ਪੈ ਗਿਆ। ਬਾਬਾ ਜੀ ਉਸੇ ਵੇਲੇ ਉਠ ਕੇ ਖੜ੍ਹੇ ਹੋ ਗਏ, ਅਨੁਭਵ ਕਰ ਲਿਆ ਕਿ ਬਹੁਤ ਕਰਾਰਾ ਤੇਜ ਦੇ ਦਿਤਾ ਜਲ ਨੂੰ, ਇਹ ਸਹਿਨ ਨਹੀਂ ਹੋਣਾ ਮਨੁੱਖ ਤੋਂ। ਮਾਤਾ ਜੀਤੋ ਜੀ ਕੋਲ ਗਏ ਕਹਿਣ ਲੱਗੇ, ਮਾਤਾ ਜੀ! ਬਚਾ ਲਓ ਪੰਥ ਨੂੰ? ਕਹਿੰਦੇ, ਕੀ ਗੱਲ? ਕਹਿੰਦੇ, ਐਨਾ ਤੇਜ ਭਰ ਦਿਤਾ ਜਲ ਦੇ ਅੰਦਰ ਕਿ ਸਾਡੇ ਦੇਖਦੇ-ਦੇਖਦੇ ਦੋ ਚਿੜੇ ਲੜ-ਲੜ ਕੇ ਖਤਮ ਹੀ ਹੋ ਗਏ। ਮਾਤਾ ਜੀ ਉਸੇ ਵੇਲੇ ਪਤਾਸੇ ਲੈ ਕੇ ਮਹਾਰਾਜ ਜੀ ਕੋਲ ਆ ਗਏ, ਪਾਤਸ਼ਾਹ! ਆਗਿਆ ਦਿਓ ਕਿ ਮੈਂ ਜਲ ਨੂੰ ਮਿੱਠਾ ਕਰ ਦੇਵਾਂ। ਕਹਿੰਦੇ, ਭਲਾ ਹੋਇਆ ਤੂੰ ਆ ਗਈ, ਭਲਾ ਹੋਇਆ ਤੇਰਾ ਹਿੱਸਾ ਪੈ ਗਿਆ, ਬੀਬੀਆਂ ਦਾ ਹਿੱਸਾ ਪੈ ਗਿਆ, ਮਾਂ ਦਾ ਹਿੱਸਾ ਪੈ ਗਿਆ ਇਹਦੇ 'ਚ। ਹੁਣ ਮਾਂ ਦੇ ਪਿਆਰ ਨਾਲ ਖਾਲਸਾ ਪਿਆਰ ਵਾਲਾ ਬਣੇਗਾ, ਕਰੂਰ ਨਹੀਂ ਹੋਏਗਾ ਤੇ ਸੁਨਿਹਰੇ ਬਾਟੇ ਦੀ ਸਾਂਝ ਖਾਲਸੇ ਨੂੰ ਇਕੱਠਾ ਰੱਖੇਗੀ। ਸੋ ਓਸ ਦ੍ਰਿਸ਼ ਨੂੰ ਭਾਈ ਗੁਰਦਾਸ ਜੀ ਦੂਸਰਿਆਂ ਨੇ ਸਾਕਾਰ ਕਰਨ ਵਾਸਤੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

***ਧਾਰਨਾ – ਪੀਵਹੁ ਪਾਹੁਲ ਖੰਡੇਧਾਰ***
***ਹੋਵੇ ਜਨਮ ਸੁਹੇਲਾ।***
***ਹਰਿ ਸਚੇ ਤਖਤ ਰਚਾਇਆ***
***ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।***
***ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ, ਵਾਰ 41/1***

ਹੈਰਾਨ ਹੋ ਗਏ ਸਾਰੇ, ਗੁਰੂ ਨੇ ਆਪਣਾ ਰੂਪ ਬਣਾ ਲਿਆ ਸਿੱਖ ਨੂੰ। ਗੁਰੂ ਨਾਨਕ ਨਿਵੇ ਸੀ ਗੁਰੂ ਅੰਗਦ ਸਾਹਿਬ ਦੇ ਅੱਗੇ, ਗੁਰੂ ਅੰਗਦ ਸਾਹਿਬ ਨੇ ਮੱਥਾ ਟੇਕਿਆ ਗੁਰੂ ਅਮਰਦਾਸ ਜੀ ਨੂੰ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ ਮਹਾਰਾਜ ਗੁਰੂ ਰਾਮਦਾਸ ਜੀ ਨੂੰ, ਤੇ ਇਸੇ ਤਰ੍ਹਾਂ ਟੇਕਦੇ-ਟੇਕਦੇ ਅੱਜ ਆ ਗਿਆ ਕਿ ਹੁਣ ਗੁਰੂ ਦਸ਼ਮੇਸ਼ ਪਿਤਾ ਕੀਹਨੂੰ ਮੱਥਾ ਟੇਕਣਗੇ? ਕੋਈ ਹੈ ਐਸਾ ਜਿਹਦੇ ਅੱਗੇ ਨਿਵ ਜਾਣ।? ਉਸ ਵੇਲੇ ਗੁਰੂ ਮਹਾਰਾਜ ਆਪਣੇ ਸਥਾਨ ਤੋਂ ਉਠੇ, ਅੰਮ੍ਰਿਤ ਛਕਾਇਆ ਜਾ ਰਿਹਾ ਹੈ, ਪੰਜ ਨੇ ਫੇਰ ਛਕਿਆ, ਪੰਜ ਨੇ ਹੋਰ ਛਕਿਆ, ਵੀਹ ਨੇ ਫੇਰ ਛਕਿਆ, ਕਹਿੰਦੇ ਹੁਣ ਤੁਸੀਂ ਬਹਿ ਜਾਓ ਸਾਰੇ। ਹੁਣ ਤੁਸੀਂ ਸਾਰੇ ਪਿਆਰੇ ਬਣਦੇ ਜਾਂਦੇ ਓਂ ਦੀਦਾਰੀ ਸਿੱਖ, ਮੁਕਤੇ ਸਿੱਖ, ਵਰਦਾਨ ਦਿੰਦੇ ਰਹੇ। ਵੀਹ ਹਜ਼ਾਰ ਨੇ ਅੰਮ੍ਰਿਤ ਛਕਿਆ ਪਹਿਲੇ ਦਿਨ। ਗੁਲਾਮ ਮਯਉਦੀਨ ਰਿਪੋਰਟਰ ਸੀਗਾ ਔਰੰਗਜ਼ੇਬ ਨੇ ਭੇਜਿਆ ਹੋਇਆ ਕਿ ਤੂੰ ਪਤਾ ਤਾਂ ਕਰ ਕਿ ਗੁਰੂ ਗੋਬਿੰਦ ਸਿੰਘ ਕਰ ਕੀ ਰਹੇ ਨੇ? ਉਹਨੇ ਲਿਖਿਆ ਹੈ ਕਿ ਮੈਂ ਹੈਰਾਨ ਹੋ ਗਿਆ ਕਿ ਪਹਿਲੀਆਂ ਰਸਮ ਰਿਵਾਜ, ਜਾਤ ਪਾਤ ਜੋ ਹਿੰਦੂ ਧਰਮ ਦੇ

ਅੰਦਰ ਸੰਗਲਾਂ ਵਾਂਗੂੰ ਬੰਨ੍ਹੀਂ ਬੈਠੇ ਸੀ ਇਨ੍ਹਾਂ ਨੂੰ, ਆਹ ਗੁਰੂ ਗੋਬਿੰਦ ਸਿੰਘ ਨੇ ਹੱਥਕੜੀਆਂ ਇਕ ਸ਼ਬਦ ਦੇ ਨਾਲ ਉਡਾ ਕੇ ਪਰ੍ਹੇ ਮਾਰੀਆਂ। ਮੈਂ ਦੇਖਿਆ ਇਕੱਠੇ ਹੀ ਖਾਣਾ ਸ਼ੁਰੂ ਕਰ ਦਿਤਾ, ਵਿਚ ਹੀ ਸ਼ੂਦਰ ਨੇ, ਵਿਚ ਹੀ ਉਚੀਆਂ ਜਾਤਾਂ ਵਾਲੇ ਨੇ। ਪਰ ਫੇਰ ਵੀ ਅਭਿਮਾਨੀ ਬਹੁਤ ਸੀ, ਉਠ ਕੇ ਖੜ੍ਹੇ ਹੋ ਗਏ। ਕਹਿੰਦੇ ਆਹ ਛੋਕਰੇ ਦੀ ਗੱਲ ਅਸੀਂ ਨਹੀਂ ਮੰਨਣੀ। ਬੁਰਾ ਭਲਾ ਕਹਿਣ ਲੱਗ ਗਏ ਕਿ ਅਸੀਂ ਤਾਂ ਨੌਂਵਾਂ ਪਾਤਸ਼ਾਹੀਆਂ ਤੱਕ ਸਿੱਖ ਰਹਿਣਾ ਹੈ, ਦੱਸਵਾਂ ਅਸੀਂ ਨਹੀਂ ਧਾਰਨ ਕਰਨਾ। ਅਸੀਂ ਵੇਦਾਂ ਨੂੰ ਮੰਨਣਾ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਵੇਦਾਂ ਦੇ ਮੁਕਾਬਲੇ ਤੇ ਨਹੀਂ ਲੈ ਕੇ ਜਾਣਾ। ਅਸੀਂ ਤੀਰਥਾਂ ਨੂੰ ਮੰਨਣਾ ਹੈ, ਅਸੀਂ ਕੇਸ ਵੀ ਕਟਾਉਣੇ, ਦਾੜ੍ਹੀਆਂ ਵੀ ਕਟਾਉਣੇ ਨੇ, ਇਹ ਕਹਿੰਦਾ ਹੈ ਕਿ ਦਾੜ੍ਹੀ ਕੇਸ ਨੂੰ ਹੱਥ ਨਾ ਲਾਇਓ, ਇਹ ਕਿਵੇਂ ਅਸੀਂ ਸੰਸਾਰ 'ਚ ਰਹਾਂਗੇ? ਅਸੀਂ ਤਾਂ (isolate) ਵੱਖਰੇ ਰਹਿ ਜਾਵਾਂਗੇ, ਅਸੀਂ ਇਹਦੀ ਗੱਲ ਨਹੀਂ ਮੰਨਦੇ। ਕਹਿੰਦੇ, ਬਹੁਤ ਸਾਰੇ ਐਸੇ ਵੀ ਸੀਗੇ। ਪਰ ਵੀਹ ਹਜ਼ਾਰ ਨੇ ਅੰਮ੍ਰਿਤ ਛਕ ਲਿਆ ਤੇ ਮੈਂ ਹੈਰਾਨ ਹੋਈ ਜਾਵਾਂ ਕਿ ਜਿਹੜਾ ਅੰਮ੍ਰਿਤ ਛਕ ਕੇ ਆਵੇ, ਉਹਦੇ ਪੈਰ ਹੀ ਨਾ ਧਰਤੀ ਨਾਲ ਲੱਗਣ। ਉਹ ਹੋਰ ਹੀ ਬਣ ਜਾਵੇ। ਜਿਵੇਂ ਕੋਈ ਜੋਸ਼ ਭਰ ਦਿਤਾ ਹੁੰਦਾ ਹੈ, ਆਬ-ਏ-ਹਿਆਤ ਪਿਲਾ ਦਿਤਾ ਗੁਰੂ ਗੋਬਿੰਦ ਸਿੰਘ ਨੇ। ਉਸ ਤੋਂ ਵੀ ਮੇਰੀ ਹੈਰਾਨੀ ਵੱਧ ਗਈ। ਉਹ ਕਹਿੰਦੇ ਭਾਈ ਦਇਆ ਸਿੰਘ ਤੁਹਾਨੂੰ ਸਿੰਘ ਦਾ ਖਿਤਾਬ ਮਿਲ ਗਿਆ। ਭਾਈ ਧਰਮ ਸਿੰਘ ਤੁਸੀਂ ਧਰਮ ਦਾਸ ਨਹੀਂ ਰਹੇ, ਸਿੰਘ ਬਣ ਗਏ। ਹਿੰਮਤ ਰਾਏ ਜੀ ਤੁਸੀਂ ਹਿੰਮਤ ਸਿੰਘ ਬਣ ਗਏ। ਮੋਹਕਮ ਚੰਦ ਜੀ ਤੁਸੀਂ ਮੋਹਕਮ ਸਿੰਘ ਬਣ ਗਏ। ਸਾਹਿਬ ਚੰਦ ਜੀ ਤੁਸੀਂ ਸਾਹਿਬ ਸਿੰਘ ਬਣ ਗਏ ਤੇ ਮੈਂ ਤਾਂ ਗੋਬਿੰਦ ਰਾਏ ਹੀ ਰਹਿ ਗਿਆ। ਜਿਵੇਂ ਮੈਂ ਤੁਹਾਨੂੰ ਉਪਦੇਸ਼ ਦਿਤਾ ਹੈ, ਐਸੇ ਤਰ੍ਹਾਂ ਤੁਸੀਂ ਅੰਮ੍ਰਿਤ ਤਿਆਰ ਕਰੋ ਤੇ ਮੈਂ ਤੁਹਾਡੇ ਅੱਗੇ ਖੜ੍ਹਾ ਹੋ ਕੇ ਅਰਦਾਸ ਕਰਦਾ ਹਾਂ ਕਿ ਮੈਨੂੰ ਅੰਮ੍ਰਿਤ ਦੀ ਦਾਤ ਦੇਵੋ। ਉਸ ਵੇਲੇ ਦਾ ਜੋ ਨਜ਼ਾਰਾ ਸੀ ਉਸ ਨੂੰ ਤਾਜ਼ਾ ਰੱਖਣ ਵਾਸਤੇ ਭਾਈ ਗੁਰਦਾਸ ਜੀ ਦੂਜੇ ਲਿਖਦੇ ਨੇ ਕਿ –

***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***

***ਧਾਰਨਾ – ਵਾਹੁ ਵਾਹੁ ਗੋਬਿੰਦ ਸਿੰਘ ਜੀ,***
***ਆਪੇ ਗੁਰ ਚੇਲਾ।***
***ਧੰਨ ਗੁਰੂ ਗੋਬਿੰਦ ਸਿੰਘ ਸਾਹਿਬ***
***ਧੰਨ ਗੁਰੂ ਗੋਬਿੰਦ ਸਿੰਘ ਸਾਹਿਬ***

***ਸਚਾ ਅਮਰ ਗੋਬਿੰਦ ਕਾ ਸੁਣ ਗੁਰੂ ਪਿਆਰੇ।***
***ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।***
***ਵਿਚਿ ਸੰਗਤਿ ਢੋਈ ਨ ਲਹਿਨਿ***
***ਜੋ ਖਸਮੁ ਵਿਸਾਰੇ।***
***ਗੁਰਸਿਖਾਂ ਮੱਥੇ ਉੱਜਲੇ ਸੱਚੇ ਦਰਬਾਰੇ।***
***ਹਰਿ ਗੁਰੁ ਗੋਬਿੰਦ ਧਿਆਈਐ***
***ਸਦ ਅੰਮ੍ਰਿਤ ਵੇਲਾ।***
***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ, ਵਾਰ 41, ਪਉੜੀ 2***

ਉਹ ਗੁਰੂ ਜੋਤ ਜੋ ਕਿਸੇ ਅੱਗੇ ਨਹੀਂ ਝੁਕੀ ਸੀ, ਅੱਜ ਖਾਲਸੇ ਦੇ ਅੱਗੇ ਅਰਦਾਸ ਕਰ ਰਹੀ ਹੈ ਕਿ ਖਾਲਸਾ ਜੀ! ਮੈਨੂੰ ਵੀ ਅੰਮ੍ਰਿਤ ਦੀ ਦਾਤ ਦਿਓ। ਸੋ ਕੌਮ ਤਿਆਰ ਹੋ ਗਈ। ਅਰਸ਼ਾਂ ਦਾ ਆਦਰਸ਼ ਸੀ, ਕਿਉਂਕਿ ਦੇਵਤਿਆਂ ਦੇ ਪਾਸ ਵੀ ਇਹ ਆਦਰਸ਼ ਨਹੀਂ ਹੈ। ਖਾਸ ਨਿਰੰਕਾਰ ਦੀ ਦਰਗਾਹ ਦਾ ਜੋ ਆਦਰਸ਼ ਸੀ ਮਨੁੱਖ 'ਚ ਲਿਆ ਕੇ ਭਰ ਦਿਤਾ, ਮਨੁੱਖ ਨੂੰ ਪ੍ਰਮੇਸ਼ਰ ਦਾ ਰੂਪ ਬਣਾ ਕੇ ਫੁਰਮਾਨ ਕਰਿਆ ਕਿ ਖਾਲਸਾ ਜੀ! ਅੱਜ ਤੋਂ ਬਾਅਦ –

***ਬਿਨ ਕਰਤਾਰ ਨ ਕਿਰਤਮ ਮਾਨੋ।***

ਕੀਤੇ ਹੋਏ ਨੂੰ ਨਹੀਂ ਮੰਨਣਾ, ਜੇ ਮੰਨਣਾ ਹੈ ਤਾਂ ਕੇਵਲ ਕਰਤਾਰ ਨੂੰ ਮੰਨਣਾ ਹੈ। ਏਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜਪੋ ਖਾਲਸਾ***
***ਤੁਸੀਂ ਜਾਗਦੀ ਜੋਤ ਨੂੰ।***

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ,***
***ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾਂ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਅੱਜ ਤੋਂ ਬਾਅਦ ਆਹ ਜੋਤ ਜੋ ਤੁਹਾਡੇ ਚਾਰੇ ਪਾਸੇ ਆਲੇ ਦੁਆਲੇ ਫੈਲੀ ਹੋਈ ਹੈ, ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦੀ, ਅੰਦਰਲੀਆਂ ਅੱਖਾਂ ਖੁਲ੍ਹ ਜਾਣਗੀਆਂ ਫੇਰ ਨਿਹਚਾ ਆ ਜਾਏਗਾ, ਓਸ ਜਾਗ੍ਰਤ ਜੋਤ ਨੂੰ ਜਿਸਨੂੰ ਵਾਹਿਗੁਰੂ ਕਹਿ ਕੇ ਅਸੀਂ ਜਪਾਇਆ ਹੈ, ਇਹਨੂੰ ਜਪਣਾ ਹੈ ਤੁਸੀਂ। ਬਾਕੀ ਕਿਸੇ ਵਹਿਮ 'ਚ, ਕਿਸੇ ਭਰਮ 'ਚ, ਕਿਸੇ ਚੀਜ਼ ਦਾ ਵਹਿਮ ਨਹੀਂ ਕਰਨਾ, ਸਾਰੇ ਤੁਹਾਡੇ ਵਹਿਮ ਕੱਟ ਦਿਤੇ, ਹੱਥਕੜੀਆਂ ਕੱਟ ਦਿਤੀਆਂ, ਸਿੱਧਾ ਰਸਤਾ ਦੱਸ ਦਿਤਾ ਕਿ ਨਾਮ ਜਪਣਾ ਹੈ, ਨੇਕ ਚਲਣ ਚੱਲਣਾ ਹੈ। ਜੋ ਰਹਿਤਾਂ ਗੁਰੂ ਗ੍ਰੰਥ ਸਾਹਿਬ ਜੀ ਨੇ ਦੱਸੀਆਂ ਨੇ, ਜੋ ਪੰਜ ਪਿਆਰਿਆਂ ਨੇ ਦੱਸੀਆਂ ਨੇ ਇਨ੍ਹਾਂ ਤੇ ਪਾਬੰਦ ਰਹਿਣਾ ਹੈ ਤੇ ਸੰਗਤ ਵਲ ਮੁਖਾਤਬ ਹੋਏ ਆਪ, ਕਹਿਣ ਲੱਗੇ ਪਿਆਰਿਓ! ਦੇਖਦੇ ਓਂ ਤੁਸੀਂ ਇਨ੍ਹਾਂ ਨੂੰ ਖੜ੍ਹਿਆਂ ਨੂੰ। ਇਹ ਕੌਣ ਨੇ? ਉਸ ਵੇਲੇ ਆਪ ਨੇ ਐਸਾ ਫੁਰਮਾਨ ਕਰਿਆ–

*ਧਾਰਨਾ - ਭੇਦ ਕੋਈ ਜਾਣਿਓ ਨਾ*
*ਖਾਲਸਾ ਰੂਪ ਹੈ ਮੇਰਾ।*

*ਖ਼ਾਲਸਾ ਮੇਰੋ ਰੂਪ ਹੈ ਖ਼ਾਸ॥*
*ਖ਼ਾਲਸੇ ਮਹਿ ਹੌਂ ਕਰੋ ਨਿਵਾਸ॥*
*ਖ਼ਾਲਸਾ ਮੇਰੋ ਮੁਖ ਹੈ ਅੰਗਾ॥*
*ਖ਼ਾਲਸੇ ਕੋ ਹੌਂ ਸਦ ਸਦ ਸੰਗਾ॥*
*ਖ਼ਾਲਸਾ ਮੇਰੋ ਇਸ਼ਟ ਸੁਹਿਰਦ॥*
*ਖ਼ਾਲਸਾ ਮੇਰੋ ਕਹੀਅਤ ਬਿਰਦ॥*
*ਖ਼ਾਲਸਾ ਮੇਰੋ ਪਛ ਅਰ ਪਾਤਾ॥*
*ਖ਼ਾਲਸਾ ਮੇਰੋ ਸੁਖ ਅਹਿਲਾਦਾ॥*
*ਖ਼ਾਲਸਾ ਮੇਰੋ ਮਿਤਰ ਸਖਾਈ॥*
*ਖ਼ਾਲਸਾ ਮਾਤ ਪਿਤਾ ਸੁਖਦਾਈ॥*
*ਯਾ ਮੈ ਰੰਚ ਨ ਮਿਥਿਆ ਭਾਖੀ॥*
*ਪਾਰਬ੍ਰਹਮ ਗੁਰ ਨਾਨਕ ਸਾਖੀ॥*

***ਸਰਬ ਲੋਹ ਗ੍ਰੰਥ 'ਚੋਂ***

ਕਹਿਣ ਲੱਗੇ, ਸਾਧਸੰਗਤ ਜੀ! ਮੈਂ ਆਪਣਾ ਰੂਪ ਬਣਾ ਦਿਤਾ। ਪੰਜੇ ਜਿੱਥੇ ਹੋਣਗੇ ਪੂਰਨ ਪੰਜ, ਗੁਰੂ ਗ੍ਰੰਥ ਸਾਹਿਬ ਦੀ ਆਗਿਆ 'ਚ ਚੱਲਣ ਵਾਲੇ, ਨਾਮ ਜਪਣ ਵਾਲੇ, ਉਥੇ ਮੈਨੂੰ ਤੁਸੀਂ ਦੇਖੋਂਗੇ ਪੰਜਾਂ ਦੇ ਅੰਦਰ ਕਿਉਂਕਿ ਸਮਾਂ ਬਦਲ ਗਿਆ। ਪਰ ਖਾਲਸਾ ਕੌਣ ਹੈ? ਕਹਿੰਦੇ -

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ*
*ਰੰਚਕ ਨਾਹਨ ਭੇਵ॥*

ਸ਼ਕਲ ਨੂੰ ਮੈਂ ਨਹੀਂ ਬਣਾਇਆ, ਸ਼ਕਲ ਦਾ ਭੁਲੇਖਾ ਕੱਢ ਦਿਤਾ ਆਪ ਨੇ। ਭਾਈ ਬਚਿੱਤਰ ਸਿੰਘ ਜੀ ਇਕ ਸ਼ੇਰ ਮਾਰ ਕੇ ਲਿਆਏ ਬਹੁਤ ਵੱਡਾ। ਕਹਿਣ ਲੱਗੇ, ਮਹਾਰਾਜ! ਇਕ ਸ਼ੇਰ ਜੰਗਲ ਦੇ ਅੰਦਰ ਗਰੀਬਾਂ ਦੀਆਂ ਗਊਆਂ ਖਾ ਜਾਂਦਾ ਸੀ, ਤੰਗ ਕਰਦਾ ਸੀ ਤੇ ਮੈਂ ਮਾਰ ਲਿਆਂਦਾ। ਮਹਾਰਾਜ ਕਹਿੰਦੇ, ਇਹਦੀ ਖੱਲ੍ਹ ਲਾਹ ਲੈ ਸੰਵਾਰ ਕੇ। ਪੌਂਚਿਆਂ ਤੋਂ ਲੈ ਕੇ ਸਾਰੀ ਬਹੁਤ ਸਾਵਧਾਨੀ ਨਾਲ ਲਾਹ, ਹੁਕਮ ਕਰ ਦਿਤਾ, ਰੂੜੀਆਂ ਤੇ ਗਧੇ ਫਿਰਦੇ ਸੀ, ਕਹਿੰਦੇ ਇਕ ਚੰਗਾ ਕਰਾਰਾ ਗਧਾ ਫੜ ਲਿਆਓ। ਉਹਦੇ ਉਤੇ ਖੱਲ੍ਹ ਸਿਉਂ ਦਿਤੀ ਤੇ ਫਸਲਾਂ ਦੇ ਵਿਚ ਛੱਡ ਦਿਤਾ, ਜਦੋਂ ਸਵੇਰ ਵੇਲੇ ਦੇਖਿਆ ਅਨੰਦਪੁਰ ਸਾਹਿਬ ਵਾਲਿਆਂ ਨੇ ਕਿ ਫਸਲਾਂ 'ਚ ਤਾਂ ਸ਼ੇਰ ਫਿਰਦਾ ਹੈ। ਅੱਜ ਤੇ ਗਧਾ ਮੌਜ ਨਾਲ ਫਸਲਾਂ ਖਾਂਦਾ ਫਿਰਦਾ ਹੈ। ਕੋਈ ਨੇੜੇ ਨਹੀਂ ਜਾਂਦਾ, ਇਕ ਦਿਨ-ਦੋ ਦਿਨ ਚਾਰ ਦਿਨ ਲੰਘ ਗਏ, ਨਾ ਤਾਂ ਗਧਾ ਦੂਰ ਜਾਂਦਾ ਹੈ, ਉਥੇ ਹੀ ਬੈਠਾ ਰਹਿੰਦਾ ਹੈ, ਫਸਲਾਂ ਖਾਣ ਦੀ ਮੌਜ ਹੋ ਗਈ, ਘਰ ਜਾ ਕੇ ਉਹਨੇ ਕੀ ਕਰਨਾ ਸੀ। ਉਹ ਟੋਲ੍ਹਦਾ ਫਿਰਦਾ ਹੈ ਘੁਮਿਆਰ ਜਿਹਦਾ ਗਧਾ ਖੋ ਗਿਆ ਕਿ ਕਿੱਥੇ ਚਲਿਆ ਗਿਆ ਕਿਤੇ ਉੱਘ-ਸੁੱਘ ਨਹੀਂ ਨਿਕਲਦੀ ਕਿ ਕਿੱਥੇ ਚਲਿਆ ਗਿਆ। ਖਿਆਲ ਆਇਆ ਕਿ ਆਹ ਸ਼ੇਰ ਨੇ ਖਾ ਲਿਆ ਹੋਣਾ ਮੇਰਾ ਗਧਾ। ਫਿਰਦਾ-ਫਿਰਦਾ ਇਹ ਗਧਾ ਕਾਫੀ ਖੇਤਾਂ 'ਚ ਘੁੰਮਣ ਲਗ ਗਿਆ ਤੇ ਜਿੱਧਰ ਇਹਨੇ ਦੇਖਿਆ ਸੀ ਕਿ ਇਧਰਲੇ ਪਾਸੇ ਨਹੀਂ ਸ਼ੇਰ ਆਉਂਦਾ, ਅੱਜ ਗਧੇ ਏਧਰ ਦੀ ਲਿਜਾ ਕੇ ਪੱਥਰ ਵਗੈਰਾ ਢੋਅ ਲੈਂਦੇ ਹਾਂ ਤੇ ਜਦੋਂ ਉਥੇ ਜਾਂਦਾ ਹੈ, ਇਹ ਸ਼ੇਰ ਗਧਾ ਵੀ ਉਥੇ ਨੇੜੇ ਹੀ ਫਿਰਦਾ ਹੈ, ਇਧਰਲੇ ਪਾਸੇ ਗਧੇ ਆਪਣੀ ਬੋਲੀ 'ਚ ਹੀਂਗਣ ਲੱਗ ਗਏ, ਜਦੋਂ ਹੀਂਗਣ ਲੱਗੇ ਉਹਨੇ ਵੀ ਨਾਲ ਹੀ ਹੀਂਗਣਾ ਸ਼ੁਰੂ ਕਰ ਦਿਤਾ। ਉਹਨੇ ਕਿਹਾ ਕਿ ਆਹ ਆਵਾਜ਼ ਕਿਧਰੋਂ ਆਉਂਦੀ ਹੈ? ਧਿਆਨ ਨਾਲ ਸੁਣਿਆ ਕਿ ਆਹ ਸ਼ੇਰ ਦੇ ਮੂੰਹ 'ਚੋਂ ਆਉਂਦੀ ਹੈ, ਉਸੇ ਵੇਲੇ ਸਮਝ ਗਿਆ ਕਿ ਆਹ ਤਾਂ ਗਧੇ ਨੂੰ ਖੱਲ੍ਹ ਪਾਈ ਹੋਈ ਹੈ। ਨੇੜੇ ਆ ਗਿਆ, ਗਧੇ ਨੇ ਕੀ ਕਹਿਣਾ ਸੀ, ਕਿਹੜਾ ਝਪਟ ਮਾਰਨੀ ਸੀ, ਫੜ ਲਿਆ ਕੰਨ ਤੋਂ। ਪਹਿਲਾਂ ਤਾਂ ਕੁਟਾਈ ਕਰੀ ਕਿ ਦੱਸ ਪੰਦਰਾਂ ਦਿਨ ਹੋ ਗਏ ਤੈਨੂੰ ਮਛਰੇ ਹੋਏ ਨੂੰ। ਬਹੁਤ ਕੁੱਟਿਆ, ਗੁਰੂ ਮਹਾਰਾਜ ਕੋਲ ਲੈ ਆਇਆ। ਕਹਿੰਦਾ ਆਹ ਸ਼ੇਰ ਨਹੀਂ, ਗਧਾ ਹੈ ਗਧਾ। ਦੀਵਾਨ ਲੱਗਿਆ ਹੋਇਆ ਸੀ ਬਹੁਤ ਭਾਰੀ, ਹਜ਼ਾਰਾਂ ਦੀ ਗਿਣਤੀ 'ਚ ਸੰਗਤ ਬੈਠੀ ਸੀ, ਬੜਾ ਹਾਸਾ ਪਿਆ। ਅਖੀਰ ਜਿਹੜੇ ਸਿਆਣੇ ਗੁਰਸਿੱਖ ਸੀ, ਖੱਲ੍ਹ ਲਾਹ ਲਈ ਗਈ, ਗਧਾ ਅੰਦਰੋਂ ਨਿਕਲ ਆਇਆ। ਪੁੱਛਣ ਲੱਗੇ, ਮਹਾਰਾਜ! ਇਹ ਕੀ ਕੌਤਕ ਹੈ, ਸਾਨੂੰ ਕੀ ਸਮਝਾਇਆ ਹੈ। ਕਹਿਣ ਲੱਗੇ, ਖਾਲਸਾ ਜੀ ਮੈਂ ਮਨੁੱਖ ਨੂੰ ਆਤਮ ਰਸੀਆ ਬਣਾਇਆ ਹੈ ਤੇ ਨਾਮ ਅੰਮ੍ਰਿਤ ਪ੍ਰਵੇਸ਼ ਕੀਤਾ ਹੈ ਤੇ ਅੰਦਰਲੇ ਅੰਮ੍ਰਿਤ ਦੇ ਨਾਲ ਜੋੜ ਦਿਤਾ - ਨਾਮ ਦੇ ਰਾਹੀਂ। ਬਾਹਰੋਂ ਪਾ ਕੇ ਜਿਵੇਂ ਟਿਊਬਵੈਲ ਹੁੰਦਾ ਹੈ, reflex valve ਤਾਈਂ ਜੇ ਬਾਹਰੋਂ ਪਾਣੀ ਪਾ ਦਿਓ ਤਾਂ ਅੰਦਰਲਾ ਪਾਣੀ ਸੂਟਾ ਮਾਰ ਕੇ ਇਥੇ ਤੱਕ ਆ ਜਾਂਦਾ ਹੈ, ਫੇਰ ਪਾ ਦਿਓ ਫੇਰ ਚਲਦਾ ਰਹਿੰਦਾ ਹੈ, ਫੇਰ ਨਹੀਂ ਟੁੱਟਦਾ। ਕਹਿੰਦੇ ਅੰਦਰਲੇ ਅੰਮ੍ਰਿਤ ਨੂੰ ਕੱਢਣ ਵਾਸਤੇ ਅਸੀਂ ਇਹ ਪਾਹੁਲ ਖੰਡੇਧਾਰ ਬਣਾਈ ਤੇ ਜਦੋਂ ਅੰਦਰਲਾ ਤੇ ਬਾਹਰਲਾ ਅੰਮ੍ਰਿਤ ਇਕ ਹੋ ਗਏ, ਉਸ ਵੇਲੇ ਇਹ ਆਤਮ ਰਸੀਆ ਹੋ ਗਿਆ ਤੇ ਪ੍ਰਮੇਸ਼ਰ ਦੇ ਵਿਚ ਤੇ ਮੇਰੇ ਵਿਚ ਕੋਈ ਭੇਤ ਨਾ ਰਿਹਾ ਤੇ ਜੋ ਤੇਜ ਮੇਰੇ ਵਿਚ ਹੈ, ਉਹ ਮੇਰੇ ਖਾਲਸੇ ਵਿਚ ਆ ਗਿਆ, ਇਹ ਤੇਜ ਮੈਂ ਖਾਲਸੇ ਨੂੰ ਦੇ ਦਿਤਾ।

**ਇਹ ਖ਼ਾਲਸਾ ਆਦਰਸ਼ ਵਿਸਾਖੀ 1699 ਨੂੰ ਸੱਚੇ ਪਾਤਸ਼ਾਹ ਨੇ ਪ੍ਰਗਟ ਕੀਤਾ।**

# ਮਹਿਮਾ ਸਾਧੂ ਸੰਗਿ ਕੀ...........॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

***(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-20)***

ਸੋ ਇਸ ਤਰ੍ਹਾਂ ਅਜਾਮਲ ਨੂੰ ਜਿਸ ਵਕਤ ਗੁਰੂ ਨੇ ਕਿਹਾ ਕਿ ਬੇਟਾ! ਇਸ ਰਸਤੇ ਵਿਚ ਵੇਸਵਾਵਾਂ ਦਾ ਬਜ਼ਾਰ ਹੈ, ਜਵਾਨ ਹੈਂ ਤੂੰ, ਮੋਹਿਆ ਜਾਏਂਗਾ। ਇਹਦੇ ਮੂਹਰੇ ਤੇਰੇ ਗਿਆਨ ਨੇ ਨਹੀਂ ਖੜ੍ਹਨਾਂ। ਗਿਆਨ ਸਿਥਲ ਪੈ ਜਾਏਗਾ। ਗੁੱਸੇ ਹੋ ਗਿਆ। ਕਹਿੰਦਾ, ਗੁਰੂ ਜੀ! ਤੁਸੀਂ ਮੈਨੂੰ ਐਨਾ ਹੀ ਅਨਜਾਣ ਸਮਝਦੇ ਹੋਂ? ਉਸੇ ਬਜ਼ਾਰ ਵਿਚ ਚਲਿਆ ਗਿਆ। ਨਾ ਰੁਕਿਆ। ਅਖੀਰ ਇਕ ਵੇਸਵਾ ਦੇ ਕਾਬੂ ਆ ਗਿਆ। ਸ਼ਿਕਾਇਤਾਂ ਹੋ ਗਈਆਂ। ਰਾਜੇ ਨੇ ਸ਼ਹਿਰੋਂ ਬਾਹਰ ਕੱਢ ਦਿਤਾ। ਬਾਹਰ ਜਾ ਕੇ ਇਕ ਝੌਂਪੜੀ ਪਾ ਲਈ। ਹੁਣ ਵੇਦਾਂ ਦਾ ਗਿਆਨ ਤਾਂ ਚਲ ਨਹੀਂ ਸਕਦਾ। ਲੋਕਾਂ ਨੇ ਇਹਦਾ ਨਾਉਂ ਪਤਿਤ ਧਰ ਲਿਆ। ਇਹਨੇ ਹੁਣ ਜਾਲ ਬਣਾ ਲਿਆ, ਚੌਲ ਪਾ ਲਿਆ ਕਰੇ ਥੱਲੇ ਰੋਹੀ 'ਚ, ਪੰਛੀ ਆ ਜਾਇਆ ਕਰਨ ਚੋਗੇ ਦੇ ਮਾਰੇ, ਜਾਲ 'ਚ ਫਸ ਜਾਇਆ ਕਰਨ। ਚੁੱਕ ਕੇ, ਮੋਢੇ ਦੇ ਉਤੇ ਮਗਰੀ ਮਾਰ ਕੇ ਸ਼ਹਿਰ 'ਚ ਲਿਆ ਕੇ ਬੈਠ ਜਾਇਆ ਕਰੇ ਚੌਂਕ 'ਚ। ਉਥੇ ਵੇਚੀ ਜਾਇਆ ਕਰੇ। ਕੁਛ ਆਪਣੇ ਖਾਣ ਵਾਸਤੇ, ਕੁਛ ਲੋਕਾਂ ਨੂੰ ਵੇਚ ਦਿੰਦਾ ਸੀ। ਭਾਈ ਗੁਰਦਾਸ ਜੀ ਕਹਿੰਦੇ -

*ਪਤਿਤ ਅਜਾਮਲ ਪਾਪ ਕਰ ਜਾਇ ਕਲਾਵਾਤਣੀ ਦੇ ਰਹਿਆ।*
*ਗੁਰ ਤੇ ਵੇਮੁਖ ਹੋਇਕੈ ਪਾਪ ਕਮਾਵੈ ਦੁਰਮਤਿ ਦਹਿਆ।*

***ਭਾਈ ਗੁਰਦਾਸ ਜੀ***

ਖੋਟੀ ਮੱਤ ਧਾਰਨ ਕਰਕੇ ਪਾਪ ਕਮਾਉਂਦੈ।

*ਬਿਰਥਾ ਜਨਮੁ ਗਵਾਇਅਨੁ*
*ਭਵਜਲ ਅੰਦਰ ਫਿਰਦਾ ਵਹਿਆ।*
*ਛੇ ਪੁੱਤ ਜਾਇ ਵੇਸਵਾ ਪਾਪਾਂ ਦਾ ਫਲ ਇੱਛੇ ਲਹਿਆ।*

***ਭਾਈ ਗੁਰਦਾਸ ਜੀ***

ਅੰਤਲਾ ਪੜਾਅ ਹੋਇਆ ਕਰਦੈ ਪਾਪ ਦਾ, ਨਸ਼ੇ ਦਾ। ਨਾ ਨਸ਼ਾ ਫੇਰ ਨਸ਼ਾ ਦਿੰਦੈ, ਨਾ ਪਾਪ ਦੇ ਵਿਚੋਂ ਕੋਈ ਸਵਾਦ ਆਉਂਦੈ। ਉਵੇਂ ਹੀ ਜੀਵਨ ਮੁਰਦਿਆਂ ਵਰਗਾ ਹੋ ਜਾਇਆ ਕਰਦੈ। ਐਸਾ ਸਮਾਂ ਆ ਗਿਆ, ਘਰ 'ਚ ਲੜਾਈ ਚਲ ਪਈ। ਹਰ ਵਕਤ ਕਲੇਸ਼ ਰਹਿੰਦੈ। ਮਨ 'ਚ ਆਇਆ ਕਿ ਆਪਣਾ ਘਾਤ ਹੀ ਕਰ ਲਵਾਂ ਮੈਂ। ਹੋਰ ਤਾਂ ਕੋਈ ਤਰੀਕਾ ਨਹੀਂ। ਮਰਨ ਵਾਸਤੇ ਤੁਰਿਆ ਜਾਂਦੈ। ਰਸਤੇ 'ਚ ਸਾਧੂਆਂ ਦਾ ਸੰਗ ਹੋ ਗਿਆ। ਜਾ ਕੇ ਮੱਥਾ ਟੇਕਿਆ, ਰੋਂਦਾ ਹੈ, ਪਛਾਣ ਲਿਆ ਕਿ ਇਹ ਤਾਂ ਮੇਰੇ ਗੁਰੂ ਨੇ। 30 ਸਾਲ, 40 ਸਾਲ ਲੰਘ ਚੁਕੇ ਸੀ। ਉਹ ਬਿਰਧ ਹੋ ਗਏ। ਇਹ ਰੂਪ ਤੋਂ ਕਰੂਪ ਹੋ ਗਿਆ। ਰੋਂਦਾ ਹੈ। ਕਹਿੰਦੇ, ਕਿਉਂ ਰੋਂਦਾ ਹੈਂ?

ਕਹਿੰਦਾ, ਮੈਂ ਪਤਿਤ ਅਜਾਮਲ ਹਾਂ। ਤੁਹਾਡਾ ਬਚਨ ਨਾ ਮੰਨਿਆ, ਮੇਰਾ ਆਹ ਹਾਲ ਹੋ ਗਿਆ। ਮੈਂ ਜਾ ਰਿਹਾ ਹਾਂ ਆਪਣਾ ਘਾਤ ਕਰਨ ਵਾਸਤੇ।

ਕਹਿੰਦੇ, ਅਜਾਮਲ! ਆਤਮ ਘਾਤ ਕਰਕੇ ਫੇਰ ਦੁਖ ਤਾਂ ਨਹੀਂ ਹਟਿਆ ਕਰਦਾ। ਜਿਹੜਾ ਦੁਖ ਤੇਰੇ ਮਨ ਵਿਚ ਹੁਣ ਹੈ, ਉਹ 10 ਗੁਣਾਂ ਹੋਰ ਵਧ ਜਾਣੈ। ਉਥੇ ਕੋਈ ਇਲਾਜ ਨਹੀਂ ਫੇਰ ਇਹਦਾ। ਹੁਣ ਹੈਗਾ। ਐਸਾ ਨਾ ਕਰ ਬੇਟਾ! ਸਾਮ੍ਹਣਾ ਕਰ ਇਹਨਾਂ ਚੀਜ਼ਾਂ ਦਾ। ਸੱਤਵਾਂ ਪੁੱਤਰ ਤੇਰੇ ਹੋਰ ਹੋਣੈ। ਸਾਡੇ ਕੋਲ ਲਿਆਈਂ। ਅਸੀਂ ਨਾਮ ਰੱਖਾਂਗੇ ਉਸ ਦਾ -

*ਛੇ ਪੁੱਤ ਜਾਇ ਵੇਸਵਾ ਪਾਪਾਂ ਦਾ ਫਲ ਇਛੈ ਲਹਿਆ।*
*ਪੁੱਤ ਉਪੰਨਾ ਸੱਤਵਾਂ ਨਾਉਂ ਧਰਨਿ ਨੂੰ ਚਿਤ ਉਮਹਿਆ।*

***ਭਾਈ ਗੁਰਦਾਸ ਜੀ***

ਚਿੱਤ ਦੇ ਵਿਚ ਖਿਆਲ ਆ ਗਿਆ ਕਿ ਐਤਕੀਂ ਸੰਤਾਂ ਤੋਂ ਨਾਉਂ ਰਖਾਉਣੈ। ਮਹਾਂਪੁਰਸ਼ਾਂ ਦੇ ਕੋਲ ਲੈ ਕੇ ਚਲਿਆ ਗਿਆ।

ਬਾਬਾ ਜੀ! ਨਾਉਂ ਰਖਣੈ ਇਹਦਾ। ਤੁਸੀਂ ਬਚਨ ਕਰਿਆ ਸੀ ਕਿ ਸਾਡੇ ਕੋਲ ਲਿਆਈਂ।

ਉਸ ਵੇਲੇ ਮਹਾਂਪੁਰਸ਼ਾਂ ਨੇ ਸਾਰਾ ਕੁਛ ਵਿਚਾਰਦੇ ਹੋਏ, ਨਾਉਂ ਰੱਖ ਦਿਤਾ ਪ੍ਰਮੇਸ਼ਰ ਦੇ ਨਾਮ 'ਤੇ।

*ਧਾਰਨਾ - ਰੱਖ ਦਿਤਾ ਨਾਉਂ ਨਰਾਇਣ,*
*ਗੁਰਮੁਖ ਪਿਆਰੇ ਨੇ।*

*ਗੁਰਮੁਖ ਨਾਉ ਨਰਾਇਣ ਕਹਿਆ।*

ਕਹਿ ਦਿਤਾ ਨਰਾਇਣ ਨਾਉਂ ਰੱਖ ਲੈ। ਜਦੋਂ ਤੇਰੇ ਕੋਲ ਆਵੇ ਨਰਾਇਣ-ਨਰਾਇਣ ਕਹਿ ਕੇ ਹਾਕਾਂ ਮਾਰੀਂ ਜਾਇਆ ਕਰੀਂ। ਛੋਟਾ ਪੁੱਤਰ ਹੈ। ਨਰਾਇਣ-ਨਰਾਇਣ ਕਰਦੇ ਨੂੰ ਆਦਤ ਪੈ ਗਈ ਨਰਾਇਣ-ਨਰਾਇਣ ਕਰੀ ਜਾਣ ਦੀ। ਘਰਵਾਲੀ ਵੀ ਲੜਾਈ ਕਰਦੀ ਹੈ ਕਿ ਆਹ ਕੀ ਕਰੀ ਜਾਂਦੈ। ਉਹ ਮੱਲੋ-ਮੱਲੀ ਜ਼ੁਬਾਨ 'ਚੋਂ ਨਿਕਲੀ ਜਾਂਦੈ।

ਜਿਸ ਵਕਤ ਅੰਤ ਦਾ ਸਮਾਂ ਆਇਆ -

*ਅੰਤਕਾਲ ਜਮਦੂਤ ਦੇਖਿ ਪੁੱਤ ਨਰਾਇਣ ਬੋਲੇ ਛਹਿਆ।*

ਜਮਦੂਤਾਂ ਨੂੰ ਦੇਖਿਆ, ਡਰ ਗਿਆ। ਕਹਿੰਦੇ, ਮਹਾਂ

ਭਿਆਨਕ ਹੁੰਦੇ ਨੇ। ਬਹੁਤ ਭਿਆਨਕ –

*ਜਹ ਮਹਾ ਭਇਆਨ ਦੂਤ ਜਮ ਦਲੈ॥ ਅੰਗ– ੨੬੪*

ਜਿਹੜੇ ਪ੍ਰਮੇਸ਼ਰ ਤੋਂ ਬੇਮੁਖ ਨੇ ਉਹਨਾਂ ਦਾ ਭਿਆਨਕ ਜਮਦੂਤਾਂ ਦੇ ਨਾਲ ਵਾਹ ਪੈਣੈ। ਉਹ ਕਰਦੇ ਕੀ ਨੇ, ਉਹ ਲਿਹਾਜ਼ ਨਹੀਂ ਕਰਦੇ। ਉਹਨਾਂ ਕੋਲ ਹੰਟਰ ਹੁੰਦੈ ਇਕ। ਉਹਨੂੰ ਜਮ ਦਾ ਠੇਂਗਾ ਕਹਿੰਦੇ ਨੇ –

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ॥ ਅੰਗ– ੧੩੬੮*

ਉਹ ਸਹਿ ਨਹੀਂ ਹੁੰਦਾ।

ਜਦੋਂ ਉਹ ਮਾਰਦੇ ਨੇ ਫੇਰ ਇਹ ਚੀਕਾਂ ਮਾਰਦਾ ਹੈ –

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਅੰਗ– ੫੨੦*

ਕੂਕਾਂ ਮਾਰਦਾ ਜਾਂਦੈ। ਜਦੋਂ ਭਿਆਨਕ ਜਮਦੂਤ ਦੇਖੇ। ਅਵਾਜ਼ ਦੇ ਦਿਤੀ ਆਪਣੇ ਪੁੱਤਰ ਨੂੰ ਕਹਿੰਦਾ, ਪੁੱਤਰ ਨਰਾਇਣ! ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਡਰ ਕੇ ਹਾਕ ਪੁੱਤਰ ਨੂੰ ਮਾਰੀ,*
*ਮੁਖ ਤੋਂ ਨਾਰਾਇਣ ਬੋਲਿਆ।*
*ਅੰਤ ਕਾਲ ਜਮਦੂਤ ਦੇਖਿ ਪੁਤ ਨਰਾਇਣ ਬੋਲੇ ਛਹਿਆ।*
*ਭਾਈ ਗੁਰਦਾਸ ਜੀ*

ਨਰਾਇਣ ਦਾ ਨਾਮ ਆ ਗਿਆ। ਉਥੇ ਅਵਸਥਾ ਕੀ ਵਾਪਰੀ, ਮਾਰਦਾ ਸੀ ਹਾਕ ਪੁੱਤਰ ਨੂੰ, ਰੱਬ ਨੂੰ ਹੀ ਮਾਰ ਬੈਠਿਆ ਤੇ ਪ੍ਰਮੇਸ਼ਰ ਦਾ ਸੁਭਾਅ ਇਹ ਹੈ ਕਿ –

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁੰਚਤ ਤਾਹਿ॥*
*ਚੀਂਟੀ ਕੀ ਪੁਕਾਰ ਪਹਿਲੇ ਹੀ ਸੁਨਿਅਤ ਹੈ॥*
*ਅਕਾਲ ਉਸਤਤਿ*

ਚੀਂਟੀ ਦੀ ਕੀਤੀ ਹੋਈ ਪੁਕਾਰ ਨੂੰ ਪਹਿਲਾਂ ਸੁਣ ਲੈਂਦੈ। ਹਾਥੀ ਦੀ ਪੁਕਾਰ ਪਿਛੋਂ ਸੁਣਦੈ ਕਿਉਂਕਿ ਉਹਦੇ ਵਿਚ ਅਭਿਮਾਨ ਹੁੰਦੈ। ਚੀਂਟੀ ਵਿਚਾਰੀ 'ਚ ਬਲ ਨਹੀਂ ਹੁੰਦਾ। ਉਹਨੇ ਤਾਂ ਮਾੜੀ ਜਿਹੀ ਠੇਸ 'ਚ ਮਰ ਜਾਣੈ। ਹਾਥੀ ਨੇ ਫੇਰ ਵੀ ਥੋੜ੍ਹਾ ਘੋਲ ਕਰਨੈ। ਮਹਾਰਾਜ ਕਹਿੰਦੇ, ਇਕ ਭਾਵਨਾ ਪੈਦਾ ਹੋ ਗਈ ਉਹਦੇ ਹਿਰਦੇ 'ਚ, ਉਹਨੂੰ ਅਸੀਂ ਨਹੀਂ ਸਮਝ ਸਕਦੇ। ਜੇ ਕਿਸੇ ਦੇ ਮਨ 'ਚ ਭਾਵਨਾ ਕਦੇ ਪੈਦਾ ਹੋਈ ਹੋਵੇ ਉਹ ਜਾਣਦੈ ਕਿ ਭਾਵਨਾ ਕੀ ਹੁੰਦੀ ਹੈ। ਭਾਵਨਾ ਹੁੰਦੀ ਹੈ ਕਿ ਅਤਿ ਦੀਨ ਹੋ ਗਿਆ ਕਿ ਹੁਣ ਨਹੀਂ ਮੇਰਾ ਪ੍ਰਭੂ ਤੋਂ ਬਿਨਾਂ ਕੋਈ ਛੁਟਕਾਰੇ ਦਾ ਸਾਧਨ। ਐਨੀ ਗੱਲ ਬੜੀ ਤੇਜ਼ੀ ਨਾਲ ਉਹਦੇ ਮਨ ਵਿਚ ਘੁੰਮ ਗਈ, ਇਕ ਸਾਹ ਦੇ ਵਿਚ। ਫੁਰਨਾ ਬੜਾ ਤੇਜ਼ ਹੋਇਆ ਕਰਦੈ, ਵੱਡੀਆਂ-ਵੱਡੀਆਂ ਗੱਲਾਂ ਘੁੰਮ ਜਾਇਆ ਕਰਦੀਆਂ ਨੇ। ਉਹ ਜਦੋਂ ਘੁੰਮੀ ਉਹਦੀ ਭਾਵਨਾ ਦਾ ਜਵਾਬ ਕੀ ਹੋਇਆ, ਪ੍ਰਮੇਸ਼ਰ ਦੇ ਕੋਲ ਸਾਖਸ਼ਾਤ ਪਹੁੰਚ ਗਈ। ਮਹਾਰਾਜ ਕਹਿੰਦੇ –

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ*
*ਕਰਿ ਨਾਰਾਇਣ ਬੋਲਾਰੇ ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥ ੨ ॥ ਅੰਗ – ੯੮੧*

ਉਸੇ ਵੇਲੇ ਦੇਵਗਣਾਂ ਨੇ ਆ ਕੇ, ਜਮਦੂਤਾਂ ਨੂੰ ਮਾਰਨਾ ਸ਼ੁਰੂ ਕਰ ਦਿਤਾ। ਉਹ ਕਹਿੰਦੇ, ਇਹ ਤਾਂ ਮਹਾਂਪਾਪੀ ਹੈ?

ਕਹਿੰਦੇ ਤੁਹਾਨੂੰ ਨਹੀਂ ਪਤਾ ਇਹਨੇ ਨਰਾਇਣ ਕਿਹੈ? ਜਿਥੇ ਪ੍ਰਮੇਸ਼ਰ ਦਾ ਨਾਮ ਉਚਾਰਨ ਹੋ ਜਾਵੇ, ਉਥੇ ਤੁਹਾਡਾ ਕੀ ਕੰਮ?

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥ ਅੰਗ – ੧੧੫੦*

ਨੇੜਿਓਂ ਨਹੀਂ ਭੱਜਦਾ, ਦੂਰੋਂ ਨੱਠ ਜਾਂਦੈ। ਉਹਦੇ 'ਚ ਤਾਕਤ ਨਹੀਂ ਹੁੰਦੀ, ਨਾਮ ਦੇ ਮੰਡਲ 'ਚ ਦਾਖਲ ਹੋਣ ਦੀ।

ਇਕ ਇਥੇ ਮਹਾਂਪੁਰਸ਼ ਹੋਏ ਨੇ, ਬੀਬੀ ਸੀ, ਅਨੰਦਮਈ ਮਾਂ, ਬੰਗਾਲ ਦੀ ਸੰਤ ਸੀ। ਕੁਦਰਤ ਨੇ ਉਸ 'ਤੇ ਕ੍ਰਿਪਾ ਕੀਤੀ, ਇਕ ਅੱਖਰ ਨਹੀਂ ਸੀ ਪੜ੍ਹੀ ਹੋਈ। ਲੇਕਿਨ ਵੱਡੇ-ਵੱਡੇ ਜਿਹੜੇ ਸੀ ਉਹ ਉਸ ਤੋਂ ਅਰਥ ਸੁਣਿਆ ਕਰਦੇ ਸੀ। ਉਹ ਬਨਾਰਸ ਗਈ ਹੋਈ ਸੀ। ਉਥੇ ਸੇਠ ਬੜਾ ਹੀ ਸੇਵਾ ਕਰਦੈ ਸਾਰਿਆਂ ਦੀ। ਕਾਫੀ ਦਿਨ ਦਾ ਸਤਿਸੰਗ ਮੰਡਲ ਚਲ ਰਿਹੈ। ਸ਼ਾਮ ਨੂੰ ਇਕੱਠੇ ਹੋ ਜਾਂਦੇ ਨੇ ਸੇਠ ਲੋਕ, ਉਸ ਤੋਂ ਬਾਅਦ ਮਾਤਾ ਜੀ ਕੁਛ ਬਚਨ ਕਰਦੇ ਨੇ। ਕੁਛ ਸਾਧੂ ਬਚਨ ਕਰਦੇ ਨੇ। ਇਸ ਤਰ੍ਹਾਂ ਦੇ ਨਾਲ ਬਚਨ ਕਰਦੇ-ਕਰਦੇ ਅੱਜ ਜਦੋਂ ਸੇਠ ਦੇ ਘਰ ਬੈਠੀ ਹੈ, ਉਹਦਾ ਬੱਚਾ ਖੇਲ੍ਹਦਾ ਫਿਰਦੈ ਪੰਜ ਸਾਲ ਦਾ, ਉਹ ਦੌੜਿਆ ਫਿਰਦੈ, ਮਾਤਾ ਜੀ ਉਹਦੇ ਵਲ ਬੜੇ ਧਿਆਨ ਨਾਲ ਦੇਖਦੇ ਨੇ। ਦੇਖਦੇ-ਦੇਖਦੇ ਕਹਿਣ ਲੱਗੇ ਕਿ ਦੇਖੋ, ਪ੍ਰਮੇਸ਼ਰ ਦੇ ਰੰਗ ਕਿਹੋ ਜਿਹੇ ਨੇ। ਉਹ ਸੇਠ ਬੜਾ ਸਿਆਣਾ ਸੀ, ਉਹਨੇ ਸੋਚਿਆ ਕਿ ਮਹਾਂਪੁਰਸ਼ ਐਵੇਂ ਤਾਂ ਨਹੀਂ ਬੋਲਿਆ ਕਰਦੇ, ਕੋਈ ਨਾ ਕੋਈ ਮਤਲਬ ਹੁੰਦੈ। ਉਹ ਗਲ 'ਚ ਪੱਲਾ ਪਾ ਕੇ ਖੜ੍ਹਾ ਹੋ ਗਿਆ। ਕਹਿਣ ਲੱਗਿਆ, ਮਾਤਾ ਜੀ! ਤੁਹਾਡੇ ਮੁਖ ਤੋਂ ਬਚਨ ਨਿਕਲਿਆ ਹੈ, ਹੁਣ ਕ੍ਰਿਪਾ ਕਰਕੇ ਇਹਨੂੰ ਪ੍ਰਗਟ ਕਰ ਦਿਓ। ਗੁਪਤ ਨਾ ਰੱਖੋ। ਮਾਤਾ ਜੀ ਨੇ ਗੁਪਤ ਰੱਖਣ ਦਾ ਯਤਨ ਕਰਿਆ। ਪਰ ਜਦੋਂ ਉਹ ਨਾ ਹੀ ਹਟਿਆ ਤਾਂ ਕਹਿਣ ਲੱਗੇ, ਸੇਠ ਜੀ! ਤੇਰਾ ਬੱਚਾ ਅੱਜ ਦੋ ਵਜੇ ਰਾਤ ਨੂੰ ਚੜ੍ਹਾਈ ਕਰ ਜਾਣੈ। ਅਸੀਂ ਇਹ ਦੇਖ ਲਿਆ, ਹੁਣ ਤੁਸੀਂ ਦੇਖ ਲਓ ਵਿਚਾਰਾ ਕਿਵੇਂ ਨੱਠਿਆ ਫਿਰਦੈ, ਖੇਡਦੈ, ਸਾਡੇ ਪਲੰਘ ਦੇ ਨੇੜੇ ਵੀ ਦੋ-ਤਿੰਨ ਵਾਰੀ ਆ ਗਿਆ। ਸੰਗਤ ਵਲ ਨੂੰ ਜਾਂਦੈ। ਕਦੇ ਮੱਥੇ ਟੇਕਣ ਲਗ ਜਾਂਦੈ, ਕਦੇ ਖੜ੍ਹਾ ਹੋ ਕੇ ਫੇਰ ਦੇਖਦੈ।

ਇਸ ਬੱਚੇ ਨੇ ਰਾਤ ਦੇ 2 ਵਜੇ ਸਮਾਪਤ ਹੋ ਜਾਣੈ। ਉਸੇ ਵੇਲੇ ਸੇਠ ਨੇ ਚਰਨ ਫੜ ਲਏ। ਕਹਿਣ ਲੱਗਿਆ, ਮਾਤਾ ਜੀ! ਸਾਡਾ ਤਾਂ ਤੁਹਾਡੇ ਬਿਨਾਂ ਹੋਰ ਕੋਈ ਹੈ ਨਹੀਂ। ਤੁਸੀਂ ਕ੍ਰਿਪਾ ਕਰੋ। ਇਸ ਨੂੰ ਦੀਰਘ ਆਯੂ ਬਖਸ਼ੋ।

ਉਹ ਕਹਿਣ ਲੱਗੇ, ਦੇਖੋ ਸੇਠ ਜੀ! ਅਸੀਂ ਪ੍ਰਮੇਸ਼ਰ ਦੇ ਨਾਮ ਦਾ ਯੱਗ ਕਰ ਦਿੰਦੇ ਹਾਂ। ਉਹਦੀ ਰਾਮ ਕਾਰ ਹੋ ਜਾਏਗੀ। ਜਮਦੂਤ ਨੇੜੇ ਨਹੀਂ ਆਉਂਦੇ -

*ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥*
*ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥*
*ਅੰਗ- ੮੧੯*

ਸਾਰੇ ਸਾਧੂਆਂ ਨੂੰ ਬਿਠਾ ਦਿਤਾ। ਕਹਿੰਦੇ, ਕੁਛ ਬਾਗ 'ਚ ਬਹਿ ਜਾਓ, ਕੁਛ ਛੱਤ 'ਤੇ ਬਹਿ ਜਾਓ, ਕੁਛ ਅੰਦਰਲੇ ਕਮਰਿਆਂ 'ਚ ਬਹਿ ਜਾਓ। ਇਹ ਬੱਚਾ ਪਾ ਲਓ ਵਿਚਾਲੇ, ਚਾਰ-ਪੰਜ ਸਾਧੂ ਬਹੁਤ ਸਾਵਧਾਨੀ ਨਾਲ ਰਾਮ ਦੇ ਨਾਮ ਦਾ ਉਚਾਰਨ ਕਰਦੇ ਰਹੋ। ਦੋ ਵਜੇ ਜਮਦੂਤ ਆਉਣਗੇ, ਉਸ ਵੇਲੇ ਤੁਸੀਂ ਰੌਲਾ ਪਾ ਲੈਣਾ, ਉੱਚੀ ਅਵਸਥਾ 'ਚ। ਉਹ ਜਿਹੜਾ ਜਮਦੂਤ ਹੈ ਨਾਮ ਨਹੀਂ ਸੁਣ ਸਕਦਾ ਪ੍ਰਭੂ ਦਾ। ਨੱਠ ਜਾਏਗਾ ਆਪੇ ਹੀ, ਫੇਰ ਬੰਦ ਨਾ ਕਰਨਾ ਸਵੇਰ ਤਾਈਂ। ਅਖੀਰ ਥੱਕ ਕੇ ਨੱਠ ਜਾਏਗਾ।

ਉਸ ਵੇਲੇ ਇਕ ਮਹਾਤਮਾ ਜਿਹੜੇ ਉਸ ਮੰਡਲੀ ਵਿਚ ਸੀ, ਉਹ ਮੈਨੂੰ ਦਸਦੇ ਸੀ ਕਿ ਅਸੀਂ ਫੇਰ ਇਸ ਤਰ੍ਹਾਂ ਕਰਿਆ - ਇਕ ਮਹਾਤਮਾ ਦੀ ਡਿਊਟੀ ਸੀ ਕਿ ਦਰਵਾਜ਼ੇ ਵਲ ਦੇਖ ਕੇ ਨਾਮ ਜਪੀ ਜਾਵੇ। ਦੋ ਵਜੇ ਮੇਰੀ ਡਿਊਟੀ ਸੀ, ਜਦੋਂ ਦੋ ਵੱਜੇ ਮੈਂ ਹੈਰਾਨ ਰਹਿ ਗਿਆ ਕਿ ਦੋ ਬੰਦੇ ਇਕ ਦੇ ਕੱਛ ਵਿਚ ਕੋਈ ਵਹੀ ਜਿਹੀ ਲਈ ਹੋਈ ਹੈ, ਇਕ ਉਂਗਲੀ ਕਰ ਰਿਹੈ ਬੱਚੇ ਵਲ ਨੂੰ ਕਿ ਆਹ ਹੈ। ਉਹਨਾਂ ਨੂੰ ਜਿਸ ਵਕਤ ਮੈਂ ਦੇਖਿਆ, ਮੈਂ ਉੱਚੀ ਰਾਮ ਦਾ ਨਾਮ, ਹਰੇ ਰਾਮ, ਹਰੇ ਰਾਮ ਉਚਾਰਨ ਕਰਨਾ ਸ਼ੁਰੂ ਕਰ ਦਿਤਾ। ਮੇਰੇ ਕਹਿਣ ਦੀ ਦੇਰ ਸੀ। ਜਿੱਥੇ-ਜਿੱਥੇ ਵੀ ਸਾਧੂ ਬੈਠੇ ਸੀ ਉਹਨਾਂ ਨੇ ਵੀ ਉੱਚੀ-ਉੱਚੀ ਉਚਾਰਨ ਕਰਨਾ ਸ਼ੁਰੂ ਕਰ ਦਿਤਾ। ਬਾਗ਼ ਵਾਲਿਆਂ ਨੇ ਵੀ ਇਸੇ ਤਰ੍ਹਾਂ ਕੀਤਾ। ਜਿੱਥੇ ਅਵਾਜ਼ ਨਹੀਂ ਸੀ ਸੁਣਦੀ, ਉਹ ਦੋਵੇਂ ਉਥੇ ਜਾ ਪਹੁੰਚੇ। ਅਸੀਂ ਦੋ-ਤਿੰਨ ਘੰਟੇ ਲਗਾਤਾਰ ਲੱਗੇ ਰਹੇ। ਅਖੀਰ ਜਮ ਜਿਹੜੇ ਸੀ ਉਹ ਨੱਠ ਗਏ, ਬੱਚਾ ਹੁਣ ਨੌਂ-ਬਰ-ਨੌਂ ਹੈ। ਸੋ ਮਹਾਰਾਜ ਕਹਿੰਦੇ - 'ਨਾਮੁ ਸੁਣਤ ਜਮੁ ਦੂਰਹੁ ਭਾਗੈ ॥' ਇਸ ਸ਼ਬਦ ਦੇ ਅੰਦਰ ਨਾਮ ਦੀ ਮਹਿਮਾ ਦਸੀ ਹੈ ਕਿ ਨਾਮ ਕਿਹੋ ਜਿਹੀ ਚੀਜ਼ ਹੈ ਕਿ ਉਹਦਾ ਨਾਮ ਸੁਣਦੇ ਸਾਰ ਜਮ ਜਿਹੜਾ ਹੈ ਉਹ ਨੱਠ ਜਾਂਦੈ, ਠਹਿਰ ਨਹੀਂ ਸਕਦਾ। ਉਹਦੀ ਤਾਕਤ ਨਹੀਂ ਹੈ ਜਿੱਥੇ ਨਾਮ ਦਾ ਉਚਾਰਨ ਹੁੰਦਾ ਹੋਵੇ, ਉਥੇ ਠਹਿਰ ਜਾਵੇ। ਬਸ਼ਰਤੇ ਜੇ ਉਹ ਨਾਮ ਜਪ ਰਹੇ ਹੋਣ, ਸਿਰਫ ਜ਼ੁਬਾਨ ਨਾਲ ਹੀ ਨਾ ਕਿਤੇ ਬੋਲਦੇ ਹੋਣ।

ਸੋ ਅਜਾਮਲ ਦੇ ਮਨ 'ਚ ਭਾਵਨਾ ਆ ਗਈ ਪ੍ਰਭੂ ਦੀ। ਮਾਰੀ ਤਾਂ ਹਾਕ ਪੁੱਤਰ ਨੂੰ ਸੀ ਪਰ ਰੱਬ ਵਲ ਨੂੰ ਬਦਲ ਦਿਤੀ ਕਿ ਹੇ ਪ੍ਰਭੂ! ਮੇਰਾ ਤੇਰੇ ਬਿਨਾਂ ਕੋਈ ਨਹੀਂ। ਪ੍ਰਭੂ ਨੂੰ ਜਦੋਂ ਯਾਦ ਕਰੋ, ਉਹ ਉਸੇ ਵੇਲੇ ਹਾਜ਼ਰ ਹੋ ਜਾਂਦੈ। ਉਹ ਇਸ ਤਰ੍ਹਾਂ ਨਹੀਂ ਕਰਦਾ ਕਿ ਮੈਂ ਨਹੀਂ ਅਜੇ ਜਾਂਦਾ। ਰੱਬ ਵਰਗਾ ਕੋਈ ਭੋਲਾ ਨਹੀਂ ਦੁਨੀਆਂ 'ਚ। ਇਸੇ ਕਰਕੇ ਭੋਲਿਆਂ ਨੂੰ ਮਿਲ ਜਾਂਦੈ, ਚਲਾਕਾਂ ਨੂੰ ਨਹੀਂ ਮਿਲਦਾ। ਉਹਦੀ ਬਣਦੀ ਹੀ ਭੋਲਿਆਂ ਨਾਲ ਹੈ -

*ਭੋਲੇ ਭਾਇ ਮਿਲੇ ਰਘੁਰਾਇਆ ॥* *ਅੰਗ - ੩੨੪*

*ਭੋਲਾ ਭਾਉ ਗੋਬਿੰਦ ਮਿਲਾਵੇ।* *ਭਾਈ ਗੁਰਦਾਸ ਜੀ*

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਉਹਨੇ 'ਨਰਾਇਣ' ਕਿਹਾ -

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ- ੯੮੧*

ਉਸੇ ਵੇਲੇ ਜਮਦੂਤਾਂ ਨੂੰ ਮਾਰ ਕੇ ਨਠਾ ਦਿਤਾ।

*ਧਾਰਨਾ - ਗਿਆ ਸੁਰਗਾਂ ਨੂੰ ਅਜਾਮਲ ਪਾਪੀ,*
*ਪਾਪਾਂ ਦਾ ਪਹਾੜ ਢਹਿ ਪਿਆ।*
*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਭਾਈ ਗੁਰਦਾਸ ਜੀ, ਵਾਰ ੧੦/੨੦*

ਉਹਦਾ ਪ੍ਰਤਾਪ ਕੀ ਹੋਇਆ ਪ੍ਰਮੇਸ਼ਰ ਦੇ ਨਾਮ ਲੈਣ ਦਾ -

*ਜਮਗਣ ਮਾਰੇ ਹਰਿ ਜਨਾਂ*
*ਗਇਆ ਸੁਰਗ ਜਮੁਡੰਡੁ ਨ ਸਹਿਆ।*
*ਨਾਇ ਲਏ ਦੁਖੁ ਡੇਰਾ ਢਹਿਆ।*
*ਭਾਈ ਗੁਰਦਾਸ ਜੀ, ਵਾਰ ੧੦/੨੦*

ਸੋ ਮਹਾਰਾਜ ਕਹਿੰਦੇ, ਪਿਆਰਿਓ! -

*ਸੁਣਿ ਸਾਖੀ ਮਨ ਜਪਿ ਪਿਆਰ ॥* *ਅੰਗ- ੧੧੯੨*

ਪਿਆਰ ਦੇ ਨਾਲ ਸਾਡੀ ਗੱਲ ਸੁਣੋ -

*ਅਜਾਮਲੁ ਉਧਰਿਆ ਕਹਿ ਏਕ ਬਾਰ ॥* *ਅੰਗ- ੧੧੯੨*

ਸਿਰਫ ਇਕ ਵਾਰੀ ਕਿਹੈ। ਨਾਮ ਦੀ ਮਹਿਮਾ ਐਨੀ ਵੱਡੀ ਹੈ ਕਿ ਦੁਨੀਆਂ 'ਚ ਕੋਈ ਪੈਦਾ ਨਹੀਂ ਹੋਇਆ ਜਿਹੜਾ ਨਾਮ ਦੀ ਮਹਿਮਾ ਨੂੰ ਦਸ ਸਕੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ੧ ॥*
*ਅੰਗ- ੮੧*

ਨਾਮ ਨੂੰ ਕੋਈ ਨਹੀਂ ਜਾਣਦਾ ਸਿਵਾਏ ਸੰਤਾਂ ਦੇ-

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥* *ਅੰਗ- ੨੬੫*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥*
*ਅੰਗ- ੨੬੫*

ਦੂਜੀ ਮਿਸਾਲ ਦਿੰਦੇ ਨੇ -

*ਬਾਲਮੀਕੈ ਹੋਆ ਸਾਧਸੰਗੁ ॥* *ਅੰਗ- ੧੧੯੨*

ਸੰਖੇਪ ਰੂਪ ਵਿਚ ਮਹਾਰਾਜ ਨੇ ਦਸ ਦਿਤਾ। ਸਾਖੀਆਂ ਪ੍ਰਚਲਤ ਸੀ। ਸਾਰੇ ਜਾਣਦੇ ਸੀ। ਭਾਈ ਗੁਰਦਾਸ ਜੀ ਨੇ ਇਸ ਨੂੰ ਖੋਲ੍ਹ ਕੇ ਵਰਨਣ ਕੀਤਾ। ਦੋ ਬਾਲਮੀਕ ਹੋਏ ਨੇ ਇਤਿਹਾਸ ਦੇ ਅੰਦਰ। ਇਕ ਬਾਲਮੀਕ ਤਾਂ ਉਹ ਹੋਏ ਨੇ ਜਿਥੇ ਸੀਤਾ ਜੀ ਨੇ ਜਾ ਕੇ ਬਨਵਾਸ ਕੱਟਿਆ ਸੀ। ਉਹਨਾਂ ਦਾ ਨਿਵਾਸ ਅਸਥਾਨ ਸੀ ਅੰਮ੍ਰਿਤਸਰ। ਇਸ ਅਸਥਾਨ 'ਤੇ ਹੀ ਲਵ ਤੇ ਕੁਸ਼ ਦਾ ਯੁੱਧ ਹੋਇਆ। ਇਥੇ ਹੀ ਅੰਮ੍ਰਿਤ ਦਾ ਕਲਸ ਜਿਹੜਾ ਸੀ, ਛਿੜਕ ਕੇ ਸਾਰਿਆਂ ਦੀ ਮੂਰਛਾ ਖੋਲ੍ਹੀ ਤੇ ਇਥੇ ਹੀ ਦਸਦੇ ਨੇ ਕਿ ਇਹ ਧਰਤੀ ਦੇ ਵਿਚ ਰੱਖ ਦਿਤਾ। ਅੱਜ ਜੋ ਅੰਮ੍ਰਿਤ ਸਰੋਵਰ ਹੈ, ਜੋ ਸਾਖੀ ਜੁੜੀ ਹੋਈ ਹੈ ਉਹ ਇਹੀ ਥਾਂ ਹੈ ਜਿਥੇ ਪਿੰਗਲੇ ਨੂੰ, ਉਹਦਾ ਰੋਗ ਦੂਰ ਹੋਣ ਤੋਂ ਬਾਅਦ ਸੁੰਦਰ ਸਰੀਰ ਮਿਲਿਆ ਸੀ। ਉਹਦੇ ਕਰਕੇ ਗੁਰੂ ਮਹਾਰਾਜ ਨੇ ਕਿਹਾ ਕਿ ਦੇਖੋ ਇਸ ਪਾਣੀ ਦੇ ਵਿਚ ਕਿੰਨੀ ਵਿਸ਼ੇਸ਼ਤਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਇਹ ਸਥਾਨ ਪਵਿੱਤਰ ਕਰਿਆ। ਫੇਰ ਦੂਸਰੇ ਪਾਤਸ਼ਾਹ ਨੇ, ਤੀਜੇ ਪਾਤਸ਼ਾਹ ਨੇ, ਹੁਣ ਇਹ ਅਸਥਾਨ ਪ੍ਰਗਟ ਹੋਣੈ।

ਦੂਸਰਾ ਬਾਲਮੀਕ ਦਿੱਲੀ ਦੇ ਰਹਿਣ ਵਾਲਾ ਸੀ। ਜਾਤੀ ਉਹਦੀ ਚੰਡਾਲ ਸੀ। ਆਏ ਗਏ ਰਾਹੀਆਂ ਨੂੰ ਲੁੱਟਣਾ ਉਹਦਾ ਕੰਮ ਸੀ। ਜਦੋਂ ਜਵਾਨ ਹੋਇਆ, ਮਾਂ ਨੂੰ ਪੁੱਛਿਆ, ਮਾਤਾ! ਕੀ ਕੰਮ ਕਰਾਂ?

ਕਹਿੰਦੀ, ਦੇਖ ਬੇਟਾ! ਆਪਾਂ ਭੀਲ ਲੋਕ ਹਾਂ। ਆਹ ਜਿਹੜੇ ਆਰੀਅਨ ਨੇ; ਇਹਨਾਂ ਕੋਲ ਬੜਾ ਧਨ ਹੁੰਦੈ। ਮਾਰ ਦਿਆ ਕਰ, ਮਾਰ ਕੇ ਲੁੱਟ ਲਿਆ ਕਰ। ਆਪਣੇ ਦਿਨ ਲੰਘ ਜਾਇਆ ਕਰਨਗੇ।

ਪਹਿਲੇ ਦਿਨ ਕੁਹਾੜਾ ਲੈ ਕੇ ਬੈਠਿਆ। ਬੰਦਾ ਮਾਰ ਦਿਤਾ ਤੇ ਨਿਕਲਿਆ ਕੁਛ ਵੀ ਨਾ। ਐਸਾ ਆਉਂਦਾ ਹੈ ਕਿ ਉਹਦੀ ਜੇਬ 'ਚੋਂ ਦੋ ਆਨੇ ਨਿਕਲੇ। ਉਦਾਸ ਹੋ ਗਿਆ ਕਿ ਬੰਦਾ ਵੀ ਮਾਰਿਆ ਤੇ ਮਿਲਿਆ ਵੀ ਕੁਛ ਨਾ। ਕੁਹਾੜਾ ਸੁੱਟ ਦਿਤਾ। ਮਾਂ ਦੇ ਕੋਲ ਚਲਿਆ ਗਿਆ। ਕਹਿੰਦੀ, ਕੀ ਗੱਲ ਤੂੰ ਬੇਦਿਲ ਹੋ ਗਿਆ? ਕਹਿੰਦਾ, ਇਹ ਤਾਂ ਕਿਰਤ ਐਨੀ ਮਾੜੀ ਹੈ ਮਾਂ, ਦੋ ਆਨੇ ਨਿਕਲੇ ਨੇ, ਬੰਦਾ ਪਤਾ ਨਹੀਂ ਕਿੰਨੀ ਕੀਮਤ ਦਾ ਮਰ ਗਿਆ।

ਕਹਿੰਦੀ, ਲਿਆ ਮੇਰੇ ਕੋਲ ਦੋ ਪੈਸੇ। ਮੱਛੀਆਂ ਫੜਨ ਵਾਲੇ ਕੋਲ ਗਈ। ਉਥੋਂ ਦੋ ਪੈਸੇ ਦਾ ਪੂੰਗ ਲੈ ਆਈ, ਛੋਟੀਆਂ ਮੱਛੀਆਂ। ਕਿੰਨੀਆਂ ਹੀ ਆ ਗਈਆਂ। ਕਹਿੰਦੀ ਲੈ ਤੂੰ ਤਾਂ, ਦੋ ਆਨੇ ਪਿੱਛੇ ਇਕ ਬੰਦਾ ਮਾਰਿਆ, ਆਹ ਦੇਖ ਦੋ ਪੈਸੇ ਨਾਲ ਕਿੰਨੇ ਮਾਰੇ ਨੇ ਇਹਨੇ। ਚਾਹੇ ਜਾਨ ਮੱਛੀ ਦੀ ਹੈ, ਚਾਹੇ ਮਨੁੱਖ ਦੀ ਹੈ, ਜਾਨ ਤਾਂ ਇੱਕੋ ਜਿਹੀ ਹੁੰਦੀ ਹੈ। ਦਿਲ ਨਹੀਂ ਛੱਡੀਦਾ, ਆਪਣੀ ਤਾਂ ਕਿਰਤ ਹੀ ਇਹੀ ਹੈ। ਸੋ ਇਥੇ ਮਹਾਰਾਜ ਜੀ ਕਹਿੰਦੇ ਨੇ ਕਿ ਜੇ ਮਾਂ ਉਹਨੂੰ ਸਮਝਾ ਦਿੰਦੀ, ਸਿੱਧੇ ਰਸਤੇ ਪਾ ਦਿੰਦੀ ਤਾਂ ਇਸ ਕਿਰਤ 'ਚ ਉਹ ਨਾ ਪੈਂਦਾ। ਇਸੇ ਕਰਕੇ ਦੋਸ਼ ਲਗ ਜਾਇਆ ਕਰਦੈ ਮਾਂ-ਬਾਪ ਨੂੰ। ਮਹਾਰਾਜ ਕਹਿੰਦੇ, ਜਿਹੜੇ ਪੁੱਤਰ ਗਲਤ ਬੱਚੇ ਪੈਦਾ ਹੁੰਦੇ ਨੇ, ਇਹ ਹੁੰਦਾ ਤਾਂ ਹੈਗਾ ਸੰਜੋਗ, ਵਿਜੋਗ, ਮਾਂ ਦੇ ਵੀ ਅਖਤਿਆਰ ਨਹੀਂ ਹੁੰਦਾ ਪਰ ਸਾਡੀ ਜਿਹੜੀ ਸੰਸਕ੍ਰਿਤੀ ਹੈ, ਉਹਦੇ 'ਚ ਐਸੀਆਂ ਮਿਸਾਲਾਂ ਮਿਲਦੀਆਂ ਨੇ ਕਿ ਮਾਵਾਂ ਨੇ ਬੱਚਿਆਂ ਨੂੰ ਪੇਟ ਦੇ ਵਿਚ ਗਿਆਨ ਕਰਾ ਦਿਤਾ। ਐਸੀਆਂ ਮਾਵਾਂ ਹੋਈਆਂ ਨੇ ਬਹੁਤ ਸਾਰੀਆਂ ਭਾਰਤ ਵਰਸ਼ ਦੇ ਅੰਦਰ। ਸ਼ੁੱਧ ਆਚਰਨ ਹੁੰਦਾ, ਨਾਮ ਜਪਦੀਆਂ ਸੀ। ਮੂੰਹ ਮੱਥੇ ਨਹੀਂ ਸੀ ਕਿਸੇ ਦੇ ਲਗਦੀਆਂ। ਇਕਾਂਤ ਵਿਚ ਵਸਿਆ ਕਰਦੀਆਂ ਸੀ ਤੇ ਅੰਦਰੋਂ ਹਰ ਵਕਤ ਖਿਆਲ ਹੋਇਆ ਕਰਦਾ ਸੀ ਕਿ ਮੇਰੇ ਪੇਟ 'ਚੋਂ ਜਿਹੜਾ ਬੱਚਾ ਪੈਦਾ ਹੋਵੇ। ਉਹ ਦੁਬਾਰਾ ਨਾ ਕਿਸੇ ਕੁੱਖ 'ਚ ਆਵੇ, ਮੁਕਤੀ ਨੂੰ ਪਹੁੰਚੇ।

ਰਾਣੀ ਚੁੜੈਲਾ ਸੀ, ਉਹਨੇ ਪ੍ਰਣ ਕਰ ਲਿਆ ਸੀ। ਸਾਰੇ ਹੀ ਬੱਚੇ ਬ੍ਰਹਮ ਗਿਆਨੀ ਬਣਾ ਦਿਤੇ। ਇਕ ਬੱਚਾ ਰੱਖਿਆ, ਰਾਜ ਭਾਗ ਵਾਸਤੇ, ਉਹਨੂੰ ਰਾਜਾ ਨਿਰਮੋਹੀ ਕਹਿੰਦੇ ਨੇ।

ਸੋ ਮਹਾਰਾਜ, ਮਾਤਾ ਨੂੰ ਦੋਸ਼ ਦਿੰਦੇ ਨੇ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥* *ਅੰਗ- ੩੨੮*

ਜਿਹੜੀ ਕੁਲ ਦੇ ਵਿਚ ਗਿਆਨ ਦਾ ਪੁੱਤਰ, ਧੀ ਪੈਦਾ ਨਹੀਂ ਹੁੰਦਾ, ਕਹਿੰਦੇ ਉਹ ਕੁਲ ਤਾਂ ਬੰਦ ਹੋ ਜਾਣੀ ਚਾਹੀਦੀ ਸੀ। ਉਹ ਬੰਦ ਹੁੰਦੀ ਤਾਂ ਜੇ ਪਿਉ ਮਰਦਾ। ਪਿਉ ਨੂੰ ਕਿੱਡਾ ਦੋਸ਼ ਹੈ ਕਿ ਤੈਨੂੰ ਤਾਂ ਜਿਉਣ ਦਾ ਹੱਕ ਹੀ ਨਹੀਂ ਹੈ। ਤੇਰੇ ਕੋਈ ਬੱਚਾ ਪ੍ਰਮੇਸ਼ਰ ਦਾ ਪਿਆਰਾ ਨਹੀਂ ਆਇਆ। ਮਾਂ ਨੂੰ ਕਹਿ ਦਿਤਾ ਕਿ ਤੂੰ ਵਿਧਵਾ ਹੋ ਜਾਂਦੀ। ਸਜ਼ਾ ਭੁਗਤਦੀ -

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥*
*ਅੰਗ- ੩੨੮*

ਜਿਹਨੇ ਰਾਮ ਦੀ ਭਗਤੀ ਨਹੀਂ ਕਰੀ, ਉਹਦਾ ਫੇਰ ਸੰਸਾਰ 'ਚ ਆਉਣ ਦਾ ਕੀ ਫਾਇਦਾ ਹੋਇਆ। ਉਹ ਜਿਉਂਦਾ ਹੀ ਕਿਉਂ ਨਾ ਮਰ ਗਿਆ -

*ਧਾਰਨਾ - ਕਾਹੇ ਜਗ ਆਏ ਨੇ,*
*ਭਗਤੀ ਤੋਂ ਹੀਣੇ ਜਿਹੜੇ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*

*ਅੰਗ- ੪੫੦*

ਤਮਾਕੂ ਪੀਣ ਵਾਲਾ ਬੱਚਾ ਕੁਲ ਵਿਚ ਆ ਜਾਵੇ-

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*

ਜਿਹੜੇ ਸਾਡੇ ਬਜ਼ੁਰਗ ਸਵਰਗਾਂ 'ਚ ਬੈਠੇ ਨੇ। ਉਹ ਫੇਰ ਬੇਦਾਵਾ ਦੇ ਦਿੰਦੇ ਨੇ ਕਿ ਇਹ ਸਾਡਾ ਕੁਛ ਨਹੀਂ ਲਗਦਾ ਕਿਉਂਕਿ 101 ਕੁਲ ਦਾ ਨਾਸ਼ ਕਰਦੈ, ਤਮਾਕੂ ਜਿਹੜਾ ਹੈ। ਬੜੀ ਹੀ ਭ੍ਰਿਸ਼ਟੀ ਹੋਈ ਬੂਟੀ ਹੈ। ਭਾਰਤ ਵਰਸ਼ ਵਿਚ ਨਹੀਂ ਸੀ ਆਉਂਦੀ, ਜਹਾਂਗੀਰ ਵੇਲੇ ਆਈ ਹੈ। ਪਹਿਲਾਂ ਨਹੀਂ ਵੜਨ ਦਿਤੀ ਇਹਨਾਂ ਨੇ। ਮਹਾਂ ਦੋਸ਼ੀ ਗਿਣਦੇ ਸੀ ਇਹਨੂੰ, ਜਾਂ ਬੋਧੀ ਲੈ ਕੇ ਇਹਨੂੰ, ਅਰਜਨਟਾਈਨਾ ਤਕ ਜਾਂਦੀ, ਉਪਰ ਦੀ ਲੰਘਦੇ ਸੀ ਅਲਾਸਿਕਾ ਵਲ ਦੀ। ਹੌਲੀ-ਹੌਲੀ ਤੁਰੇ ਰਹਿੰਦੇ ਸੀ ਜਾ ਕੇ ਉਥੋਂ ਬੂਟੀ ਲੈ ਆਉਂਦੇ ਸੀ। ਕਾਸ਼ਤ ਕਰ ਲਈ, ਅੱਗ 'ਚ ਪਾ ਕੇ ਪੀਣੀ ਸ਼ੁਰੂ ਕਰ ਦਿਤੀ। ਜਹਾਂਗੀਰ ਨੇ ਮਨ੍ਹਾ ਕੀਤੀ ਹੋਈ ਸੀ, ਜਿਹੜਾ ਪੀ ਲੈਂਦਾ ਸੀ ਉਹਨੂੰ ਗਧੇ 'ਤੇ ਬਿਠਾ ਕੇ, ਕਾਲਾ ਮੂੰਹ ਕਰਕੇ, ਛਿੱਤਰਾਂ ਦੀ ਮਾਲਾ ਪਾ ਕੇ, ਢੋਲ ਵਜਾ ਕੇ ਪਿੰਡ 'ਚ ਘੁੰਮਾਉਂਦੇ ਸੀ। ਅੰਗਰੇਜ਼ ਨੇ ਚਲਾਕੀ ਕਰੀ, ਇਹ ਲੈ ਕੇ ਆਇਆ ਤਮਾਕੂ, ਇਹਨੇ ਕਿਹਾ ਕਿ ਮੈਂ ਇਹਨਾਂ ਦੀ ਬੁੱਧੀ ਭ੍ਰਿਸ਼ਟ ਕਰਨੀ ਹੈ ਤਮਾਕੂ ਨਾਲ। ਕਿਉਂਕਿ ਤਮਾਕੂ ਜਪ ਤਪ ਨੂੰ ਭੰਗ ਕਰ ਦਿੰਦੈ, ਜਿਵੇਂ ਸ਼ਰਾਬ ਹੈ, ਜਪ ਤਪ ਨੂੰ ਭੰਗ ਕਰਦੀ ਹੈ। ਇਸੇ ਤਰ੍ਹਾਂ ਜਪ ਤਪ ਭੰਗ ਹੋ ਜਾਂਦੈ ਇਹਦੇ ਨਾਲ।

ਇਕ ਰਾਜਾ ਅਜਮੇਰ ਸ਼ਾਹ ਸੀਗਾ। ਉਹਦੀ ਲੜਕੀ ਨੂੰ ਇਕ ਬ੍ਰਹਮਚਾਰੀ ਪਸੰਦ ਆ ਗਿਆ। ਓਦੋਂ ਵਿਆਹ ਇਵੇਂ ਜਿਵੇਂ ਹੋਇਆ ਕਰਦੇ ਸੀ। ਉਹਨੇ ਆਪਣੇ ਪਿਤਾ ਨੂੰ ਕਿਹਾ ਕਿ ਜੇ ਮੈਂ ਸ਼ਾਦੀ ਕਰਾਉਣੀ ਹੈ ਤਾਂ ਮੈਂ ਇਹਦੇ ਨਾਲ ਕਰਾਉਣੀ ਹੈ। ਉਹਨੂੰ ਪੁਛਿਆ ਤਾਂ ਉਹ ਮੰਨੇ ਨਾ, ਬ੍ਰਾਹਮਣ ਸੀਗਾ ਉਹ। ਇਹ ਸੀ ਈਰਾਨ ਦਾ ਬਾਦਸ਼ਾਹ। ਅਖੀਰ ਕਿਡਨੈਪ ਕਰਕੇ ਲੈ ਗਿਆ। ਵਿਆਹ ਕਰ ਦਿਤਾ। ਵਿਆਹ ਤੋਂ ਬਾਅਦ ਇਹ ਇਕੱਲੇ ਰਹਿਣ ਲਗ ਗਏ। ਇਕ ਦਿਨ ਮਾਂ ਨੇ ਪੁੱਛਿਆ, ਬੇਟਾ! ਕੀ ਹਾਲ ਹੈ ਤੇਰਾ? ਕਹਿਣ ਲੱਗੀ, ਮਾਤਾ! ਮੈਂ ਕੀ ਹਾਲ ਦੱਸਾਂ? ਜਿਹੋ ਜਿਹੀ ਵਿਆਹੀ, ਉਹੋ ਜਿਹੀ ਨਾ ਵਿਆਹੀ।

ਕਹਿੰਦੀ, ਕਿਉਂ?

ਕਹਿੰਦੇ, ਇਹਦੇ ਕੋਲ ਕੋਈ ਮੰਤਰ ਹੈ, ਰਾਤ ਨੂੰ ਕਿਲ੍ਹਾ ਉਸਾਰ ਲੈਂਦੈ ਆਪਣੇ ਮੰਜੇ ਦੇ ਦੁਆਲੇ। ਸੋ ਇਸ ਤਰ੍ਹਾਂ ਆਪਣੇ ਆਪ ਨੂੰ isolate (ਅਲੱਗ) ਕਰ ਲੈਂਦੈ। ਮਾਂ ਨੇ ਰਾਜੇ ਨੂੰ ਦੱਸਿਆ। ਰਾਜੇ ਨੇ ਸਿਆਣੇ ਬੰਦੇ ਬੁਲਾਏ। ਜੋਤਸ਼ੀ ਬੁਲਾਏ। ਉਹ ਕਹਿੰਦੇ ਕਿ ਇਹਦੇ ਕੋਲ ਮੰਤਰ ਹੈ, ਉਹ ਮੰਤਰ ਇਹ ਹੈ ਕਿ ਜਿਸ ਵਕਤ ਇਹ ਸੌਂਦੈ ਉਹ ਪੜ੍ਹ ਲੈਂਦੈ, ਉਹਦੇ ਨਾਲ ਇਹ ਹੁੰਦੈ ਕਿ ਇਹਦੇ ਦੁਆਲੇ ਇਕ ਸੂਖਸ਼ਮ ਕਿਲ੍ਹਾ ਬਣ ਜਾਂਦੈ, ਚੌਗਿਰਦਾ ਬਣ ਜਾਂਦੈ।

ਕਹਿੰਦੇ, ਕੋਈ ਤਰੀਕਾ ਹੈ?

ਉਹ ਕਹਿੰਦੇ, ਮੰਤਰ ਦਾ ਫਲ ਭ੍ਰਿਸ਼ਟ ਕਰੋ। ਇਹਦੀ ਸ਼ਕਤੀ ਭ੍ਰਿਸ਼ਟ ਕਰੋ।

ਕਹਿੰਦੇ, ਕਾਹਦੇ ਨਾਲ ਹੁੰਦੀ ਹੈ?

ਕਹਿੰਦੇ ਇਕ ਬੂਟੀ ਹੈ? ਗਧੇ ਦੇ ਕੰਨ ਵਰਗਾ ਉਹਦਾ ਪੱਤਾ ਹੁੰਦੈ ਤੇ ਫਟੀ ਹੋਈ ਹੁੰਦੀ ਹੈ, ਗਊ ਦੇ ਖੁਰ ਵਰਗੀ ਕਿ ਉਹ ਬੂਟੀ ਦੀ ਤਲਾਸ਼ ਕਰੋ ਕਿਤੋਂ? ਬੂਟੀ ਦੀ ਤਲਾਸ਼ ਕੀਤੀ ਗਈ। ਅਖੀਰ ਲੱਭ ਗਈ ਕਿਤੇ। ਦੂਰ-ਦਰਾਜ਼ ਦੇ ਦੇਸ਼ਾਂ 'ਚੋਂ ਕਿਤੇ ਜਾ ਕੇ ਲੈ ਆਏ। ਦਿਖਾਈ ਉਹਨਾਂ ਨੂੰ। ਉਹ ਵੀ ਡਰਦੇ ਨੇ ਹੱਥ ਲਾਉਂਦੇ ਹੋਏ ਕਿ ਅਸੀਂ ਵੀ ਭ੍ਰਿਸ਼ਟ ਹੋ ਜਾਵਾਂਗੇ। ਅਖੀਰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਗੋਲੀਆਂ ਬਣਾਈਆਂ। ਇਕ ਬ੍ਰਾਹਮਣ ਹੋਰ ਕਿਡਨੈਪ ਕਰਿਆ। ਉਹਨੂੰ ਲੱਖਾਂ ਹੀ ਰੁਪਿਆ ਦਿਤਾ। ਉਹ ਕਹਿੰਦੇ ਕਿ ਆਹ ਗੋਲੀਆਂ ਜਿਹੜੀਆਂ ਨੇ, ਇਹ ਰਾਜੇ ਦਾ ਦਾਮਾਦ ਹੈ ਉਹਨੂੰ ਖਿਲਾਉਣੀਆਂ ਨੇ। ਕਿਸੇ ਢੰਗ ਨਾਲ ਖਿਲਾਓ। ਉਹਨੇ ਉਸ ਨਾਲ ਬੜੀ ਗਾੜ੍ਹੀ ਦੋਸਤੀ ਪਾ ਲਈ। ਖਾਣਾ-ਪੀਣਾ ਇਕੱਠੇ, ਇਕ ਦੂਜੇ ਦੇ ਹੱਥ ਦਾ ਖਾਣਾ ਸ਼ੁਰੂ ਕਰ ਦਿਤਾ। ਇਹ ਇਹਦੇ ਸਾਮ੍ਹਣੇ ਗੋਲੀ ਕੱਢ ਕੇ ਖਾ ਲੈਂਦਾ ਸੀ। ਇਹ ਕਹਿੰਦਾ, ਇਹ ਕੀ ਹੈ? ਉਹਨੇ ਕਿਹਾ ਕਿ ਚੂਰਨ ਦੀ ਗੋਲੀ ਹੈ, ਹਵਾ ਨਹੀਂ ਬਣਨ ਦਿੰਦੀ ਅੰਦਰ। ਉਹ ਗੋਲੀ ਉਹਨੇ ਮੂੰਹ ਵਿਚ ਪਾ ਲਈ। ਨਤੀਜਾ ਕੀ ਹੋਇਆ? ਜਦੋਂ ਰਾਤ ਨੂੰ ਮੰਤਰ ਪੜ੍ਹਿਆ, ਮੰਤਰ ਫੁਰੇ ਹੀ ਨਾ, ਵਿਚਾਲੇ ਲਾਈਨ ਭੁੱਲ ਜਾਵੇ। ਕਿਲ੍ਹਾ ਹੀ ਨਾ ਬਣਿਆ।

ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਹ ਸਾਖੀ ਦੱਸੀ

ਸੀ ਸੰਗਤ ਦੇ ਵਿਚ ਕਿ ਦੇਖੋ, ਇਕ ਗੋਲੀ ਖਾਣ ਦੇ ਨਾਲ ਕਿੰਨਾ ਅਸਰ ਹੋਇਆ ਕਿ ਉਹ ਮੰਤਰ ਭੁੱਲ ਗਿਆ। ਸਤਿਆ ਉਹਦੀ ਹਾਰ ਗਈ, ਇਹ ਐਸੀ ਮਾੜੀ ਚੀਜ਼ ਹੈ। 'ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।' ਦੇਵਤੇ ਤੇ ਪਿੱਤਰ ਲੋਕ ਸਾਡੇ ਜਿਹੜੇ ਨੇ ਉਹ ਸਾਡੇ ਨਾਲੋਂ ਸਬੰਧ ਤੋੜ ਲੈਂਦੇ ਨੇ ਤੇ ਪਾਪ ਕਿੰਨਾ ਲਗਦੈ? ਕਹਿੰਦੇ -

*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਵਾਟੈ ਮਾਨਸ ਮਾਰਦਾ ਬੈਠਾ ਬਾਲਮੀਕ ਬਟਵਾਰਾ।*

ਕਰਦੇ-ਕਰਦੇ ਇਕ ਦਿਨ ਐਸਾ ਹੋਇਆ ਕਿ ਪੂਰਨ ਮਹਾਤਮਾ ਆ ਗਏ। ਸਤਿਗੁਰੂ ਪਦਵੀ ਦਾ ਮਹਾਤਮਾ ਆ ਗਿਆ। ਸਤਿਗੁਰੂ ਪਦਵੀ ਹੁੰਦੀ ਹੈ, ਜਿਹਦੇ ਅੰਦਰ ਸਤਿ ਦਾ ਪ੍ਰਕਾਸ਼ ਹੋਇਆ ਹੋਵੇ। ਜਿਹਦੇ ਅੰਦਰ ਸਤਿ ਪ੍ਰਗਟ ਹੋ ਜਾਵੇ, ਜਿਹਦੇ ਅੰਦਰ ਇਹ ਤਾਕਤ ਆ ਜਾਵੇ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ - ੧੨੯੧*

ਜਿਹੜਾ ਇਸ ਸਰੀਰ ਦੇ ਅੰਦਰ ਵਾਹਿਗੁਰੂ ਦਾ ਘਰ ਦਿਖਾ ਦੇਵੇ, ਉਹ ਕਹਿੰਦੇ ਸਤਿਗੁਰੂ ਹੈ। ਵਾਹਿਗੁਰੂ ਦਾ ਘਰ ਹੈ ਕਿੱਥੇ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥ ਅੰਗ- ੧੦੩੩*

ਗਗਨੰਦਰ ਦਸਵੇਂ ਦੁਆਰ ਨੂੰ ਕਹਿੰਦੇ ਨੇ। ਦਸਵੇਂ ਦੁਆਰ ਦੇ ਵਿਚ ਵਾਹਿਗੁਰੂ ਜੀ ਦਾ ਵਾਸਾ ਹੈ। ਜਦੋਂ ਉਹਦੀ ਕੁੰਜੀ ਮਿਲ ਜਾਂਦੀ ਹੈ, ਫੇਰ ਦਇਆਲ ਦੇ ਦਰਸ਼ਨ ਹੋ ਜਾਂਦੇ ਨੇ। ਚਾਬੀ ਹੈਗੀ ਗੁਰੂ ਕੋਲ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*
*ਅੰਗ- ੨੦੫*

ਸੋ ਸਤਿਗੁਰੂ ਦੀ ਮਹਿਮਾ, ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਚੱਲੀ ਹੋਈ ਹੈ। ਗੁਰੂ ਝੂਠਾ ਵੀ ਹੁੰਦੈ, ਪਾਖੰਡੀ ਵੀ ਹੁੰਦੈ, ਗੱਲਾਂਬਾਤਾਂ ਦਾ ਗਾਲੜੀ ਵੀ ਹੁੰਦੈ ਲੇਕਿਨ ਜਿਹੜਾ ਪ੍ਰਤੱਖ, ਜਿਹਨੂੰ ਸੱਚਾ ਕਹਿੰਦੇ ਨੇ, ਸੁਜਾਨ ਕਹਿੰਦੇ ਨੇ ਉਹਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਅੰਦਰਲਾ ਘਰ ਖੋਲ੍ਹ ਕੇ ਦਿਖਾ ਦਿੰਦੈ - 'ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥'

ਨਿਸ਼ਾਨੀ ਕੀ ਹੈ?

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ- ੧੨੯੧*

ਕਹਿੰਦੇ, ਪੰਜਾਂ ਸ਼ਬਦਾਂ ਦੀ ਧੁਨ ਉਥੇ ਹਰ ਵਕਤ, 24 ਘੰਟੇ ਵਜਦੀ ਹੈ ਬਿਨਾਂ ਵਜਾਏ। ਉਥੇ ਸ਼ਬਦ ਦੀ ਨਿਸ਼ਾਨੀ ਹੈ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਅੰਗ- ੧੨੯੧*

ਉਹ ਵਾਦੀ-ਏ ਹੈਰਾਨ ਹੈ। ਵਿਸਮਾਦ ਦੀ ਵਾਦੀ ਹੈ। ਸੱਤ ਵਾਦੀਆਂ ਨੇ। ਮੰਜ਼ਲਾਂ ਨੇ ਸੱਤ। ਸੱਤ ਭੂਮਿਕਾ ਨੇ। ਪੰਜ ਖੰਡ ਨੇ। ਅੱਡ-ਅੱਡ ਤਰੀਕੇ ਦੇ ਨਾਲ ਸਾਰਿਆਂ ਨੇ ਆਪਣਾ-ਆਪਣਾ ਲਿਖਿਆ ਹੈ। ਸੂਫ਼ੀਆਂ ਨੇ ਬਹੁਤ ਮਿਹਨਤ ਕਰੀ ਹੈ ਇਹਦੇ ਉਤੇ। ਸੂਫ਼ੀ ਪੀਰਾਂ ਦੀ ਕਰਨੀ ਕਮਾਈ ਐਨੀ ਜ਼ਬਰਦਸਤ ਸੀ ਕਿ ਦੱਸਿਆ ਹੀ ਨਹੀਂ ਜਾ ਸਕਦਾ। ਪਰ ਥੋੜ੍ਹਾ ਜਿਹਾ ਫਰਕ ਸੀ, ਉਹ ਸ਼ਕਤੀਆਂ ਦਿਖਾ ਦਿੰਦੇ ਸੀ। ਗੁਰਸਿੱਖ ਨਹੀਂ ਸੀ ਸ਼ਕਤੀਆਂ ਦਿਖਾਉਂਦੇ। ਇਹਨਾਂ ਨੂੰ ਵਰਜਿਤ ਕਰ ਦਿਤਾ ਸੀ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਭਾਈ ਗੜ੍ਹੀਆ ਜੀ ਨੂੰ ਕਹਿਣ ਲੱਗੇ, ਤੂੰ ਕਸ਼ਮੀਰ ਜਾਹ। ਉਥੋਂ ਕਾਫੀ ਦੇਰ ਦਾ ਦਸਵੰਧ ਨਹੀਂ ਆਇਆ।

ਭਾਈ ਗੜ੍ਹੀਏ ਨੇ ਹੁਕਮ ਮੰਨਿਆ ਤੇ ਚਲਿਆ ਗਿਆ। ਜਦੋਂ ਗੁਜਰਾਤ ਪਹੁੰਚਿਆ, ਉਥੇ ਪੀਰ ਦਉਲੇ ਸ਼ਾਹ ਇਕ ਬੜੀ ਕਰਨੀ ਕਮਾਈ ਵਾਲਾ, ਮਹਾਂਪੁਰਸ਼ ਸੀ। ਉਸ ਨੂੰ ਲੱਗਿਆ ਕਿ ਗੁਰੂ ਛੇਵੇਂ ਪਾਤਸ਼ਾਹ ਦਾ ਇਕ ਸਿੱਖ ਇਥੇ ਆਇਐ। ਸੁਨੇਹਾ ਭੇਜਿਆ ਕਿ ਗੁਰਮੁਖ ਪਿਆਰੇ ਜੀਓ! ਤੁਸੀਂ ਮੈਨੂੰ ਸੁਖਮਨੀ ਸਾਹਿਬ ਸੁਣਾਓ, 5-10 ਦਿਨ ਠਹਿਰੋ ਇਥੇ। ਬਚਨ ਮੰਨ ਕੇ ਠਹਿਰ ਗਏ ਤੇ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਨਾ। ਪੀਰ ਦਉਲੇ ਸ਼ਾਹ ਨੇ ਸੁਣਨਾ। ਉਹਦਾ ਹੀ ਚੇਲਾ ਪੀਰ ਜਹਾਂਗੀਰ ਸੀ, ਬੜੀਆਂ ਹੀ ਸ਼ਕਤੀਆਂ ਦਿਖਾਉਂਦਾ ਸੀ। ਗੁਰੂ ਛੇਵੇਂ ਪਾਤਸ਼ਾਹ ਨੂੰ ਸ਼ਕਤੀ ਦਿਖਾਉਣ ਲੱਗਿਆ। ਜਿਸ ਵਕਤ ਭਾਈ ਗੜ੍ਹੀਆ ਵਿਦਾ ਹੋਇਆ ਤਾਂ ਅਸੂਲ ਇਹ ਹੁੰਦੈ ਕਿ ਸਾਧੂ ਆਪਣੇ ਘਰ ਆਏ ਹੋਏ ਮਹਿਮਾਨ ਸਾਧੂ ਨੂੰ, ਵਿਦਾ ਕਰਨ ਆਪ ਜਾਂਦੇ ਨੇ, ਬੈਠੇ-ਬੈਠੇ ਨਹੀਂ ਕਹਿੰਦੇ ਕਿ ਅੱਛਾ ਜੀ ਸਤਿ ਸ੍ਰੀ ਅਕਾਲ। ਬਾਕੀ ਬਾਦਸ਼ਾਹ ਨੂੰ ਤਾਂ ਉਹ ਗਿਣਦੇ ਨਹੀਂ। ਰਾਜਾ ਆ ਜਾਏ, ਬਿਲਕੁਲ ਨਹੀਂ ਉਠਦੇ। ਵੱਡੇ-ਵੱਡੇ ਤੋਂ ਵੱਡਾ ਆ ਜਾਏ ਤਾਂ ਵੀ ਨਹੀਂ ਉਠਦੇ ਕਿਉਂਕਿ ਉਹਨਾਂ ਦੀ ਹਜ਼ੂਰੀ ਵਾਹਿਗੁਰੂ ਕੋਲ ਹੁੰਦੀ ਹੈ। ਉਹਨੂੰ ਚੁੱਕ ਕੇ ਕਿਵੇਂ ਬੇਅਦਬੀ ਕਰ ਦੇਣਗੇ। ਸਿਰਫ ਸਾਧੂ ਨੂੰ ਛੱਡਣ ਵਾਸਤੇ ਉਠਦੇ ਨੇ। ਜੇ ਨਾ ਉਠੇ, ਪੀਰੀ ਖਤਮ ਹੋ ਜਾਂਦੀ ਹੈ।

ਬੁੱਲੇਸ਼ਾਹ ਦੇ ਕੋਲ ਪੀਰ ਅਨਾਇਤ ਸ਼ਾਹ ਦਾ ਲੜਕਾ ਆ ਗਿਆ। ਆਏ ਦਾ ਉਹਨਾਂ ਨੇ ਬਹੁਤ ਸਤਿਕਾਰ ਕਰਿਆ। ਜਦੋਂ ਉਹ ਵਾਪਸ ਤੁਰਿਆ ਉਹ ਤਾਂ ਉਸ ਵੇਲੇ ਸੰਗਤ ਬੈਠੀ ਸੀ ਤੇ ਬੈਠੇ ਹੀ ਕਿਹਾ,

ਅੱਛਾ! ਪੀਰ ਜੀ ਨੂੰ ਮੇਰੀ ਨਮਸ਼ਕਾਰ ਕਰਿਓ। ਮੇਰੇ ਵਲੋਂ ਬੇਨਤੀ ਕਰਿਓ, ਆਹ ਭੇਟਾ ਦੇ ਦਿਓ।

ਪੀਰ ਅਨਾਇਤ ਸ਼ਾਹ ਨੇ ਇਹੀ ਗੱਲ ਪੁੱਛ ਲਈ ਕਿ ਕਹਿਣ ਲੱਗਿਆ, ਬੇਟਾ! ਜਦੋਂ ਤੂੰ ਵਾਪਸ ਮੁੜਿਐਂ, ਬੁੱਲਾ ਕਿਥੋਂ ਕੁ ਤਕ ਆਇਆ ਸੀ ਛੱਡਣ?

ਕਹਿੰਦਾ, ਜੀ ਉਹਨਾਂ ਕੋਲ ਤਾਂ ਬਹੁਤ ਇਕੱਠ ਸੀ। ਸੋ ਉਥੇ ਹੀ ਉਹਨਾਂ ਨੇ ਸਲਾਮ-ਏਕਮ ਕਹਿ ਦਿਤੀ ਸੀ। ਉਥੋਂ ਹੀ ਹੱਥ ਕਰਿਆ ਉਪਰ ਨੂੰ, ਸਾਰੀ ਹੀ ਸ਼ਕਤੀ ਖਿੱਚ ਲਈ ਬੁੱਲੇਸ਼ਾਹ ਦੀ। ਬੁੱਲੇਸ਼ਾਹ ਨੂੰ ਪਤਾ ਲਗ ਗਿਆ ਕਿ ਮੇਰੇ ਤੋਂ ਬੜੀ ਭਾਰੀ ਭੁੱਲ ਹੋ ਗਈ। ਬਾਰ੍ਹਾਂ ਸਾਲ ਗਾਉਂਦਾ ਰਿਹਾ ਤਾਂ ਜਾ ਕੇ ਪੀਰ ਨੇ ਉਹਨੂੰ ਮਾਫ ਕਰਿਆ। ਅਵੱਗਿਆ ਗਿਣੀ ਜਾਂਦੀ ਹੈ, ਇਹ ਬੜੀ ਭਾਰੀ, ਧਾਰਮਿਕ ਅਵੱਗਿਆ ਕਹੀ ਜਾਂਦੀ ਹੈ। ਐਵੇਂ ਹੀ ਕਹਿ ਦੇਣਾ, ਚੰਗਾ ਜੀ ਚਲੋ। ਸੋ ਇਹ ਭਾਈ ਗੜ੍ਹੀਏ ਨੂੰ ਛੱਡਣ ਵਾਸਤੇ ਗੁਜਰਾਤ ਤੋਂ ਬਾਹਰ ਇਕ ਦੋ ਮੀਲ ਨਾਲ ਆਇਆ। ਓਦੋਂ ਕੱਚੇ ਰਸਤੇ ਸੀ, ਸੜਕਾਂ ਹੁੰਦੀਆਂ ਨਹੀਂ ਸੀ। ਉਹਦੀ ਜੁੱਤੀ ਜਿਹੜੀ ਸੀ ਉਹ ਛਿੱਤਰ ਸੀ। ਉਹ ਉਹਦੇ ਪੈਰਾਂ 'ਚ ਲੱਗਣ ਲਗ ਗਏ ਸੀ। ਇਸ ਲਈ ਅੱਡੀਆਂ ਉਹਨੇ ਮੋੜ ਦਿਤੀਆਂ ਸੀ। ਛਿੱਤਰ ਜਿਹੇ ਬਣਾ ਲਏ। ਉਹ ਰੇਤਾ ਭਰੇ ਉਤੇ ਨੂੰ ਮਾਰਨ, ਉਤੇ ਤਕ ਆ ਜਾਣ। ਮਨ 'ਚ ਆਇਆ ਪੀਰ ਦੌਲੇਸ਼ਾਹ ਦੇ ਕਿ ਸਿੱਖ ਹੈ ਤਾਂ ਬੜੀ ਕਰਨੀ ਕਮਾਈ ਵਾਲਾ, ਪਰ ਗਰੀਬ ਹੈ। ਹੋ ਸਕਦੈ, ਬਹੁਤੇ ਸਿੱਖ ਹੋਣ ਕਰਕੇ ਗੁਰੂ ਮਹਾਰਾਜ ਨਾ ਦਿੰਦੇ ਹੋਣ ਜੋੜੇ ਤੇ ਵਸਤਰ। ਚੋਲਾ ਵੀ ਫਟਿਆ ਹੋਇਐ। ਉਸ ਵੇਲੇ ਕਹਿਣ ਲੱਗੇ ਕਿ ਕੁਛ ਦੇ ਦੇਈਏ ਇਹਨੂੰ। ਖੇਤ ਸੀ ਕੈੜੀ ਮਿੱਟੀ ਦਾ, 5-5, 10-10 ਕਿਲੋ ਦੇ ਉਥੇ ਡਲ੍ਹੇ ਪਏ ਸੀ। ਕਹਿਣ ਲੱਗਿਆ, ਗੁਰਸਿੱਖ ਜੀ! ਤੁਸੀਂ ਮੇਰੇ 'ਤੇ ਬੜੀ ਕ੍ਰਿਪਾ ਕਰੀ। ਬਾਣੀ ਸੁਣਾਈ, ਮੈਂ ਤੁਹਾਡੀ ਭੇਟਾ ਕੁਛ ਨਹੀਂ ਸੀ ਕਰ ਸਕਿਆ। ਆਪ ਕ੍ਰਿਪਾ ਕਰੋ, ਆਹ ਡਲਾ ਚੁੱਕ ਲਓ। ਇਹਨੂੰ ਖਰਚ ਕੇ ਵਸਤਰ ਬਣਾ ਲਿਓ ਤੇ ਜੋੜਾ ਲੈ ਲਿਓ, ਹੋਰ ਕੁਛ ਲੈ ਲਿਓ ਸਵਾਰੀ ਵਾਸਤੇ ਘੋੜਾ ਵਗੈਰਾ ਲੈ ਲਿਓ।

ਉਹ ਸਮਝ ਗਏ ਕਿ ਇਸ ਪੀਰ ਨੂੰ ਭੁਲੇਖਾ ਪੈ ਗਿਆ। ਇਕ ਨਿਗ੍ਹਾ ਕਰ ਦਿਤੀ। ਕਹਿਣ ਲੱਗੇ, ਪੀਰ ਜੀ! ਕਿਹੜੇ ਡਲ੍ਹੇ ਦੀ ਗੱਲ ਕਰਦੇ ਹੋਂ। ਜਦੋਂ ਪੀਰ ਨੇ ਦੇਖਿਆ, ਸਾਰਾ ਖੇਤ ਸੁਨਹਿਰੀ ਕਿਰਨਾਂ ਮਾਰ ਰਿਹੈ। ਹੈਰਾਨ ਹੋ ਗਿਆ ਕਿ ਇਹਨਾਂ ਨੇ ਤਾਂ ਖੇਤ ਹੀ ਸੋਨੇ ਦਾ ਬਣਾ ਦਿਤਾ। ਮੈਂ ਤਾਂ ਇਕ ਡਲਾ ਬਣਾਇਆ ਸੀ। ਇਹਨਾਂ ਗੱਲਾਂ ਦੇ ਵਿਚ ਘੱਟ ਨਹੀਂ ਸੀ ਹੁੰਦੇ ਗੁਰਸਿੱਖ ਵੀ। ਪਰ ਉਹ ਦਿਖਾਇਆ ਨਹੀਂ ਸੀ ਕਰਦੇ ਇਹਨਾਂ ਗੱਲਾਂ ਨੂੰ। ਗੁਪਤ ਰੱਖਿਆ ਕਰਦੇ ਸੀ। ਪੂਰੀ ਕਰਨੀ ਕਮਾਈ ਦੇ ਮਾਲਕ ਹੁੰਦੇ ਹੋਏ ਵੀ ਨਿਮਰਤਾ ਧਾਰਨ ਕਰਕੇ ਰਖਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਸਾਧੂ ਜਿਹੜੇ ਨੇ, ਜਾਣ ਕੇ ਇਸ ਰਸਤੇ ਆ ਗਏ। ਪੂਰਾ ਸਤਿਗੁਰੂ ਆ ਗਿਆ। ਪੂਰੇ ਸਤਿਗੁਰੂ ਦੀ ਮੈਂ ਨਿਸ਼ਾਨੀ ਦਸਦਾ ਸੀ ਕਿ ਅੰਦਰਲਾ ਭੇਤ ਦਿੰਦੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥*
*ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥*
*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*

*ਅੰਗ- ੧੦੩੩*

ਜਿਹੜਾ ਇਸ ਘਰ ਨੂੰ ਦਿਖਾ ਦੇਵੇ ਉਹ ਸਤਿਗੁਰੂ ਹੁੰਦੈ। ਮੁੱਢ ਤੋਂ ਹੀ ਸਤਿਗੁਰੂ ਹੁੰਦੈ। ਜੇ ਕਬੀਰ ਨੂੰ ਮਿਲਿਆ, ਪੂਰਾ ਸਤਿਗੁਰੂ ਮਿਲਿਆ। ਜੇ ਸੈਣ ਨੂੰ ਮਿਲਿਆ, ਪੂਰਾ ਸਤਿਗੁਰੂ ਮਿਲਿਆ। ਜੇ ਨਾਮਦੇਵ ਨੂੰ ਮਿਲਿਆ, ਪੂਰਾ ਸਤਿਗੁਰੂ ਮਿਲਿਆ। ਇਹ ਤਾਂ ਜਦੋਂ ਤੋਂ ਸੰਸਾਰ ਬਣਿਐ, ਪ੍ਰਮੇਸ਼ਰ ਨੇ ਤਾਰਨ ਦਾ ਸਬੰਧ ਅਪਣਾਇਆ ਹੋਇਆ ਹੀ ਹੈ। ਆਪਣੀ-ਆਪਣੀ ਮੱਤ ਨਾਲ, ਆਪਣੀ ਗੱਲ ਦੇ ਉਤੇ ਨਿਸ਼ਚਾ ਚਾਹੀਦਾ ਹੈ। ਦੂਸਰੇ ਦੇ ਨਿਸ਼ਚੇ ਨੂੰ ਨਹੀਂ ਕੱਟਣਾ ਚਾਹੀਦਾ ਕਿਉਂਕਿ infinity (ਬੇਅੰਤਤਾ) ਹੈ ਇਹ। Infinity (ਬੇਅੰਤਤਾ) ਨੂੰ ਤੁਸੀਂ ਕਿਸੇ ਹੱਦ ਵਿਚ ਲਿਆ ਨਹੀਂ ਸਕਦੇ। ਵਾਹਿਗੁਰੂ ਦੀ ਕਿਰਤ ਨੂੰ ਕੋਈ ਬੰਦਾ ਨਾਪ ਨਹੀਂ ਸਕਦਾ। ਤੋਲ ਨਹੀਂ ਸਕਦਾ, ਉਹ ਐਡੀ ਹੈ ਕਿ ਕਿਸੇ ਤਰੀਕੇ ਨਾਲ ਵੀ ਕੀਮਤ ਨਹੀਂ ਪਾ ਸਕਦਾ -

*ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥*

*ਅੰਗ- ੧੪*

ਨਹੀਂ ਪੈਂਦੀ ਕੀਮਤ। ਸੋ ਇਸ ਤਰ੍ਹਾਂ ਦੇ ਨਾਲ -

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ*
*ਇਹੁ ਮਨੁ ਕਤਹੁ ਨ ਜਾਇ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥*
*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ ੧ ॥*

*ਅੰਗ- ੧੨੯੧*

ਸੋ ਐਸਾ ਸਤਿਗੁਰੂ ਅਵਸਥਾ ਵਾਲੇ ਮਹਾਂਪੁਰਸ਼ ਤੁਰੇ ਜਾ ਰਹੇ ਨੇ। ਸਾਰੀਆਂ ਸ਼ਕਤੀਆਂ ਦੇ ਮਾਲਕ ਨੂੰ ਕਿਸੇ

ਦੇ ਕੁਹਾੜੇ ਦਾ ਕੀ ਡਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਬਗਦਾਦ 'ਚ ਬੈਠੇ ਨੇ, ਸਾਰਾ ਸ਼ਹਿਰ ਸੰਗਸਾਰ ਕਰਨ ਵਾਸਤੇ ਅਰਥਾਤ ਪੱਥਰ ਮਾਰ ਕੇ ਮਾਰਨ ਵਾਸਤੇ ਆ ਗਿਆ। ਬਗਦਾਦ ਵਿਚੋਂ ਪੀਰ ਦਸਤਗੀਰ ਨੇ ਕੱਢ ਦਿਤਾ। ਜਦੋਂ ਮਹਾਰਾਜ ਦੇ ਵੱਟੇ ਮਾਰਨ ਲਈ ਹੱਥ ਖੜ੍ਹੇ ਕਰੇ, ਉਥੇ ਹੀ ਸਾਰੇ ਰੁਕ ਗਏ। ਨਾ ਬੋਲਣ, ਨਾ ਚੱਲਣ, ਬਿੱਟ-ਬਿੱਟ ਤੱਕੀ ਜਾਣ, ਖੜ੍ਹੇ ਨੇ ਬੁੱਤ ਬਣਾ ਦਿਤੇ ਸਾਰੇ। ਪੀਰ ਸਾਰਾ ਜ਼ੋਰ ਲਾ ਰਿਹੈ, ਕੁਛ ਨਾ ਬਣਿਆ। ਉਹਨੂੰ ਕੌਣ ਕਹਿ ਸਕਦੈ ਕੁਛ, ਉਹਦੀ ਆਪਣੀ ਮਰਜ਼ੀ ਹੁੰਦੀ ਹੈ। ਗੁਰੂ ਪੰਜਵੇਂ ਪਾਤਸ਼ਾਹ ਨੇ ਸ਼ਹੀਦੀ ਦਿਤੀ, ਉਹਨਾਂ ਦਾ ਕੋਈ ਕੌਤਕ ਸੀ। ਗੁਰੂ ਨੌਵੇਂ ਪਾਤਸ਼ਾਹ ਨੇ ਸ਼ਹੀਦੀ ਦਿਤੀ ਉਹਨਾਂ ਦੀ ਆਪਣੀ ਕੋਈ ਮਰਜ਼ੀ ਸੀ -

*ਠੀਕਰਿ ਫੋਰਿ ਦਿਲੀਸ ਸਿਰਿ*
*ਪ੍ਰਭ ਪੁਰ ਕੀਆ ਪਯਾਨ॥* *ਬਚਿਤ੍ਰ ਨਾਟਕ*

ਠੀਕਰ ਭੰਨਣਾ ਸੀ, ਉਹਦੇ ਸਿਰ ਲਾ ਕੇ ਭੰਨ ਦਿਤਾ। ਅਸੀਂ ਗੁਰੂਆਂ ਦੀ ਸਮਰੱਥਾ ਦੀ ਮਹਿਮਾ ਦੇ ਬਾਰੇ ਕੋਈ ਗੱਲ ਨਹੀਂ ਕਰ ਸਕਦੇ, ਸੀਸ ਹੀ ਨਿਵਾਉਣਾ ਪੈਂਦੈ। ਕਿੰਤੂ ਨਹੀਂ ਕਰ ਸਕਦੇ ਕਿਉਂਕਿ ਅਸੀਂ ਅਲਪੱਗ ਬੁੱਧੀ ਦੇ ਜੀਵ ਹਾਂ। ਉਹ ਸਰਬੱਗ ਨੇ, ਸਰਬ ਕਲਾ ਸਮਰੱਥ ਨੇ, ਸਾਰੀਆਂ ਸ਼ਕਤੀਆਂ ਦੇ ਸੰਪੰਨ ਨੇ। ਉਹਨਾਂ ਦੀ ਮੌਜ ਹੈ, ਸ਼ਕਤੀ ਦਿਖਾਓ, ਨਹੀਂ ਦਿਖਾਉਣੀ ਨਾ ਦਿਖਾਓ। ਸੋ ਇਹ ਸ਼ਕਤੀਆਂ ਗੁਰੂਆਂ, ਪੀਰਾਂ 'ਚ ਹੋਇਆ ਕਰਦੀਆਂ ਨੇ। ਉਹਨਾਂ ਨੂੰ ਡਰ ਨਹੀਂ ਕਿਸੇ ਦਾ ਹੋਇਆ ਕਰਦਾ। ਨਾ ਕੌਡੇ ਰਾਕਸ਼ ਦਾ ਡਰ ਹੈ, ਨਾ ਕਿਸੇ ਚੋਰ ਚਕਾਰ ਦਾ ਡਰ ਹੈ। ਉਹ ਤਾਰਨ ਵਾਸਤੇ ਆਏ ਹੋਏ ਨੇ। ਇਕ ਦ੍ਰਿਸ਼ਟੀ ਹੈ, ਉਹਦੇ ਨਾਲ ਹੀ ਮੋਮ ਬਣਾ ਦਿੰਦੇ ਨੇ। ਸੋ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਸਲਾਹ ਕਰਦੈ ਕਿ ਹੁਣ ਮੈਂ ਇਹਨਾਂ ਨੂੰ ਕਿਵੇਂ ਮਾਰਾਂ, ਇਹ ਤਾਂ 6-7 ਨੇ। ਜੁਗਤਾਂ ਬਣਾਉਂਦੇ ਨੇ। ਉਹਨੇ ਜਦੋਂ ਉਹਨਾਂ ਵਲ ਦੇਖਿਆ ਤਾਂ ਮਨ ਵਿਚ ਕਈ ਖਿਆਲ ਚੱਲਣ ਲਗ ਪਏ - 'ਮਨ ਵਿਚਿ ਹੋਆ ਖਿੰਜੋ ਤਾੜਾ।'

ਹੁਣ ਵਿਉਂਤ ਬਣਾਉਂਦੈ ਕਿ ਮੈਂ ਗਲ ਵੱਢ ਦੇਵਾਂਗਾ, ਪਹਿਲੇ ਦਾ ਫੇਰ ਦੂਜੇ ਦਾ, ਛੇਤੀ-ਛੇਤੀ ਵੱਢ ਦੇਵਾਂਗਾ-

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਲੋਚਦੈ ਲੇਕਿਨ ਕਰ ਨਹੀਂ ਕੁਛ ਸਕਦਾ।

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਮਹਾਰਾਜ ਨਾਭੇ ਨੂੰ ਇਹ ਖਿਆਲ ਹੁੰਦਾ, ਜਿਹੜਾ ਵੀ ਸੰਤ ਸੁਣਨਾ, ਉਹਨੂੰ ਐਸੇ ਸਵਾਲ ਕਰ ਦੇਣੇ, ਉਹਨੂੰ ਜਵਾਬ ਨਾ ਆਉਣਾ ਵਿਚਾਰੇ ਨੂੰ। ਫੇਰ ਇਹਨੇ ਕਹਿਣਾ ਇਹ ਤਾਂ ਐਵੇਂ ਹੀ ਹੈ। ਪਰਖਣ ਦਾ ਸੁਭਾਅ ਸੀ।

ਬਾਬਾ ਜੱਸਾ ਸਿੰਘ ਜੀ ਦੀ ਮਹਿਮਾ ਜਦੋਂ ਦੂਰ ਤਕ ਫੈਲੀ ਤੇ ਉਸ ਵੇਲੇ ਖਿਆਲ ਆਇਆ ਕਿ ਆਪਾਂ ਵੀ ਚੱਲ ਕੇ ਦੇਖੀਏ ਕਿ ਕੁਛ ਹੈ ਵੀ ਕਿ ਐਵੇਂ ਹੀ ਰੌਲਾ-ਗੌਲਾ ਹੀ ਹੈ। ਪਰਖਣ ਨੂੰ ਆਉਂਦਾ ਸੀ, ਵੈਸੇ ਉਹ ਸਾਧੂਆਂ ਨੂੰ ਘੱਟ ਹੀ ਮੰਨਦਾ ਸੀ।

ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਕੋਲ ਵੀ ਪਰਖਣ ਨੂੰ ਆਇਆ ਸੀ। ਪਰ ਇਕ ਬਚਨ ਨਾਲ ਹੀ ਉਨ੍ਹਾਂ ਨੇ ਉਹਨੂੰ ਰਾਹ ਪਾ ਦਿਤਾ।

ਸੋ ਜਿਸ ਵਕਤ ਉਹ ਆਉਂਦੈ, ਆਪ ਅੱਠ ਫੁੱਟ ਉੱਚੇ ਮਨ੍ਹੇ 'ਤੇ ਬੈਠਿਆ ਕਰਦੇ ਸੀ। ਮੌਜ ਸੀ ਮਹਾਤਮਾ ਦੀ, ਚਾਹੇ ਹੇਠਾਂ ਬੈਠਣ, ਚਾਹੇ ਮਨ੍ਹਾ ਗੱਡ ਕੇ ਬੈਠਣ। ਬਾਬਾ ਨੰਦ ਸਿੰਘ ਜੀ ਜਿਹੜੇ ਉਹਨਾਂ ਤੋਂ ਬਾਅਦ ਹੋਏ ਨੇ, ਉਹ ਸਾਰੀ ਜ਼ਿੰਦਗੀ ਛੱਤ ਹੇਠਾਂ ਕਦੇ ਨਹੀਂ ਪਏ, ਕੈਨਵਸ ਵਿਚ ਕੱਟੀ। ਪਹਿਲਾਂ ਰੋਹੀ ਵਿਚ, ਮੈਨੂੰ ਦਸਦੇ ਸੀ ਕਿ 60 ਸਾਲ ਅਸੀਂ ਖੁੱਲ੍ਹੇ ਅਸਮਾਨ 'ਚ ਬੈਠੇ ਹਾਂ।

ਮੈਂ ਕਿਹਾ, ਬਾਬਾ ਜੀ! ਜਦੋਂ ਮੀਂਹ ਪੈਂਦਾ ਸੀ।

ਕਹਿੰਦੇ, ਜਦੋਂ ਮੀਂਹ ਪੈਂਦਾ ਸੀ ਤਾਂ ਕਿਸੇ ਦਰਖ਼ਤ ਦੀ ਓਟ ਲੈ ਲਈਦੀ ਸੀ। ਮੈਂ ਕਿਹਾ, ਜੇ ਪਈ ਹੀ ਜਾਂਦਾ ਸੀ ਮੀਂਹ। ਕਹਿੰਦੇ, ਸਾਨੂੰ ਕਿਹੜਾ ਖਾਰਦਾ ਸੀ। ਨਗਨ ਰਹਿੰਦੇ ਸੀ ਅਸੀਂ। 60 ਸਾਲ ਅਸੀਂ ਫੇਰ ਗੁਰਮਤਿ ਵਾਲੇ ਰਸਤੇ 'ਤੇ ਆਏ। ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਉਸ ਵੇਲੇ ਉਸ ਦੇ ਹਿਸਾਬ ਨਾਲ, ਕਹਿੰਦੇ 120 ਸਾਲ ਦੀ ਕਮਾਈ ਹੈ ਮੇਰੇ ਕੋਲ। ਇਹ ਮੈਂ ਤੁਹਾਡੇ ਚਰਨਾਂ 'ਤੇ ਭੇਟਾ ਕਰਦਾਂ। ਕ੍ਰਿਪਾ ਕਰਕੇ ਮਨਜ਼ੂਰ ਕਰ ਲਓ ਇਹ। ਯਾਨਿ ਐਸੇ-ਐਸੇ ਸਾਧੂ ਹੋਏ ਨੇ।

ਬਾਬਾ ਜੱਸਾ ਸਿੰਘ ਜੀ ਜਿਹੜੇ ਸੀਗੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਮੈਨੂੰ ਨਾਭੇ ਵਾਲਾ ਰਾਜਾ ਪੁੱਛਦੈ। ਅੱਜ ਆ ਰਿਹੈ, ਪਰਖ ਕਰਨ। ਜਿਸ ਵਕਤ ਨੇੜੇ ਆਇਆ, ਭਾਦੋਂ ਦਾ ਮਹੀਨਾ ਸੀ, ਮੱਕੀਆਂ ਦੇ ਵਿਚ ਜਾ ਵੜੇ। ਰਾਜਾ ਬੈਠਾ ਰਿਹਾ। ਆਇਆ ਹੀ ਨਾ। ਬਥੇਰਾ ਟੋਲ੍ਹਿਆ, ਕਿਤੇ ਨਾ ਪਤਾ ਲੱਗਿਆ ਕਿ ਕਿਧਰ ਲੰਘ ਗਏ। ਤੁਰੇ ਹੀ ਗਏ, ਮੱਕੀਆਂ ਦੇ ਵਿਚ।

ਮੁੜ ਗਿਆ। ਦੂਜੀ ਵਾਰੀ ਫੇਰ ਆਇਆ, ਫੇਰ

ਨਾ ਮਿਲੇ, ਤੀਜੀ ਵਾਰੀ ਵੀ ਨਹੀਂ ਮਿਲੇ। ਸੱਤ ਵਾਰੀ ਆ ਚੁੱਕਿਆ ਸੀ। ਉਹ ਸੱਤੋ ਵਾਰੀ ਉੱਠ ਕੇ ਤੁਰ ਜਾਇਆ ਕਰਦੇ ਸੀ। ਕਿਉਂਕਿ ਉਹਨਾਂ ਦੀ ਮੌਜ ਹੁੰਦੀ ਹੈ। ਸਾਧਸੰਗਤ ਜੀ! ਸਾਧੂਆਂ ਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ ਕਿ ਉਹਨਾਂ ਨੂੰ ਇਸ ਤਰ੍ਹਾਂ ਰਹਿਣਾ ਚਾਹੀਦੈ। ਉਹ ਤਾਂ ਆਪਣੀ ਮੌਜ ਦੇ ਮਾਲਕ ਹੋਇਆ ਕਰਦੇ ਨੇ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,*
*ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।*
*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*

*ਅੰਗ- ੪੭੩*

ਉਹਨਾਂ ਨੂੰ ਕਿਸੇ ਰਾਜੇ-ਰਾਣਿਆਂ ਦੀ ਪਰਵਾਹ ਨਹੀਂ ਹੋਇਆ ਕਰਦੀ। ਲੈਣਾ ਹੀ ਨਹੀਂ ਕੁਛ, ਦੇਣਾ ਹੀ ਦੇਣਾ ਹੈ-

*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਰਹਾਉ ॥* *ਅੰਗ- ੭੧੧*

ਜਿਹਦੇ ਵਲ ਵਾਹਿਗੁਰੂ ਹੋ ਜਾਵੇ ਉਹਨੂੰ ਕੀਹਦੀ ਪਰਵਾਹ ਹੈ? ਸੋ ਇਸ ਤਰ੍ਹਾਂ ਦੇ ਨਾਲ ਨੌਵੀਂ ਵਾਰੀ ਜਦੋਂ ਚੱਲਿਆ। ਉਸ ਵੇਲੇ ਅਰਦਾਸ ਕਰੀ ਹੇ ਪ੍ਰਭੂ! ਹੁਣ ਮੈਂ ਸ਼ਰਧਾ ਨਾਲ ਜਾ ਰਿਹਾ ਹਾਂ, ਮੈਨੂੰ ਦਰਸ਼ਨ ਕਰਾ ਦਿਓ। ਇਧਰਲੇ ਪਾਸੇ ਬਾਬਾ ਜੀ ਨੇ ਕਿਹਾ ਕਿ ਆਹ ਜਿਹੜਾ ਗਾਰਾ ਹੈ ਨਾ ਖੂਹ ਦੇ ਮੂਹਰੇ, ਇਹ 8-9 ਤਸਲੇ ਭਰ ਕੇ ਸਾਡੇ ਮਨ੍ਹੇ 'ਤੇ ਰਖ ਦਿਓ। ਮਨ੍ਹੇ 'ਤੇ ਰਖਾ ਲਏ। ਜਿਸ ਵਕਤ ਨਾਭੇ ਵਾਲਾ ਰਾਜਾ ਆਇਆ। ਉਹਨੇ ਉਤੇ ਨੂੰ ਹੱਥ ਕਰਕੇ ਫਤਿਹ ਬੁਲਾਈ ਤੇ ਉਹਨਾਂ ਨੇ ਇਕ ਭਰਿਆ ਹੋਇਆ ਤੱਸਲਾ ਸਿਰ 'ਚ ਮਾਰਿਆ। ਸਿਰ ਭਰ ਦਿਤਾ ਗਾਰੇ ਨਾਲ। ਅਹਿਲਕਾਰ ਜੋ ਨਾਲ ਸੀ ਉਹ ਘਬਰਾ ਗਏ। ਕਹਿਣ ਲੱਗਿਆ, ਤੁਸੀਂ ਪਾਸੇ ਰਹੋ। ਉਹ ਜਦੋਂ ਉਹਨਾਂ ਨੇ ਅੱਠ ਤਸਲੇ ਸਿਰ 'ਚ ਪਾ ਦਿਤੇ। ਕਹਿਣ ਲੱਗੇ, ਤੇਰੀ ਅਜੇ ਤਪਸ਼ ਬੁਝੀ ਨਹੀਂ ਹੈ? ਸ਼ਾਂਤੀ ਆਈ ਨਹੀਂ ਹੈ? ਜਾਹ ਕਹਿੰਦੇ, ਇਸ਼ਨਾਨ ਕਰ ਲੈ।

ਉਥੇ ਹੀ ਇਸ਼ਨਾਨ ਕਰਿਆ। ਵਸਤਰ ਵਗੈਰਾ ਸਾਫ ਕਰੇ। ਫੇਰ ਬਾਬਾ ਜੀ ਕੋਲ ਆਇਆ।

ਸੋ ਉਹ ਬੇਪਰਵਾਹ ਹੋਇਆ ਕਰਦੇ ਨੇ। ਕਿਸੇ ਦੀ ਮੁਤਹਿਤੀ ਨਹੀਂ, ਕਿਉਂਕਿ ਉਹਨਾਂ ਦਾ ਕਿਹਾ ਹੋਇਆ-

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ- ੧੮੬*

ਜਿਸਦਾ ਕਿਹਾ ਦਰਗਾਹ ਮੰਨਦੀ ਹੈ, ਉਹ ਫੇਰ ਕੀਹਨੂੰ ਨਦਰ ਥੱਲੇ ਲੈ ਆਉਂਦਾ?

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਮੁਰਾਦਾਬਾਦ ਗਏ ਹੋਏ ਨੇ। ਇਥੋਂ ਗਏ ਸੀ ਦੀਵਾਨ ਲਾ ਕੇ ਚੰਡੀਗੜ੍ਹ ਤੋਂ। ਉਥੋਂ ਜਾ ਕੇ ਰਸਤੇ ਵਿਚ ਰੋਕ ਲਏ। ਮੁਰਾਦਾਬਾਦ ਤੇ ਰਸਤੇ ਵਿਚ ਪੰਜ-ਸੱਤ ਘੰਟੇ ਉਹਨਾਂ ਨੇ ਰੁਕਣਾ ਸੀ। ਅਗਾਂਹਾਂ ਫੇਰ ਨੈਨੀ ਤਾਲ ਵਲ, ਭੀਮ ਤਾਲ ਨੂੰ ਜਾਣਾ ਸੀ। ਉਥੇ ਅਸਥਾਨ ਸੀ ਇਕ ਰਾਮੇਸ਼ ਕੁਮਾਰ ਸ਼ਾਹੂਕਾਰ ਦਾ, ਰਾਜੇ ਸੀਗੇ ਛੋਟੇ-ਛੋਟੇ, ਜਦੋਂ ਹਿੰਦੁਸਤਾਨ ਅਜ਼ਾਦ ਹੋਇਆ, ਇਹਨਾਂ ਰਾਜਿਆਂ ਦੇ ਰਾਜ ਲੈ ਲਏ ਸੀ ਗੌਰਮਿੰਟ ਨੇ। ਫੇਰ ਇਹ ਕੋਈ ਐਮ.ਐਲ.ਏ ਬਣ ਗਿਆ, ਐਮ.ਪੀ ਬਣ ਗਿਆ। ਇਹ ਵੀ ਐਮ.ਪੀ ਬਣ ਗਿਆ ਸੀ। ਇਹਦੀ ਕੋਠੀ ਬਹੁਤ ਵੱਡੀ ਸੀ, ਬਜ਼ਾਰ ਲਾਇਆ ਹੋਇਆ ਸੀ ਆਪ ਦਾ ਮੁਰਾਦਾਬਾਦ। ਕੋਠੀ ਦੇ ਵਿਚ ਸਿੰਘਾਂ ਨੇ ਆਸਨ ਕਰਵਾ ਦਿਤਾ ਮਹਾਰਾਜ ਜੀ ਦਾ ਉਪਰਲੀ ਮੰਜ਼ਿਲ ਵਿਚ। ਵੱਡਾ ਮਹੱਲ ਸੀਗਾ। ਇਹ ਜਿਹੜਾ ਰਾਮੇਸ਼ ਕੁਮਾਰ ਸਾਹੂ ਇਹ ਕਹਿਣ ਲੱਗਿਆ, ਸੁਰਜੀਤ ਸਿੰਘ ਹੁੰਦੇ, ਹੁਣ ਤਾਂ ਚੜ੍ਹਾਈ ਕਰ ਗਏ, ਚੰਨਣ ਸਿੰਘ ਉਹਨਾਂ ਦੇ ਭਰਾ, ਉਹਨਾਂ ਨੂੰ ਕਹਿਣ ਲੱਗਿਆ ਕਿ ਮਹਾਂਪੁਰਸ਼ ਕਿਸ ਤਰ੍ਹਾਂ ਦੇ ਨੇ ਇਹ? ਸੁਰਜੀਤ ਸਿੰਘ ਦਾ ਸੁਭਾਅ ਖੁੱਲ੍ਹਾ ਸੀ, ਉਹ ਕਹਿਣ ਲੱਗੇ ਸਾਹੂ ਸਾਹਿਬ! ਤੇਰੇ ਘਰ ਰੱਬ ਆ ਗਏ। ਮੰਗ ਲੈ ਜਿਹੜਾ ਕੁਛ ਮੰਗਣੈ। ਉਸੇ ਵੇਲੇ ਸ਼ਰਧਾ 'ਚ ਆ ਗਿਆ। ਕਹਿਣ ਲੱਗਿਆ ਕਿ ਹੁਣ ਮਿਲਣਗੇ ਕਦੋਂ? ਕਹਿੰਦੇ, ਹੁਣ ਇਹ ਚਾਰ ਵਜੇ ਮਿਲਣਗੇ। ਜਲ ਪਾਣੀ ਛਕਣਗੇ, ਫੇਰ ਤੂੰ ਅਰਜ਼ ਕਰ ਲਈਂ ਜਿਹੜੀ ਕਰਨੀ ਹੈ।

ਉਸ ਵੇਲੇ ਇਹਨਾਂ ਨੇ ਇਸ਼ਨਾਨ ਕਰਿਆ, ਪੂਰੀ ਵਿਧੀ ਦੇ ਨਾਲ ਦੋਵੇਂ ਇਕੱਠੇ ਹੋ ਕੇ, ਗਲ 'ਚ ਪੱਲੇ ਪਾਏ, ਹੱਥ ਵਿਚ ਘਾਹ ਲੈ ਲਿਆ, ਦੋਹਾਂ ਜਣਿਆਂ ਨੇ। ਮਹਾਰਾਜ ਜੀ ਤੋਂ ਸਮਾਂ ਲੈ ਦਿਤਾ। ਦੋਵੇਂ ਜਣੇ ਉਪਰ ਚਲੇ ਗਏ, ਦੋਹਾਂ ਨੇ ਨਮਸ਼ਕਾਰ ਕਰੀ, ਦੋਵੇਂ ਹੱਥ ਜੋੜ ਕੇ ਖੜ੍ਹ ਗਏ।

ਮਹਾਰਾਜ ਜੀ ਕਹਿਣ ਲੱਗੇ, ਕਿਵੇਂ ਖੜ੍ਹੇ ਨੇ ਭਾਈ ਇਹ?

ਸੁਰਜੀਤ ਸਿੰਘ ਓਨੀਂ ਕਹਿਣ ਲੱਗੇ, ਮਹਾਰਾਜ! ਇਹ ਰਾਮੇਸ਼ ਕੁਮਾਰ ਸਾਹੂ ਨੇ। ਇਹਨਾਂ ਦੀ ਕੋਠੀ ਹੈ ਇਹ। ਇਹ ਆਪ ਦੇ ਦਰਸ਼ਨ ਕਰਨ ਆਏ ਨੇ।

ਕਹਿੰਦੇ, ਬੜੀ ਮਰਿਆਦਾ ਨਾਲ ਆਏ ਹੋਂ। ਘਾਹ ਕਿਉਂ ਪਾਇਐ ਮੂੰਹ ਵਿਚ ਭਾਈ?

ਘਾਹ ਜਦ ਪੈਂਦੈ, ਜਦੋਂ ਅਤਿ ਨਿਮਰਤਾ ਹੋਵੇ ਕਿ ਮਹਾਰਾਜ! ਮੈਂ ਗਊ ਬਣ ਕੇ ਆਇਆ ਹਾਂ ਤੁਹਾਡੇ ਕੋਲ। ਆਪਣੀ ਸਾਰੀ ਹਉਮੈ ਛੱਡ ਕੇ ਆਇਆ ਹਾਂ। ਮੈਂ ਕੁਛ ਨਹੀਂ ਹਾਂ।

ਮਹਾਰਾਜ ਜੀ ਬੜੇ ਪ੍ਰਸੰਨ ਹੋਏ। ਕਹਿਣ ਲੱਗੇ,

ਦੱਸੋ ਕੀ ਗੱਲ ਹੈ?

ਕਹਿਣ ਲੱਗੇ, ਮਹਾਰਾਜ! ਇਕ ਔਲਾਦ ਦਿਤੀ ਹੈ ਪ੍ਰਮੇਸ਼ਰ ਨੇ, 25 ਸਾਲ ਪਹਿਲਾਂ ਸਾਡੇ ਇਕ ਲੜਕੀ ਹੋਈ ਹੈ। ਅਗਾਂਹਾਂ ਲੜਕਾ ਨਹੀਂ ਕੋਈ ਹੋਇਆ।

ਮਹਾਰਾਜ ਜੀ ਕਹਿਣ ਲੱਗੇ ਕਿ ਇਹਦੇ ਵਾਸਤੇ ਤੂੰ ਕੀ ਕਰਿਐ?

ਕਹਿਣ ਲੱਗਿਆ, ਮਹਾਰਾਜ! ਮੈਂ 68 ਤੀਰਥਾਂ ਦਾ ਇਸ਼ਨਾਨ ਪੂਰੀ ਮਰਿਆਦਾ ਦੇ ਨਾਲ ਕਰਿਆ ਹੈ। ਫੇਰ ਮੈਂ ਇਥੇ ਸੰਤ ਮੰਡਲੀਆਂ ਬੁਲਾ ਕੇ ਰੈਣ-ਸਬਾਈ ਕੀਰਤਨ ਕਰਾਏ ਨੇ। ਹੋਰ ਵੀ ਮੈਂ ਜੋ ਪੁੰਨ ਦਾਨ ਮੇਰੇ ਤੋਂ ਸਰਦਾ ਹੈ ਕਰਦਾ ਹਾਂ। ਮੈਂ ਸਾਰੇ ਮਹਾਂਪੁਰਸ਼ਾਂ ਦੇ ਕੋਲ ਇਹੀ ਬੇਨਤੀ ਕਰਿਆ ਕਰਦਾਂ, ਸਾਲਾਂ ਦੇ ਸਾਲ ਲੰਘ ਗਏ ਪਰ ਮੇਰੀ ਝੋਲੀ ਵਿਚ ਖੈਰ ਨਹੀਂ ਪਈ ਅਜੇ ਤਕ।

ਮਹਾਰਾਜ ਕਹਿਣ ਲੱਗੇ, ਭਜਨ ਬੰਦਗੀ ਵੀ ਕਰਦਾ ਹੁੰਦੈਂ?

ਕਹਿੰਦੇ, ਹਾਂ।

ਸਾਡੇ ਤਾਂ ਇਹ ਹੈ ਕਿ ਨਾ ਜਪੁਜੀ ਸਾਹਿਬ ਪੜ੍ਹਨਾ, ਨਾ ਹੋਰ ਕੁਛ। ਸੰਤਾਂ ਕੋਲ ਇਸ ਤਰ੍ਹਾਂ ਆ ਜਾਂਦੇ ਨੇ ਕਿ ਜਿਵੇਂ ਉਹਨਾਂ ਨੇ ਦੁਕਾਨ ਖੋਲ੍ਹੀ ਹੁੰਦੀ ਹੈ ਕਿ ਜਾਂਦਿਆਂ ਦੇ ਝੋਲੀ ਵਿਚ ਪਾ ਦੇਣਗੇ। ਬੜੀ ਗਲਤ ਚੀਜ਼ ਹੈ ਇਹ।

ਮਹਾਰਾਜ ਕਹਿੰਦੇ, ਕੀ ਭਜਨ ਕਰਦੈਂ?

ਕਹਿੰਦਾ, ਮਹਾਰਾਜ! ਮੈਂ ਉਪਾਸਨਾ ਕਰਦਾਂ।

ਸਾਨੂੰ ਤਾਂ ਉਪਾਸਨਾ ਦਾ ਪਤਾ ਹੀ ਨਹੀਂ ਕਿ ਉਪਾਸਨਾ ਕੀ ਹੁੰਦੀ ਹੈ। ਨਾ ਅਸੀਂ ਇਹ ਗੱਲਾਂ ਸੁਣੀਏ, ਨਾ ਸਾਨੂੰ ਸਮਝ ਆਵੇ, ਨਾ ਅਸੀਂ ਇਹਦੇ ਉਤੇ ਨਿਸ਼ਚਾ ਕਰੀਏ। ਮਹਾਤਮਾ ਤੋਂ ਬਿਨਾਂ ਪਤਾ ਨਹੀਂ ਲਗਦਾ, ਉਪਾਸਨਾ ਕੀ ਹੁੰਦੀ ਹੈ। ਸੰਤ ਦੇ ਅਸੀਂ ਨੇੜੇ ਨਹੀਂ ਜਾਂਦੇ। ਦੂਜੀ ਗੱਲ ਹੈ ਕਿ ਜਿਹਨੂੰ ਅਸੀਂ ਸੰਤ ਸਮਝਦੇ ਹਾਂ, ਉਹ ਸੰਤ ਨਹੀਂ ਹੁੰਦਾ। ਬੜੀ ਮੁਸ਼ਕਲ ਆਈ ਹੋਈ ਹੈ ਜ਼ਬਰਦਸਤ।

ਸੋ ਉਹ ਕਹਿਣ ਲੱਗਿਆ ਕਿ ਮਹਾਰਾਜ! ਮੈਂ ਉਪਾਸਨਾ ਕਰਦਾ ਹਾਂ।

ਕਹਿੰਦੇ, ਧੇਅ ਕੌਣ ਹੈ?

ਕਹਿੰਦਾ, ਵਿਸ਼ਨੂੰ ਜੀ।

ਕਹਿੰਦੇ, ਚੰਗਾ ਇਸ ਤਰ੍ਹਾਂ ਕਰੋ, ਇਕ ਬਚਨ ਸਾਡਾ ਮੰਨ ਲਓ। ਜਿਥੇ ਵਿਸ਼ਨੂੰ ਜੀ ਦੀ ਤਸਵੀਰ ਹੈ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਜੋ ਨੇ ਉਹ ਨਿਰੰਕਾਰ ਦਾ ਰੂਪ ਨੇ –

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*

*ਅੰਗ- ੧੩੯੫*

ਉਹਨਾਂ ਦੀ ਤਸਵੀਰ ਰੱਖ ਲੈ। ਮੈਂ ਵੀ ਅਰਦਾਸ ਕਰਾਂਗਾ, ਤੂੰ ਵੀ ਮਿਹਨਤ ਕਰ। ਉਸ ਤੋਂ ਠੀਕ 10 ਮਹੀਨੇ ਬਾਅਦ ਉਹਦੇ ਪੁੱਤਰ ਹੋ ਗਿਆ। ਜਿਸ ਵਕਤ ਮੈਂ ਉਹਨੂੰ ਦੇਖਿਆ, ਉਸ ਵਕਤ ਉਹ ਪੰਜ ਸਾਲ ਦਾ ਸੀ, ਲੰਗਰ ਛਕਦੇ ਸੀ ਅਸੀਂ, ਪੂਰੀਆਂ ਬਣੀਆਂ ਹੋਈਆਂ ਸੀ, ਟੋਕਰੀ ਉਹਦੀ ਮਾਤਾ ਦੇ ਹੱਥ ਵਿਚ ਸੀ, ਉਹ ਬੱਚਾ ਫਟਾਫਟ ਸਾਧੂਆਂ ਨੂੰ ਪੂਰੀਆਂ ਵਰਤਾਈ ਜਾਂਦਾ ਸੀ। ਸਾਰਿਆਂ ਨੇ ਕਿਹਾ ਕਿ ਆਹ ਬੱਚਾ ਹੈ ਜੀ ਜਿਹੜਾ ਮਹਾਰਾਜ ਜੀ ਨੇ ਬਖਸ਼ਿਆ ਹੈ – ***'ਜਾ ਕਾ ਕਹਿਆ ਦਰਗਹ ਚਲੈ ॥ ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥'***

ਉਹ ਕਿਸੇ ਨੂੰ ਨਿਗ੍ਹਾ ਥੱਲੇ ਲਿਆਉਂਦੈ, ਜਿਹਦਾ ਕਿਹਾ ਹੋਇਆ ਦਰਗਾਹ ਮੰਨਦੀ ਹੈ। ਜਿਹਦਾ ਕਿਹਾ ਹੋਇਆ ਪਉਣ, ਪਾਣੀ, ਬੈਸੰਤਰ ਮੰਨਦੇ ਨੇ। ਹਵਾ ਨੂੰ ਕਹਿ ਦੇਣ ਠਹਿਰ ਜਾ, ਉਹਨੇ ਠਹਿਰ ਜਾਣੈ। ਦਰਿਆ ਨੂੰ ਕਹਿਣ ਦੇਣ ਰੁਕ ਜਾ, ਅਸੀਂ ਲੰਘਣੈ। ਉਹਨੇ ਰੁਕ ਜਾਣੈ ਕਿਉਂਕਿ ਉਹਦਾ ਕਹਿਣਾ ਮੰਨਦੇ ਨੇ –

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥* *ਅੰਗ- ੪੬੪*

ਸੋ ਇਸ ਤਰ੍ਹਾਂ ਦੇ ਮਹਾਤਮਾ ਜਿਹੜੇ ਨੇ ਉਹ ਭਾਣੇ ਦੇ ਮਾਲਕ ਹੋਇਆ ਕਰਦੇ ਨੇ। ਅੱਜ ਬਾਲਮੀਕ ਨੂੰ ਮਿਲ ਗਏ –

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*
*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।*

*ਭਾਈ ਗੁਰਦਾਸ ਜੀ, ਵਾਰ ੧੦/੧੯*

ਹੁਣ ਹੁੰਦਾ ਨਹੀਂ ਕੁਛ। ਅਖੀਰ ਸਮਝ ਕਿ ਇਹ ਤਾਂ ਕੋਈ ਬਹੁਤ ਹੋਰ ਤਰ੍ਹਾਂ ਦੇ ਨੇ। ਕੁਹਾੜਾ ਸੁੱਟ ਦਿਤਾ। ਚਰਨੀਂ ਪੈ ਗਿਆ। ਮਹਾਤਮਾ ਕਹਿਣ ਲੱਗੇ, ਤੈਨੂੰ ਪਤੈ ਜਿਹੜੇ ਤੂੰ ਕਰਮ ਕਰਦੈਂ? ਕਹਿੰਦਾ ਮੇਰੀ ਮਾਤਾ ਨੇ ਕਿਹੈ। ਕਹਿੰਦੇ, ਤੇਰੀ ਮਾਤਾ ਨੂੰ ਪਤੈ ਕੀ ਭਾਣਾ ਵਰਤਣਾ ਹੈ? ਆਹ ਤੈਨੂੰ ਦਿਖਾਈਏ? ਜਿਹੜੇ ਤੂੰ ਕਰਮ ਕੀਤੇ ਨੇ, ਉਹਨਾਂ ਦਾ ਫਲ ਕੀ ਹੁੰਦੈ? ਛਟੀ ਰੱਖ ਦਿਤੀ, ਦਰਗਾਹ ਦਾ ਜਿਹੜਾ ਨਕਸ਼ਾ ਸੀ ਸਾਮ੍ਹਣੇ ਖੋਲ੍ਹ ਦਿਤਾ। ਕੀ ਦੇਖਦੈ ਕਿ ਪਾਪ ਕਰਨ ਵਾਲੇ ਦੁਹਾਈ ਮਚਾ ਰਹੇ ਨੇ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*

*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ - ੧੪੨੫*

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਜੀ ਕੋਈ ਨਾ ਬਣੇ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ- ੩੧੫*

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*
*ਅੰਗ- ੪੭੩*

ਦਿਖਾ ਦਿਤਾ, ਚਰਨਾਂ 'ਤੇ ਢਹਿ ਪਿਆ।

*ਅਉਗਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਆਸਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਕਹਿੰਦੇ, ਜਾਹ, ਘਰ ਵਿਚ ਪੁੱਛ ਕੇ ਆ ਕਿ ਤੇਰਾ ਕੋਈ ਬੇਲੀ ਵੀ ਬਣੇਗਾ। ਕੋਈ ਰਿਸ਼ਤੇਦਾਰ ਵੀ ਬਣੇਗਾ। ਘਰ ਨੂੰ ਚਲਿਆ ਗਿਆ। ਇਕੱਲੇ-ਇਕੱਲੇ ਨੂੰ ਪੁੱਛਿਆ। ਉਹ ਕਹਿੰਦੇ ਪਾਪ ਤੂੰ ਕਰੇਂ, ਅਸੀਂ ਤੇਰੀ ਜ਼ਿੰਮੇਵਾਰੀ ਹਾਂ। ਨੇਕ ਕਮਾਈ ਕਰਕੇ ਲਿਆ, ਚਾਹੇ ਹੋਰ ਤਰੀਕੇ ਲਿਆ। ਬਾਲ-ਬੱਚੇ, ਘਰਵਾਲੀ ਸਭ ਉਲਟ ਹੋ ਗਏ। ਘਰਵਾਲੀ ਕਹਿੰਦੀ ਮੈਂ ਤਾਂ ਵਿਆਹੀ ਹਾਂ ਤੇਰੇ ਨਾਲ, ਮੈਂ ਤੇਰੇ ਪਾਪਾਂ ਪੁੰਨਾਂ ਦੀ ਜ਼ਿੰਮੇਵਾਰ ਨਹੀਂ ਹਾਂ। ਕੋਈ ਬੇਲੀ ਨਹੀਂ ਹੁੰਦਾ ਮਹਾਰਾਜ ਕਹਿੰਦੇ -

*ਧਾਰਨਾ - ਤੇਰੇ ਕੋਈ ਨਾ ਬੇਲੀ ਹੋਣਾ,*
*ਪਾਪ ਕਮਾਵਦਿਆਂ।*

*ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥*
*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥*
*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥ ਅੰਗ- ੫੪੬*

ਪਛਤਾਵਾ ਤੇਰੇ ਗਲ ਪੈ ਜਾਣੈ। ਉਸ ਵੇਲੇ ਸਾਧਸੰਗਤ ਜੀ, ਮਹਾਂਪੁਰਸ਼ਾਂ ਦੇ ਚਰਨਾਂ 'ਤੇ ਢਹਿ ਪਿਆ। ਕਹਿੰਦਾ, ਮੇਰਾ ਤਾਂ ਕੋਈ ਸਾਥ ਹੀ ਨਹੀਂ ਦਿੰਦਾ -

*ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਆਸਾੜਾ।*
*ਕੁੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਕਹਿੰਦਾ, ਨਾ ਮਹਾਰਾਜ! ਕੋਈ ਨਹੀਂ ਹੈ। ਹੁਣ ਕ੍ਰਿਪਾ ਕਰੋ, ਮੈਨੂੰ ਬਚਾ ਲਓ। ਮੈਨੂੰ ਨਰਕਾਂ ਦੀ ਅੱਗ ਤੋਂ ਡਰ ਲਗਦੈ। ਦੇਖ ਲਿਆ ਕਿ ਜਗਿਆਸਾ, ਵੈਰਾਗ ਇਹਦੇ ਅੰਦਰ ਪੈਦਾ ਹੋ ਗਿਆ। ਉਸ ਵੇਲੇ ਨਾਮ ਦੇ ਦਿਤਾ। ਐਸਾ ਆਉਂਦੈ ਅਧਿਆਤਮਕ ਇਤਿਹਾਸ ਦੇ ਅੰਦਰ ਕਿ 14 ਸਾਲ ਲੰਘ ਗਏ, ਲਗਾਤਾਰ ਨਾਮ ਜਪੀ ਜਾਂਦੈ। 14 ਸਾਲ ਬਾਅਦ ਮਹਾਂਪੁਰਸ਼ ਫੇਰ ਆਏ ਪਤਾ ਕਰਿਆ। ਉਸ ਵੇਲੇ ਸਮਾਧੀ ਲੱਗੀ ਹੋਈ, ਪੱਤੇ ਵਗੈਰਾ ਉਡ ਕੇ ਨੇੜੇ ਚਲੇ ਗਏ, ਉਹਨਾਂ 'ਤੇ ਮਿੱਟੀ ਪੈ ਗਈ, ਘਾਹ ਜੰਮ ਗਿਆ। ਉਹਨਾਂ ਦਿਨਾਂ 'ਚ ਹੱਡੀ ਵਿਚ ਸਵਾਸ ਹੋਇਆ ਕਰਦਾ ਸੀ। ਹੁਣ ਨਹੀਂ ਹੈ। ਬੜੀ-ਬੜੀ ਤਪਸਿਆ ਆਦਮੀ ਕਰ ਸਕਿਆ ਕਰਦਾ ਸੀ। ਉਸ ਵੇਲੇ ਮਹਾਤਮਾ ਨੇ ਉਹਨੂੰ ਸੁਰਤ ਵਿਚ ਲਿਆਂਦਾ। ਦੇਖਿਆ ਕਿ ਹੁਣ ਇਹ ਅਧਿਕਾਰੀ ਹੈ ਉਪਦੇਸ਼ ਦਾ। ਉਸ ਵੇਲੇ ਉਹਨੂੰ ਉਪਦੇਸ਼ ਦੇ ਦਿਤਾ ਜੀਵ ਤੇ ਬ੍ਰਹਮ ਦੀ ਏਕਤਾ ਦਾ। ਨੇਤਰ ਖੋਲ੍ਹ ਦਿਤੇ। ਹਉਮੈ ਦੇ ਮੰਡਲ 'ਚੋਂ ਚੁਕ ਕੇ ਆਤਮਕ ਮੰਡਲ ਵਿਚ ਪ੍ਰਵੇਸ਼ ਕਰਾ ਦਿਤਾ। ਕਿਉਂਕਿ-

*ਇਹੁ ਸਰੀਰੁ ਸਭੁ ਧਰਮੁ ਹੈ*
*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ ਅੰਗ- ੩੦੯*

ਆਹ ਸਰੀਰ ਧਰਮ ਕਮਾਉਣ ਵਾਸਤੇ ਆਇਆ ਹੈ, ਪਾਪ ਕਮਾਉਣ ਵਾਸਤੇ ਨਹੀਂ ਆਇਆ। ਇਹਦੇ ਅੰਦਰ ਵਾਹਿਗੁਰੂ ਦੀ ਜੋਤ ਟਿਕੀ ਹੋਈ ਹੈ -

*ਗੁਹਜ ਰਤਨ ਵਿਚਿ ਲੁਕਿ ਰਹੇ*
*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ - ੩੦੯*

ਇਹੋ ਜਿਹੀਆਂ ਚੀਜ਼ਾਂ ਸਰੀਰ ਵਿਚ ਛੁਪੀਆਂ ਪਈਆਂ ਨੇ। ਕੋਈ ਗੁਰਮੁਖ ਪਿਆਰਾ ਇਹਨੂੰ ਗੁਰਮੁਖ ਦੀ ਮਦਦ ਨਾਲ, ਮਹਾਂਪੁਰਸ਼ ਦੀ ਮਦਦ ਨਾਲ ਅੰਦਰੋਂ ਕੱਢ ਲੈਂਦੈ। ਜਦੋਂ ਕੱਢਿਆ ਕੀ ਦੇਖਦੈ -

*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*
*ਇਕੁ ਦੇਖਿਆ ਇਕੁ ਮੰਨਿਆ*
*ਇਕੋ ਸੁਣਿਆ ਸ੍ਰਵਣ ਸਰੋਤਿ ॥ ਅੰਗ- ੩੦੯*

ਕਿ ਇਥੇ ਇਕੋ ਹੀ ਆਤਮਾ ਸਾਰੇ ਪਰੀਪੂਰਨ ਹੈ। ਇਕ-ਦੋ, ਮੈਂ ਤੂੰ ਦੀ ਤਾਂ ਬਾਤ ਹੀ ਨਹੀਂ ਹੈ ਇਥੇ। ਇਥੇ ਤਾਂ ਪ੍ਰਭੂ ਹੀ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਸਾਰਿਆਂ ਦੇ ਅੰਦਰ ਇਕੋ ਹੀ ਆਤਮਾ ਹੈ। ਇਹ ਤਾਂ ਵੱਖਰੇ-ਵੱਖਰੇ ਜੀਵ ਭਾਵ 'ਚ ਬਣੇ ਹੋਏ ਨੇ। ਹੈਗੇ ਤਾਂ ਇਕੋ ਹੀ - ***'ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥'*** ਜਦੋਂ ਐਸਾ ਅਨੁਭਵ ਹੋ ਚੁੱਕਾ, ਕੀ ਦ੍ਰਿਸ਼ਟੀ ਆਉਂਦੈ, ਪੜ੍ਹੋ ਪਿਆਰ ਨਾਲ -

*ਧਾਰਨਾ - ਰਾਮ ਬੋਲੇ-ਰਾਮ ਬੋਲੇ ਰਾਮ ਬੋਲਦਾ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦਾ।*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ ਅੰਗ - ੯੮੮*
*ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ*

*ਘਟਿ ਘਟਿ ਰਾਮੁ ਸਮਾਨਾ ਰੇ ॥ ੧ ॥*
*ਏਕਲ ਚਿੰਤਾ ਰਾਖੁ ਅਨੰਤਾ*
*ਅਉਰ ਤਜਹੁ ਸਭ ਆਸਾ ਰੇ ॥*
*ਪ੍ਰਣਵੈ ਨਾਮਾ ਭਏ ਨਿਹਕਾਮਾ*
*ਕੋ ਠਾਕੁਰੁ ਕੋ ਦਾਸਾ ਰੇ ॥ ੨ ॥ ੩ ॥ ਅੰਗ- ੬੮੮*

ਦ੍ਰਿਸ਼ਟੀ ਖੋਲ੍ਹ ਦਿਤੀ, ਸਭ ਘਟ ਦੇ ਅੰਦਰ ਪ੍ਰਮੇਸ਼ਰ ਦਿਖਾ ਦਿਤਾ–

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ- ੪੦੭*

'ਮੈਂ' ਦਾ ਅਭਾਵ ਕਰ ਦਿਤਾ, 'ਮੈਂ' ਨੂੰ ਤੂੰ ਵਿਚ ਬਦਲ ਦਿਤਾ। 'ਤੂੰ' ਵਿਚ ਬਦਲਣ ਨਾਲ ਕੀ ਹੋਇਆ–

*ਧਾਰਨਾ - ਬਣ ਗਿਆ ਹਰੀ ਦਾ ਰੂਪ*
*ਗੁਰਮੁਖ ਪਿਆਰਾ–ਗੁਰਮੁਖ ਪਿਆਰਾ।*

*ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ ॥*
*ਅੰਗ- ੧੩੬੯*

ਉਹ ਲੱਭ ਲਿਆ ਥਾਉਂ। ਹੋਇਆ ਕੀ?

*ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥*
*ਅੰਗ- ੧੩੬੯*

ਇਹ ਤਾਂ ਪ੍ਰਮੇਸ਼ਰ ਹੀ ਸਾਰਿਆਂ ਦੇ ਅੰਦਰ ਪ੍ਰਗਟ ਹੋ ਗਿਆ। ਸੋ ਐਸੀ ਅਵਸਥਾ ਪ੍ਰਾਪਤ ਹੋਈ -

*ਰੇ ਚਿਤ ਚੇਤਿ ਚੇਤ ਅਚੇਤ ॥*
*ਕਾਹੇ ਨ ਬਾਲਮੀਕਹਿ ਦੇਖ ॥*
*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ- ੧੧੨੪*

ਕਿੱਡੀ ਵੱਡੀ ਪਦਵੀ ਪਾਈ। ਪਾਂਡਵਾਂ ਦੇ ਯੱਗ ਵਿਚ ਕ੍ਰਿਸ਼ਨ ਮਹਾਰਾਜ ਨੇ ਅਤਿਥੀ ਜਾਣ ਕੇ ਆਪ ਦੇ ਚਰਨ ਧੋਤੇ। ਜੂਠੀਆਂ ਪੱਤਲਾਂ ਆਪ ਨੇ ਚੁੱਕੀਆਂ। ਕ੍ਰਿਸ਼ਨ ਮਹਾਰਾਜ ਨੇ ਕਿੱਡਾ ਰੁਤਬਾ ਆਪ ਜੀ ਨੂੰ ਦਿਤਾ। ਸੋ ਮਹਾਰਾਜ ਕਹਿੰਦੇ, ਪਿਆਰਿਓ -

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥*
*ਬਾਲਮੀਕੈ ਹੋਆ ਸਾਧਸੰਗੁ ॥ ਅੰਗ- ੧੧੯੨*

ਇਸ ਅਵਸਥਾ ਦੇ ਵਿਚ ਉਹਨੂੰ ਸਾਧੂ ਦੀ ਸੰਗਤ ਮਿਲੀ ਤੇ ਕਿੱਡੀ ਵੱਡੀ ਪਦਵੀ ਪ੍ਰਾਪਤ ਕਰ ਲਈ। ਸਤਿਸੰਗ ਦੀ ਮਹਿਮਾ ਦੇ ਬਾਰੇ ਆਪਾਂ ਵਿਚਾਰ ਕਰਦੇ ਸੀ ਕਿਹੋ ਜਿਹੀ ਰੂਹ, ਕਿੰਨੀ ਉੱਚੀ ਹੋ ਗਈ। ਇਸੇ ਕਰਕੇ ਮਹਾਰਾਜ ਜੀ ਕਹਿੰਦੇ ਨੇ -

*ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ*
*ਰਾਮ ਭਗਤਿ ਬਿਸੇਖ ॥ ਅੰਗ- ੧੧੨੪*

ਕਿੱਡਾ ਉੱਚਾ ਪਦ ਉਹਨੂੰ ਮਿਲ ਗਿਆ। ਰਾਮ ਭਗਤੀ ਜਿਹੜੀ ਹੈ ਉਹਦੀ ਮਹਿਮਾ ਕੋਈ ਜਾਣ ਨਹੀਂ ਸਕਦਾ -

*ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ਅੰਗ- ੧੧੯੨*

*ਧਾਰਨਾ - ਸੁਣਿਓ ਮੇਰੇ ਮੀਤਾ ਮਹਿਮਾ ਸਾਧੂਆਂ ਦੇ ਸੰਗ ਦੀ।*

*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥*
*ਅੰਗ- ੮੦੯*

ਸੋ ਇਸ ਤਰ੍ਹਾਂ ਦੇ ਨਾਲ ਸਤਿਸੰਗ ਦੀ ਮਹਿਮਾ ਦੇ ਬਾਰੇ ਮਹਾਰਾਜ ਦਸਦੇ ਨੇ ਕਿ ਵੱਡੀਆਂ–ਵੱਡੀਆਂ ਵਿਕਰਾਲ ਰੂਹਾਂ, ਉਹ ਵੀ ਵੱਡੀਆਂ ਪਦਵੀਆਂ ਨੂੰ ਪ੍ਰਾਪਤ ਕਰ ਗਏ ਸਾਧੂਆਂ ਦੀ ਸੰਗਤ ਕਰਕੇ। ਲੇਕਿਨ ਇਹ ਭਾਗਾਂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦੀ।

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

ਅਨੰਦ ਸਾਹਿਬ, ਗੁਰ ਸਤੋਤਰ,

ਅਰਦਾਸ, ਹੁਕਮਨਾਮਾ।

*(ਦੀਵਾਨ ਫਿਲਮ ਨੰ: 615)*


**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਵਾਪਿਸ ਕਰ ਦਿਤੇ ਜਾਣ।

# ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

*ਸੰਤ ਬਾਬਾ ਹਰਪਾਲ ਸਿੰਘ ਜੀ*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥*
*ਕੀਨੇ ਰਾਮ ਨਾਮ ਇਕ ਆਖ੍ਯਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥ ਅੰਗ - ੨੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।'

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥*
*ਅੰਗ- ੬੨੭*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥ ੨੩ ॥*
*ਅੰਗ- ੯੨੦*

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਸਤਿਸੰਗ ਦੀ ਇਹੀ ਨਿਸ਼ਾਨੀ ਹੁੰਦੀ ਹੈ ਕਿ ਜਿੱਥੇ ਹੋਵੇ। ਇਕਾਂਤ ਹੋਵੇ। ਪੂਰਨ ਸ਼ਾਂਤ ਹੋਵੇ ਉਥੇ ਸਤਿਸੰਗ ਹੁੰਦਾ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਇਹ ਬੜਾ ਪਿਆਰਾ ਲਗਦਾ ਹੈ। ਜੇ ਇਸ ਤਰ੍ਹਾਂ ਦਾ ਮਾਹੌਲ ਨਾ ਮਿਲੇ, ਫੇਰ ਉਥੇ ਕੁਸੰਗ ਹੁੰਦਾ ਹੈ। ਕਲਜੁਗ ਤਾਂ ਹੈ ਹੀ ਕਲਹ ਦਾ ਯੁੱਗ, ਇਸ ਯੁੱਗ ਦੇ ਵਿਚ ਲੜਾਈ ਝਗੜੇ ਕਈ ਵਾਰੀ ਅਕਾਰਨ ਹੀ ਪੈ ਜਾਂਦੇ ਹਨ। ਉਹਨਾਂ ਦੇ ਵਿਚ ਹੀ ਜੀਵਨ ਲੰਘ ਜਾਂਦਾ ਹੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- ੨੬੮*

ਫੇਰ ਜਦੋਂ ਇਹਨਾਂ ਝਗੜਿਆਂ ਦੇ ਵਿਚ ਫਸ ਜਾਂਦੇ ਹਾਂ, ਫੇਰ ਵਕੀਲ ਦੀ ਵੀ ਲੋੜ ਪੈਂਦੀ ਹੈ। ਵਕੀਲ ਤਕੜਾ ਮਿਲ ਜਾਵੇ ਤਾਂ ਜਿੱਤ ਹੋ ਜਾਂਦੀ ਹੈ। ਇਹ ਤਾਂ ਚਲੋ ਇਸ ਲੋਕ ਦੀ ਬਾਤ ਹੈ। ਇਕ ਪਰਲੋਕ ਹੈ ਉਥੇ ਵੀ ਲੋੜ ਪੈਂਦੀ ਹੈ। ਉਹ ਵਕੀਲ ਇਥੇ ਵੀ ਕੰਮ ਆਉਂਦਾ ਹੈ ਤੇ ਅੱਗੇ ਵੀ ਕੰਮ ਆਉਂਦਾ ਹੈ। ਇਸ ਕਰਕੇ ਉਸ ਦੀ ਸੰਗਤ ਕਰਨ ਵਾਸਤੇ ਬਾਣੀ ਦਸ ਪਾਉਂਦੀ ਹੈ। ਉਹ ਹੁੰਦੇ ਨੇ ਸਾਧੂ। ਉਹ ਸੱਚੀ ਦਰਗਾਹ ਦੇ ਵਕੀਲ ਹੁੰਦੇ ਨੇ-

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਅੰਗ- ੯੫੭*

ਉਹ ਐਸੇ ਵਕੀਲ ਹਨ ਜੋ ਇਥੋਂ ਵੀ ਬਚਾਉਂਦੇ ਹਨ ਤੇ ਦਰਗਾਹ ਵਿਚ ਵੀ ਰਾਖੀ ਕਰਦੇ ਹਨ -

*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਉਹ ਹਉਮੈ ਦੇ ਰੋਗ ਨੂੰ ਕੱਟ ਦਿੰਦੇ ਹਨ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ - ੧੧੪੦*

ਗੁਰਮੰਤ੍ਰ ਗੁਰੂ ਤੋਂ ਮਿਲਦਾ ਹੈ, ਗੁਰਮੰਤਰ ਦੀ ਕਮਾਈ ਕਰਕੇ, ਕਮਾਈ ਬਾਰੇ ਮਹਾਂਪੁਰਸ਼ ਦਸ ਦਿੰਦੇ ਨੇ ਕਿ ਇਸ ਤਰ੍ਹਾਂ ਨਾਲ ਕਰੋ। ਇਸ ਤਰ੍ਹਾਂ ਕਰਨ ਨਾਲ ਤੇਰਾ ਛੁਟਕਾਰਾ ਹੋ ਜਾਵੇਗਾ। ਪਰ ਇਹ ਸੌਖਾ ਵੀ ਨਹੀਂ,

ਕੋਈ ਪੂਰਬਲਾ ਕਰਮ ਜਾਗ ਪਵੇ ਫੇਰ ਪ੍ਰਾਪਤੀ ਹੁੰਦੀ ਹੈ।

*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਜੋ ਪ੍ਰਭ ਕੀ ਹਰਿ ਕਥਾ ਸੁਨਾਵੈ*
*ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥*
*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*
*ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥*
*ਅੰਗ- ੧੧੦੨*

ਸੱਤ ਮੰਜ਼ਲਾਂ ਹੁੰਦੀਆਂ ਨੇ, ਸੱਤ ਭੂਮਿਕਾ ਹਨ, ਇਹ ਪੌੜੀਆਂ ਹਨ। ਸਭ ਤੋਂ ਜਿਹੜੀ ਪਹਿਲੀ ਹੈ ਉਹ ਹੈ ਮੰਜ਼ਿਲ-ਏ-ਤਲਾਸ਼, ਤਲਾਸ਼ ਦੇ ਵਿਚ -

*ਬਿਨੁ ਦੇਖੇ ਉਪਜੈ ਨਹੀ ਆਸਾ ॥* *ਅੰਗ- ੧੧੬੭*

ਜਦੋਂ ਤਕ ਸਾਮ੍ਹਣੇ ਕੋਈ ਧੇਅ ਨਹੀਂ ਹੈ, ਕਿਥੇ ਜਾਣਾ, ਕਿਥੋਂ ਆਇਆ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥*
*ਅੰਗ- ੯੯੯*

ਜਦੋਂ ਮਹਾਤਮਾ ਕੋਲ ਜਾਂਦੇ ਹਾਂ ਉਹ ਇਹੀ ਪੁਛਦੇ ਨੇ ਕਿ ਕਿਥੋਂ ਆਏ ਹੋਂ ਤੇ ਕਿੱਥੇ ਜਾਣਾ ਹੈ। ਸਾਰਾ ਰਸਤਾ ਜਿਹਨੂੰ 'ਆਤਮ ਮਾਰਗ' ਕਿਹਾ ਹੈ, ਉਹ ਦਸ ਦਿੰਦੇ ਨੇ ਜਗਿਆਸੂ ਦੇਖ ਕੇ, ਸ਼ਰਧਾਵਾਨ ਦੇਖ ਕੇ। ਕਿਉਂਕਿ ਜੋ ਸਤਿਗੁਰੂ ਜੀ ਹਨ ਉਹ ਹੈ ਬਾਣੀ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*ਅੰਗ- ੯੮੨*

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ- ੭੯੭*

ਦਸਦੀ ਹੈ ਕਿ ਕਿੱਧਰ ਨੂੰ ਤੂੰ ਜਾਣਾ ਹੈ। ਕਿੱਥੋਂ ਆਇਆ ਹੈਂ, ਬਜਰ ਕਪਾਟ ਲੱਗੇ ਹੋਏ ਨੇ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ- ੯੫੪*

ਗੁਰੂ ਦਸ ਦਿੰਦੇ ਨੇ ਕਿ ਪਿਆਰਿਆ! ਜਿਹੜਾ ਤੂੰ ਗੁਰੂ ਤੋਂ ਮੰਤਰ ਲਿਆ ਹੈ, ਮੰਤਰ ਦੀ ਕਮਾਈ ਤੂੰ ਕਰਦਾ ਚਲਿਆ ਜਾਹ। ਇਕ ਨਾ ਇਕ ਦਿਨ ਧੁਨ ਦੀ ਅਵਾਜ਼ ਦੇ ਨਾਲ ਇਹ ਦਰਵਾਜ਼ੇ ਖੁਲ੍ਹ ਜਾਣਗੇ। ਬਜਰ ਕਪਾਟ ਨਾਲ ਤੁਲਨਾ ਦਿਤੀ ਹੈ -

*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥* *ਅੰਗ- ੯੫੭*

ਸਾਡੇ ਘਰ ਦਾ ਮੰਤ੍ਰ ਹੈ 'ਵਾਹਿਗੁਰੂ'। ਇਹ ਦ੍ਰਿੜ੍ਹ ਕਰਵਾਉਂਦੇ ਨੇ। ਅੰਦਰ ਜੋ ਨਾਮ ਹੈ ਉਸ ਤੱਕ ਪਹੁੰਚਾਉਣ ਦਾ ਇਹ ਸਾਧਨ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਜੁਗਤ ਦਸ ਦਿੰਦੇ ਹਨ ਕਿ ਪਿਆਰਿਆ ਤੂੰ ਇਹ ਕਰਦਾ ਚਲਿਆ ਜਾਹ। ਇਹਦੇ ਨਾਲ ਤੇਰੇ ਸਾਰੇ ਦੁੱਖ, ਸਾਰੇ ਰੋਗ, ਸਾਰੇ ਵਿਘਨ, ਦਲਿੱਦਰ ਦੂਰ ਹੋ ਜਾਣਗੇ। ਕਿਉਂਕਿ ਸਾਰੇ ਦੁੱਖਾਂ ਦਾ, ਰੋਗਾਂ ਦਾ ਇਲਾਜ ਹੀ -

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ - ੨੭੪*

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥* *ਅੰਗ- ੨੮੯*

ਬਿਖ ਦੂਰ ਹੋ ਜਾਂਦੀ ਹੈ, ਜਿਹੜੀ ਬਿਹੁ ਫੈਲ ਗਈ ਹੈ। ਇਹਦੇ ਨਾਲ ਹਉਮੈ ਦੇ ਰੋਗ ਵੀ ਕੱਟੇ ਜਾਂਦੇ ਹਨ ਕਿਉਂਕਿ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ- ੫੬੦*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥*
*ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥*
*ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥*
*ਨਰਪਤਿ ਏਕੁ ਸਿੰਘਾਸਨਿ ਸੋਇਆ*
*ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ*
*ਸੋ ਗਤਿ ਭਈ ਹਮਾਰੀ ॥* *ਅੰਗ- ੬੫੭*

ਐਸੀ ਸਾਡੀ ਅਵਸਥਾ ਹੈ। ਭੁੱਲ ਗਏ ਹਾਂ ਤੇ ਇਸੇ ਨੂੰ ਯਾਦ ਕਰਵਾਉਂਦੇ ਹਨ। ਗੁਰੂ, ਪੀਰ, ਮਹਾਂਪੁਰਸ਼, ਸਾਧੂ ਬਾਣੀ ਨਾਲ ਜੋੜਦੇ ਹਨ। ਇਸ ਕਰਕੇ ਉਹ ਪੱਕੇ ਹਨ। ਕੱਚੇ ਕੌਣ ਨੇ? ਕੱਚੇ ਹੁੰਦੇ ਨੇ ਜਿਹੜੇ ਇਥੇ ਹੀ ਸਾਥ ਛੱਡ ਦਿੰਦੇ ਨੇ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥* *ਅੰਗ- ੨੬੪*

ਐਸੇ ਮਿੱਤਰ ਅੱਗੇ ਕੰਮ ਆਉਂਦੇ ਨੇ ਜਿਨ੍ਹਾਂ ਦੀ ਸੰਗਤ ਤਾਰ ਦਿੰਦੀ ਹੈ। ਕੁਸੰਗ ਡੋਬ ਦਿੰਦੀ ਹੈ -

*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ- ੭੨੯*

ਕਿਉਂਕਿ ਐਡੀ ਕ੍ਰਿਪਾ ਹੋ ਜਾਂਦੀ ਹੈ, ਬਖਸ਼ਿਸ਼ ਹੋ ਜਾਂਦੀ ਹੈ, ਰਹਿਮਤ ਹੋ ਜਾਂਦੀ ਹੈ। ਲੇਖਾ ਤਾਂ ਸਾਰਾ ਹੀ ਖਤਮ ਹੋ ਜਾਂਦਾ ਹੈ -

*ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥*
*ਅੰਗ- ੬੯੮*

ਇਸ ਕਰਕੇ ਹਿਸਾਬ-ਕਿਤਾਬ 'ਚ ਤਾਂ ਛੁਟਕਾਰਾ ਹੁੰਦਾ ਨਹੀਂ -

*ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥*
*ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥*
*ਅੰਗ- ੨੬੧*

ਅਸੀਂ ਭੁੱਲਦੇ ਹਾਂ ਪਰ ਗੁਰੂ ਨਹੀਂ ਭੁੱਲਦਾ -

*ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥*
*ਅੰਗ - ੬੧*

ਉਹ ਬਖਸ਼ਿਸ਼ ਕਰ ਦਿੰਦੇ ਹਨ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*
*ਅੰਗ- ੧੩੭੩*

'ਆਤਮ ਮਾਰਗ' ਦੀ ਸੇਵਾ ਚਲਦੀ ਹੈ -

*ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥*
*ਅੰਗ-੨੫੫*

ਕ੍ਰਿਪਾ ਹੀ ਹੁੰਦੀ ਹੈ, ਬਖਸ਼ਿਸ਼ ਹੁੰਦੀ ਹੈ ਤੇ ਕਿੱਡਾ ਵੱਡਾ ਸੁਨੇਹਾ ਹੈ ਇਹ। ਸਿਧਾਂਤ ਹੈ ਸਤਿਗੁਰੂ ਜੀ ਦਾ। ਨਾਮ ਬਾਣੀ ਦਾ ਪ੍ਰਚਾਰ ਸਾਰੇ ਸੰਸਾਰ ਵਿਚ ਫੈਲ ਗਿਆ। 27 ਸਾਲ ਵਿਸਾਖੀ ਨੂੰ ਪੂਰੇ ਹੋ ਜਾਣੇ ਹਨ। ਸੋ ਪਿਆਰ ਵਾਲੇ ਲਾਹਾ ਲੈ ਰਹੇ ਹਨ।

ਕਿੰਨੀਆਂ ਹੀ ਸੇਵਾਵਾਂ ਹਨ - ਬਿਰਧ ਆਸ਼ਰਮ ਆਪਣੀ ਮਿਸਾਲ ਆਪ ਹੈ। ਬਜ਼ੁਰਗਾਂ ਨੂੰ ਕਿੰਨਾ ਔਖਾ ਹੋਣਾ ਪੈਂਦਾ ਹੈ। ਅੰਤ ਸਮਾਂ ਕਿੰਨਾ ਔਖਾ ਹੈ -

*ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ੍ ਲੀਆ ਅੰਚਲਿ ਲਾਇ ॥*
*ਅੰਗ- ੧੩੬੮*

ਇਥੇ ਵੀ ਤੇ ਅੱਗੇ ਵੀ ਸਾਮ੍ਹਣੇ ਪ੍ਰਤੱਖ ਕੋਈ ਦਿਸਦੀ ਹੋਵੇ, ਫੇਰ ਕੀ ਉਹਦੀ ਗੱਲ ਕਰੀਏ। ਦੱਸਣ ਸੁਣਨ 'ਚ ਫਰਕ ਹੋ ਸਕਦਾ ਹੈ। ਸਾਮ੍ਹਣੇ ਦੇਖਣ 'ਚ-

*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥ ਅੰਗ- ੮੯੪*

ਹਸਪਤਾਲ ਚਲਦਾ ਹੈ। ਅੱਜ ਡਾਕਟਰਾਂ ਕੋਲ ਜਾਓ, ਕਿੰਨੀ ਫੀਸ ਹੈ। ਇਲਾਜ ਕਰਾਉਂਦੇ-ਕਰਾਉਂਦੇ ਹੋਰ ਚਿੰਤਾ ਵਧ ਜਾਂਦੀ ਹੈ, ਫੀਸਾਂ ਨੂੰ ਦੇਖ ਕੇ। ਚਿੰਤਾ ਹੋ ਜਾਂਦੀ ਹੈ। ਇਥੇ ਇਸ ਗੱਲ ਦੀ ਕੋਈ ਚਿੰਤਾ ਹੀ ਨਹੀਂ-

*ਬਿਰਧਿ ਭਇਆ ਊਪਰਿ ਸਾਕ ਸੈਨ ॥*
*ਮੁਖਿ ਅਪਿਆਉ ਬੈਠ ਕਉ ਦੈਨ ॥ ਅੰਗ- ੨੬੭*

ਫੇਰ ਏਥੇ ਜਿੰਨੇ ਡਾਕਟਰ ਪਹੁੰਚਦੇ ਹਨ, ਸਾਰੇ ਸੇਵਾ ਵਿਚ ਹਨ। ਇਥੇ ਹੀ ਬਸ ਨਹੀਂ, ਸ੍ਰੀ ਅਨੰਦਪੁਰ ਸਾਹਿਬ ਵੀ, ਉਹ ਜੰਗਲ ਬੇਲਿਆਂ ਦੀ ਧਰਤੀ, ਉਥੇ ਵੀ ਸੇਵਾ ਦਾ, ਸਿਮਰਨ ਦਾ ਕੁੰਭ ਚਲ ਪਿਆ। ਉਥੇ ਵੀ ਹਸਪਤਾਲ ਬਣ ਗਏ। ਸਾਰੇ ਟੈਸਟ ਵੀ ਫਰੀ, ਦਵਾਈਆਂ ਵੀ ਫਰੀ (ਮੁਫ਼ਤ) ਡਾਕਟਰ ਵੀ ਫਰੀ ਸੇਵਾ ਕਰਦੇ ਨੇ। ਨਿਸ਼ਕਾਮ ਸੇਵਾ ਦਾ ਕੇਂਦਰ ਸਥਾਪਨ ਹੋ ਗਿਆ। ਇਥੋਂ ਸ਼ਹਿਰ ਦੀਆਂ ਸੁਸਾਇਟੀਆਂ ਵੀ ਅੱਗੇ ਆਈਆਂ। ਉਹ ਵੀ ਸੇਵਾ ਦੇ ਖੇਤਰ ਵਿਚ ਯੋਗਦਾਨ ਪਾ ਰਹੀਆਂ ਹਨ।

ਕਈ ਪ੍ਰੇਮੀਆਂ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਉਹਨਾਂ ਦਾ ਇਲਾਜ ਤਾਂ ਕੋਈ ਹੁੰਦਾ ਨਹੀਂ। ਸੰਭਾਲਣਾ ਹੀ ਬਹੁਤ ਔਖਾ ਹੈ। ਸੋ ਉਸ ਵਾਸਤੇ ਮਹਾਂਪੁਰਸ਼ਾਂ ਦੇ ਨਾਮ ਉਪਰ ਸੁਖ ਅਸਥਾਨ, ਉਹ ਵੀ ਆਪਣੀ ਮਿਸਾਲ ਆਪ ਹੋਣੀ ਹੈ। ਦੋ ਕੁ ਸਾਲ ਦਾ ਟੀਚਾ ਰਖਿਆ ਹੈ, ਉਸ ਤੋਂ ਪਹਿਲਾਂ ਹੀ ਤਿਆਰ ਹੋ ਜਾਣਾ ਹੈ। ਸੋ ਇਹ ਸੇਵਾਵਾਂ ਚਲਦੀਆਂ ਹਨ। ਵੱਡੀ ਜਿਹੜੀ ਸੇਵਾ ਹੁੰਦੀ ਹੈ-

*ਸੰਤ ਕੀ ਸੇਵਾ ਨਾਮੁ ਧਿਆਈਐ ॥ ਅੰਗ- ੨੬੫*

ਜੇ ਉਹਨਾਂ ਦੇ ਪਿਆਰ ਵਿਚ ਜੀਵਨ ਬਸਰ ਹੋਵੇ, ਧਿਆਨ ਵਿਚ ਆਪੇ ਹੀ ਨਾਮ ਚਿੱਤ ਆ ਜਾਂਦਾ ਹੈ। ਜੁਗਤੀ ਪਤਾ ਲਗ ਜਾਂਦੀ ਹੈ ਕਿ ਇਸ ਤਰ੍ਹਾਂ ਨਾਲ ਕਰਨਾ ਹੈ। ਸੋ ਕਰਦੇ ਤੁਸੀਂ ਸਾਰੇ ਹੀ ਹੋਂ, ਕਰਦੇ ਜਾਓ, ਫਲ ਦੀ ਆਸ ਨਾ ਰੱਖੋ। ਫਲ ਤਾਂ ਆਪੇ ਹੀ ਲਗਦਾ ਹੈ, ਉਹ ਕੁਦਰਤ ਦਾ ਕੰਮ ਹੈ। ਹੁਣ ਬੀਜ ਬੀਜੋ, ਬੀਜ ਬੀਜਣਾ ਸਾਡਾ ਕੰਮ ਹੈ ਤੇ ਫਲ ਲਾਉਣਾ ਉਸ ਦਾ ਕੰਮ ਹੈ। ਜਿਹੜੀ ਸਾਡੀ ਡਿਊਟੀ ਹੈ ਉਹ ਹੈ ਨਾਮ ਜਪੋ, ਜਪਾਵੋ, ਸੇਵਾ ਕਰੋ। ਸੇਵਾ ਤੇ ਸਿਮਰਨ ਵਾਸਤੇ ਹੀ ਮਾਨੁਖ ਤਨ ਮਿਲਿਆ ਹੈ। ਸਤਿਗੁਰਾਂ ਦਾ ਕੋਟਾਨ-ਕੋਟ ਧੰਨਵਾਦ ਹੈ ਜਿਨ੍ਹਾਂ ਦੀ ਚਰਨ-ਸ਼ਰਨ ਵਿਚ ਬੈਠ ਕੇ ਸਤਿਸੰਗ ਦਾ ਸੁਭਾਗ ਮਿਲਿਆ। ਸੋ ਇਸੇ ਤਰ੍ਹਾਂ ਨਾਲ ਕਰਦੇ ਚਲੋ। ਜੋ ਸਤਿਪੁਰਸ਼ਾਂ ਨੇ ਜੁਗਤ ਦਰਸਾਈ ਹੈ, ਉਸ ਨੂੰ ਅਪਣਾਓ।

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ।*

# ਅੰਮ੍ਰਿਤ ਸੰਕਲਪ ਤੇ ਸੰਸਕਾਰ

*ਡਾ. ਰੂਪ ਸਿੰਘ*

ਮਨੁੱਖ ਇਕ ਚੇਤਨ ਸਮਾਜਿਕ ਪ੍ਰਾਣੀ ਹੈ। ਇਸ ਲਈ ਜਿੱਥੇ ਉਹ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸੁਤੰਤਰਤਾ ਲੋਚਦਾ ਹੈ ਉੱਥੇ ਉਸ ਦੀ ਪ੍ਰਬਲ ਖਾਹਿਸ਼ ਇਹ ਵੀ ਹੈ ਕਿ ਉਹ ਮੌਤ ਤੋਂ ਸੁਤੰਤਰ ਹੋਵੇ, ਭਾਵ ਉਸ ਦੇ ਮਨ ਵਿਚੋਂ ਮੌਤ ਦਾ ਭਿਆਨਕ ਡਰ ਖਤਮ ਹੋ ਜਾਵੇ। ਸੰਸਾਰ ਦੇ ਵੱਖ-ਵੱਖ ਧਰਮਾਂ ਵਿਚ ਮੌਤ ਦੇ ਭੈ ਤੋਂ ਸੁਤੰਤਰ ਕਰ ਦੇਣ ਵਾਲੇ ਪਦਾਰਥ ਨੂੰ ਵੱਖ-ਵੱਖ ਨਾਵਾਂ ਅਧੀਨ ਅੰਕਿਤ ਕੀਤਾ ਗਿਆ ਹੈ। ਯੂਨਾਨ ਦੇ ਮਿਥਿਹਾਸ ਵਿਚ ਨੈਕਟਰ, ਈਸਾਈ ਧਰਮ ਵਿਚ ਜੀਵਨ-ਜਲ, ਇਸਲਾਮ ਵਿਚ ਆਬ-ਏ-ਹਯਾਤ ਅਤੇ ਬ੍ਰਾਹਮਣੀ ਮਤ ਵਿਚ ਸੋਮਰਸ ਤੇ 'ਮਿਊਖ' ਕਿਹਾ ਗਿਆ ਹੈ। ਸਿੱਖ ਧਰਮ ਵਿਚ ਅਜਿਹੇ ਸੰਜੀਵ ਪਦਾਰਥ ਦੇ ਭਾਵ ਨੂੰ ਦਰਸਾਉਣ ਵਾਲੀ ਵਸਤੂ ਨੂੰ 'ਅੰਮ੍ਰਿਤ' ਦੀ ਸੰਗਿਆ ਦਿਤੀ ਗਈ ਹੈ।

'ਅੰਮ੍ਰਿਤ' ਸ਼ਬਦ ਭਾਰਤੀ ਧਾਰਮਿਕ ਤੇ ਇਤਿਹਾਸਕ ਪਰੰਪਰਾ ਵਿਚ ਵੈਦਿਕ ਕਾਲ ਤੋਂ ਹੀ ਪ੍ਰਚੱਲਤ ਰਿਹਾ ਹੈ। ਵੈਦਿਕ ਸਾਹਿਤ ਵਿਚ ਅਸਤਿ ਤੋਂ ਸਤਿ ਵੱਲ, ਹਨ੍ਹੇਰੇ ਤੋਂ ਰੌਸ਼ਨੀ ਵੱਲ, ਮੌਤ ਤੋਂ ਅਮਰਤਾ ਵੱਲ ਪਹੁੰਚਣ ਲਈ ਇਸ ਭਾਵ ਦੀ ਪ੍ਰਾਰਥਨਾ ਬੜੀ ਪ੍ਰਚੱਲਤ ਰਹੀ ਹੈ।

'ਅੰਮ੍ਰਿਤ ਸ਼ਬਦ 'ਅ' ਅਤੇ 'ਮ੍ਰਿਤ' ਦਾ ਸੁਮੇਲ ਹੈ। 'ਅ' ਨਾਂਹ ਵਾਚਕ ਹੈ ਅਤੇ 'ਮ੍ਰਿਤ' ਦਾ ਭਾਵ 'ਮੌਤ'। ਇਸ ਪ੍ਰਕਾਰ ਅੰਮ੍ਰਿਤ ਸ਼ਬਦ ਦਾ ਅਰਥ ਹੈ ਮੌਤ ਤੋਂ ਰਹਿਤ। ਅੰਮ੍ਰਿਤ ਉਹ ਪਦਾਰਥ ਹੈ ਜਿਸ ਦੇ ਸੇਵਨ ਕਰਨ ਨਾਲ ਮੌਤ ਨਹੀਂ ਹੁੰਦੀ।

ਸਿੱਖ ਧਰਮ ਵਿਚ ਅੰਮ੍ਰਿਤ ਇਕ ਸੰਕਲਪ ਵੀ ਹੈ ਤੇ ਰਹਿਤ ਵੀ। ਇਹ ਸੂਖਮ ਵੀ ਹੈ ਤੇ ਸਥੂਲ ਵੀ। ਇਹ ਸਿਧਾਂਤ ਵੀ ਹੈ ਤੇ ਅਮਲ ਵੀ। ਇਸ ਦਾ ਸਬੰਧ ਗੁਰਬਾਣੀ ਨਾਲ ਵੀ ਹੈ ਤੇ ਸਿੱਖ ਇਤਿਹਾਸ ਨਾਲ ਵੀ। ਸਿੱਖ ਧਰਮ ਦੇ ਇਸ ਮਹੱਤਵਪੂਰਨ ਸੰਕਲਪ ਅਤੇ ਸੰਸਕਾਰ ਨੂੰ ਸਮਝਣ ਲਈ, ਸਾਡੇ ਲਈ ਲਾਭਕਾਰੀ ਹੋਵੇਗਾ ਕਿ ਇਸ ਦੀ ਵਿਚਾਰ ਹੇਠਾਂ ਦਿਤੇ ਪੱਖਾਂ ਤੋਂ ਕਰੀਏ -

1. ਅੰਮ੍ਰਿਤ ਨਾਮ 2. ਅੰਮ੍ਰਿਤ ਗੁਰ ਦੀਖਿਆ 3. ਅੰਮ੍ਰਿਤ ਪੰਜ ਕਕਾਰੀ ਰਹਿਤ

## ਅੰਮ੍ਰਿਤ ਨਾਮ

ਗੁਰਮਤਿ ਦੀ ਸਮੁੱਚੀ ਵਿਚਾਰਧਾਰਾ ਦਾ ਆਧਾਰ ਪਾਵਨ ਗੁਰਬਾਣੀ ਹੈ। ਗੁਰਬਾਣੀ ਵਿਚ 'ਅੰਮ੍ਰਿਤ' ਇਕ ਤਕਨੀਕੀ ਸ਼ਬਦ ਹੈ ਜਿਸ ਦੇ ਨਿਸ਼ਚਿਤ ਅਰਥ ਹਨ ਪਰ ਇਸ ਸ਼ਬਦ ਦੀ ਵਰਤੋਂ ਗੁਰਬਾਣੀ ਵਿਚ ਬਹੁਤ ਥਾਈਂ ਤਦਭਵ ਰੂਪ ਵਿਚ ਵੀ ਹੋਈ ਮਿਲਦੀ ਹੈ। ਇਥੋਂ ਤਕ ਕਿ ਗੁਰਬਾਣੀ ਨੂੰ ਅੰਮ੍ਰਿਤ ਦੀ ਸੰਗਿਆ ਦਿਤੀ ਗਈ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਅੰਗ- ੯੮੨*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਮ੍ਰਿਤ ਸ਼ਬਦ ਦੀ ਵਰਤੋਂ ਮੁਖ ਰੂਪ ਵਿਚ ਹੇਠਾਂ ਦਿਤੇ ਅਰਥਾਂ ਵਿਚ ਹੋਈ ਮਿਲਦੀ ਹੈ -

1. ਸਮੁੰਦਰ ਮੰਥਨ ਸਮੇਂ ਪ੍ਰਾਪਤ ਚੌਦਾਂ ਰਤਨਾਂ ਵਿਚੋਂ ਇਕ 2. ਨਾਮ-ਰਸ, ਆਤਮ-ਰਸ, ਪ੍ਰਭੂ-ਮਿਲਾਪ ਦਾ ਅਨੰਦ 3. ਮਿੱਠਾ ਰਸ 4. ਪਾਣੀ 5. ਮੁਕਤੀ 6. ਦੁੱਧ 7. ਸੋਨਾ 8. ਆਤਮਿਕ ਸਰੂਰ ਦੇਣ ਵਾਲੇ ਬਚਨ 9. ਆਤਮਿਕ ਸਰੂਰ ਦੇਣ ਵਾਲਾ ਅੰਮ੍ਰਿਤ ਰਸ।

ਨਾਮ ਅਤੇ ਸ਼ਬਦ, ਅੰਮ੍ਰਿਤ ਦੇ ਸਮਾਨਾਰਥਕ ਸ਼ਬਦ ਹਨ। ਅੰਮ੍ਰਿਤ ਨਾਮ ਹੈ। ਅੰਮ੍ਰਿਤ ਗੁਰੂ ਦੀ ਬਾਣੀ ਹੈ। ਅੰਮ੍ਰਿਤ ਗੁਰੂ ਦਾ ਸ਼ਬਦ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਅਮਰਤਾ ਪ੍ਰਦਾਨ ਕਰਨ ਵਾਲੀ ਸ਼ਕਤੀ ਨੂੰ 'ਨਾਮ' ਹੀ ਮੰਨਿਆ ਹੈ। ਸੋ ਗੁਰਬਾਣੀ ਅਨੁਸਾਰ ਨਾਮ ਹੀ ਅੰਮ੍ਰਿਤ ਹੈ -

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*
*ਅੰਗ- ੩੧੮*

*ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥*
*ਨਾਨਕ ਗੁਰਮੁਖਿ ਜਿਨ੍ ਪੀਆ*
*ਤਿਨ੍ ਬਹੁੜਿ ਨ ਲਾਗੀ ਆਇ ॥ ੧ ਅੰਗ- ੧੨੮੩*

*ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥*
*ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥*
*ਅੰਗ- ੧੨੫੦*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵਿਚੋਂ ਵੀ ਭਗਤ ਕਬੀਰ ਜੀ, ਭਗਤ ਜੈ ਦੇਵ ਜੀ, ਭਗਤ ਭੀਖਣ ਜੀ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਤੇ ਭਗਤ ਤ੍ਰਿਲੋਚਨ ਜੀ ਨੇ ਵੀ ਅੰਮ੍ਰਿਤ ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ ਦੇ ਭਾਵ ਵਿਚ ਹੀ ਕੀਤੀ ਹੈ। ਭਗਤ ਭੀਖਣ ਜੀ ਦਾ ਸੋਰਠਿ ਰਾਗ ਵਿਚ ਅਤੇ ਭਗਤ ਜੈਦੇਵ ਜੀ ਦੇ ਗੂਜਰੀ ਰਾਗ ਵਿਚ ਅੰਕਿਤ ਇਹ ਸ਼ਬਦ ਉਪਰੋਕਤ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ -

*ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ*
*ਇਹੁ ਅਉਖਧੁ ਜਗਿ ਸਾਰਾ ॥*

*ਗੁਰ ਪਰਸਾਦਿ ਕਹੈ ਜਨੁ ਭੀਖਨੁ*
*ਪਾਵਉ ਮੋਖ ਦੁਆਰਾ ॥ ੩ ॥ ੧ ॥ ਅੰਗ- ੬੫੯*

*ਕੇਵਲ ਰਾਮ ਨਾਮ ਮਨੋਰਮੰ ॥ ਬਦਿ ਅੰਮ੍ਰਿਤ ਤਤ ਮਇਅੰ ॥*
*ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥*
*ਅੰਗ- ੫੨੬*

ਸੋ, ਗੁਰਮਤਿ ਅਨੁਸਾਰ ਉਪਰੋਕਤ ਦਰਸਾਏ ਨਾਮ-ਰੂਪੀ ਅੰਮ੍ਰਿਤ ਦਾ ਸੇਵਨ ਕਰਨ ਨਾਲ ਸਦ-ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਭਾਵ ਜੋ ਅਜਿਹੇ ਨਾਮ-ਰੂਪੀ ਅੰਮ੍ਰਿਤ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਪਰਮ-ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

*ਅੰਮ੍ਰਿਤੁ ਪੀਵੈ ਅਮਰੁ ਸੋ ਹੋਇ॥ ਅੰਗ- ੨੮੭*

*ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ*
*ਹਰਿ ਸਿਮਰਤ ਅਨਦ ਅਨੰਤਾ॥ ਅੰਗ- ੪੯੬*

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਸ ਨਾਮ-ਰੂਪੀ ਅੰਮ੍ਰਿਤ ਦਾ ਸੇਵਨ ਕਰਨ ਨਾਲ ਹੀ ਮਨੁੱਖੀ ਸਰੀਰਕ ਤੌਰ 'ਤੇ ਅਮਰ ਹੋ ਜਾਂਦਾ ਹੈ? ਕੀ ਉਸ ਦੀ ਸਰੀਰਕ ਮੌਤ ਨਹੀਂ ਹੁੰਦੀ? ਪਰ ਗੁਰਮਤਿ ਸਰੀਰਕ ਅਮਰਤਾ ਨੂੰ ਪ੍ਰਵਾਨ ਨਹੀਂ ਕਰਦੀ। ਗੁਰਬਾਣੀ ਅਨੁਸਾਰ ਇਹ ਸਰੀਰ ਬਿਨਸਨਹਾਰ ਹੈ ਤੇ ਇਕ ਨਾ ਇਕ ਦਿਨ ਇਸ ਨੇ ਖਤਮ ਹੋ ਜਾਣਾ ਹੈ। ਗੁਰਬਾਣੀ ਅਨੁਸਾਰ ਅੰਮ੍ਰਿਤ ਮਨੁੱਖ ਨੂੰ ਆਤਮਿਕ ਸ਼ਾਂਤੀ ਦਿਵਾਉਂਦਾ ਹੈ। ਨਾਮ-ਰੂਪੀ ਅੰਮ੍ਰਿਤ ਦੀ ਪ੍ਰਾਪਤੀ ਨਾਲ ਮਨੁੱਖ ਆਵਾ-ਗਵਨ ਤੋਂ ਮੁਕਤ ਹੋ ਜਾਂਦਾ ਹੈ। ਇਸ ਦੇ ਸੇਵਨ ਨਾਲ ਮਨੁੱਖ ਨੂੰ ਆਤਮਿਕ ਸੁਤੰਤਰਤਾ ਪ੍ਰਾਪਤ ਹੋ ਜਾਂਦੀ ਹੈ।

ਗੁਰਬਾਣੀ ਇਕ ਪਰਮਾਤਮਾ ਨੂੰ ਮੰਨਣ ਦਾ ਹੁਕਮ ਕਰਦੀ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਵਿਚ ਬ੍ਰਾਹਮਣੀ ਮਤ ਵਾਲੀ ਅੰਮ੍ਰਿਤ ਦੀ ਅਗੇਰੀ ਵੰਡ ਨਹੀਂ ਮਿਲਦੀ। ਗੁਰਮਤਿ ਅਨੁਸਾਰ ਅੰਮ੍ਰਿਤ ਇਕ ਹੀ ਹੈ ਕਿਉਂਕਿ ਪ੍ਰਭ ਦਾ ਨਾਮ ਇਕ ਹੈ। ਇਹ ਨਾਮ-ਰੂਪੀ ਅੰਮ੍ਰਿਤ ਸਮੁੱਚੀ ਮਾਨਵ ਜਾਤੀ ਲਈਇਕ ਹੀ ਹੈ ਦੂਜਾ ਨਹੀਂ। ਸ੍ਰੀ ਗੁਰੂ ਅੰਗਦ ਦੇਵ ਜੀ ਅੰਮ੍ਰਿਤ ਦੀ ਇਕਾਈ ਇਸ ਤਰ੍ਹਾਂ ਪ੍ਰਗਟ ਕਰਦੇ ਹਨ -

*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥*
*ਅੰਗ - ੧੨੩੮*

ਇਸ ਨਾਮ-ਰੂਪੀ ਅੰਮ੍ਰਿਤ ਦਾ ਪ੍ਰਾਪਤੀ ਸ੍ਰੋਤ ਕੀ ਹੈ? ਇਸ ਦੀ ਪ੍ਰਾਪਤੀ ਦਾ ਸਾਧਨ ਕੀ ਹੈ? ਸਾਮੀ ਵਿਚਾਰਧਾਰਾ ਦੀ ਇਤਿਹਾਸਕ ਪਰੰਪਰਾ ਅਨੁਸਾਰ ਆਬ-ਏ-ਹਯਾਤ ਦਾ ਕੁੰਡ ਅੰਧ ਮਹਾਂਸਾਗਰ ਵਿਚ ਹੈ। ਇਸ ਤਰ੍ਹਾਂ ਹੀ ਬ੍ਰਾਹਮਣੀ ਮਤ ਅਨੁਸਾਰ ਅੰਮ੍ਰਿਤ ਦਾ ਸ੍ਰੋਤ ਜਾਂ ਪ੍ਰਾਪਤੀ ਸਥਾਨ ਖੀਰ ਸਮੁੰਦਰ ਹੈ ਪਰ ਇਹ ਦੋਵੇਂ ਵਿਚਾਰ ਮਿਥਿਹਾਸ 'ਤੇ ਹੀ ਅਧਾਰਿਤ ਹਨ। ਇਹੀ ਕਾਰਨ ਹੈ ਕਿ ਗੁਰਮਤਿ ਇਨ੍ਹਾਂ ਮਿਥਿਹਾਸਕ ਤੇ ਦਲੀਲ-ਵਿਹੂਣੇ ਵਿਚਾਰਾਂ ਨਾਲ ਸਹਿਮਤ ਨਹੀਂ।

ਗੁਰਮਤਿ ਨੇ ਇਸ ਨਾਮ-ਰੂਪੀ ਅੰਮ੍ਰਿਤ ਦਾ ਕੁੰਡ ਮਨੁੱਖ ਦੇ ਸਰੀਰ ਵਿਚ ਹੀ ਦੱਸਿਆ ਹੈ। ਸਰੀਰ-ਰੂਪੀ ਸਮੁੰਦਰ ਨੂੰ ਰਿੜਕਣ ਨਾਲ ਇਸ ਅੰਮ੍ਰਿਤ ਦੀ ਪ੍ਰਾਪਤੀ ਹੋ ਸਕਦੀ ਹੈ ਪਰ ਸਰੀਰ-ਰੂਪੀ ਸਮੁੰਦਰ ਨੂੰ ਰਿੜਕਣ ਲਈ ਗੁਰੂ-ਕ੍ਰਿਪਾ ਦੀ ਜ਼ਰੂਰਤ ਹੈ। ਲੋੜ ਹੈ ਗੁਰੂ-ਕ੍ਰਿਪਾ ਦੇ ਪਾਤਰ ਬਣਨ ਦੀ ਨਾ ਕਿ ਬਾਹਰ ਭੱਜਣ ਦੀ -

*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥*
*ਅੰਗ - ੧੨੩੮*

ਅਤੇ ਇਸ ਅੰਮ੍ਰਿਤ ਨੂੰ ਪ੍ਰਾਪਤ ਕਰਨ ਦੀ ਵਿਧੀ ਸ੍ਰੀ ਗੁਰੂ ਨਾਨਕ ਸਾਹਿਬ ਇਸ ਸ਼ਬਦ ਰਾਹੀਂ ਦਰਸਾਉਂਦੇ ਹਨ -

*ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥*
*ਰਸਨਾ ਨਾਮੁ ਜਪਹੁ ਤਬ ਮਥੀਐ*
*ਇਨ ਬਿਧਿ ਅੰਮ੍ਰਿਤੁ ਪਾਵਹੁ ॥ ੨ ॥*
*ਅੰਗ- ੭੨੮*

## ਅੰਮ੍ਰਿਤ ਗੁਰ-ਦੀਖਿਆ

ਅੰਮ੍ਰਿਤ ਦਾ ਦੂਸਰਾ ਮਹੱਤਵਪੂਰਨ ਪੱਖ ਅੰਮ੍ਰਿਤ ਗੁਰ-ਦੀਖਿਆ ਦਾ ਹੈ, ਜਿਸ ਦਾ ਸਬੰਧ ਮੁੱਖ ਰੂਪ ਵਿਚ ਅੰਮ੍ਰਿਤ ਸੰਸਕਾਰ ਨਾਲ ਹੈ। ਸਿੱਖ ਧਰਮ ਸੰਸਾਰ ਦਾ ਇਕ ਵਿਲੱਖਣ ਧਰਮ ਹੈ। ਇਸ ਦੀ ਉਮਰ ਭਾਵੇਂ ਲੰਬੀ ਨਹੀਂ ਪਰ ਇਸ ਦੇ ਸਿਧਾਂਤ ਬੜੇ ਮਹੱਤਵਪੂਰਨ, ਅਮਰ ਅਤੇ ਵਿਸ਼ਾਲ ਹਨ। ਅੰਮ੍ਰਿਤ ਗੁਰ-ਦੀਖਿਆ ਦੇ ਸਿਧਾਂਤ ਦਾ ਵੀ ਆਪਣਾ ਹੀ ਇਤਿਹਾਸ ਤੇ ਮਹੱਤਤਾ ਹੈ। ਸਿੱਖ ਧਰਮ ਦੇ ਇਸ ਮਹੱਤਵਪੂਰਨ ਪੱਖ ਨੂੰ ਸਮਝਣ ਲਈ ਸਹਾਇਕ ਹੋਵੇਗਾ ਕਿ ਇਹ ਜਾਣਿਆ ਜਾਵੇ ਕਿ ਦੂਸਰੇ ਧਰਮਾਂ ਵਿਚ ਇਸ ਦਾ ਕੀ ਸਥਾਨ ਹੈ?

ਸੰਸਾਰ ਦੇ ਵੱਖ-ਵੱਖ ਧਰਮਾਂ ਵਿਚ ਧਰਮ ਪ੍ਰਵੇਸ਼ ਦੇ ਵੱਖ-ਵੱਖ ਸੰਸਕਾਰ ਪਾਏ ਜਾਂਦੇ ਹਨ। ਕਿਸੇ ਵੀ ਧਰਮ ਦਾ ਮੈਂਬਰ ਬਣਨ ਲਈ ਉਸ ਧਰਮ ਦੇ ਧਾਰਮਿਕ ਸੰਸਕਾਰ ਕਰਨੇ ਜ਼ਰੂਰੀ ਹਨ। ਆਰੰਭਿਕ ਧਾਰਮਿਕ ਰਸਮਾਂ ਤੋਂ ਬਿਨਾਂ ਕੋਈ ਵੀ ਵਿਅਕਤੀ ਸਬੰਧਤ ਧਰਮ ਦਾ ਮੈਂਬਰ ਨਹੀਂ ਬਣ ਸਕਦਾ।

ਈਸਾਈ ਭਾਈਚਾਰੇ ਦਾ ਮੈਂਬਰ ਬਣਨ ਲਈ 'ਬਪਤਿਸਮਾ' ਦੀ ਰਸਮ ਕਰਨੀ ਪੈਂਦੀ ਹੈ। ਬਪਤਿਸਮਾ ਦੀ ਪ੍ਰਾਪਤੀ ਹੀ ਈਸਾ ਜੀ ਤੇ ਪ੍ਰਭੂ ਦੀ ਦ੍ਰਿਸ਼ਟੀ ਵਿਚ ਪ੍ਰਵਾਨ ਹੋਣਾ ਹੈ। ਇਸ ਸਬੰਧ ਵਿਚ ਪਵਿੱਤਰ ਬਾਈਬਲ ਦਾ ਹੇਠ ਅੰਕਿਤ ਵਿਚਾਰ ਬੜਾ ਮਹੱਤਵਪੂਰਨ ਹੈ -

"ਤੁਹਾਡੇ ਵਿਚੋਂ ਹਰ ਕੋਈ, ਆਪਣੇ ਪਾਪਾਂ ਤੋਂ ਮੁੜੇ ਅਤੇ ਯਿਸੂ ਮਸੀਹ ਦੇ ਨਾਂ ਤੇ ਬਪਤਿਸਮਾ ਲਏ, ਤਾਂ ਜੋ ਤੁਹਾਡੇ ਪਾਪ ਮੁਆਫ ਹੋ ਜਾਣ। ਇਸ ਤੋਂ ਤੁਹਾਨੂੰ ਪਵਿੱਤਰ ਆਤਮਾ ਵਰਦਾਨ ਦੇ ਤੌਰ 'ਤੇ ਮਿਲੇਗੀ।"

ਇਸਲਾਮ ਵਿਚ ਜ਼ੁਬਾਨੀ ਇਕਰਾਰ ਨੂੰ ਕਾਫੀ ਥਾਂ

ਦਿਤੀ ਗਈ ਹੈ ਅਤੇ ਇਸਲਾਮ ਦੇ ਮੈਂਬਰ ਬਣਨ ਲਈ ਬਪਤਿਸਮਾ ਵਰਗੀ ਕੋਈ ਰਸਮ ਨਹੀਂ ਕਰਨੀ ਪੈਂਦੀ।

''ਪ੍ਰਮਾਤਮਾ ਦੀ ਏਕਤਾ ਅਤੇ ਨਬੀਆਂ ਦੀ ਲੜੀ, ਜਿਸ ਵਿਚ ਮੁਹੰਮਦ ਸਾਹਿਬ ਆਖਰੀ ਨਬੀ ਸਨ, ਇਸਲਾਮ ਦੇ ਬੁਨਿਆਦੀ ਭਾਗ ਹਨ। ਜਿਹੜੇ ਉਨ੍ਹਾਂ ਨੂੰ ਪ੍ਰਵਾਨ ਕਰਦੇ ਹਨ ਉਹ ਮੁਸਲਮਾਨ ਹਨ।''

ਬ੍ਰਾਹਮਣੀ ਮਤ ਵਿਚ 'ਉਪਨਇਆਨ' ਦੀ ਰੀਤੀ ਬੱਚੇ ਨੂੰ ਬ੍ਰਹਮਚਰਯ ਜੀਵਨ ਵਿਚ ਪ੍ਰਵੇਸ਼ ਕਰਵਾਉਂਦੀ ਹੈ। ਇਹ ਇਕ ਨਵ-ਜੀਵਨ ਦੀ ਪ੍ਰਤੀਕ ਹੈ।

''ਅਥਰਵੇਦ ਅਨੁਸਾਰ ਅਧਿਆਪਕ ਬੱਚੇ ਨੂੰ ਨਵ-ਜਨਮ ਦਿੰਦਾ ਹੈ। ਜਦੋਂ ਉਹ ਉਸ ਦੇ ਮੋਢੇ 'ਤੇ ਹੱਥ ਰਖਦਾ ਹੈ ਤੇ ਤੀਜੇ ਦਿਨ ਬੱਚੇ ਦਾ ਜਨਮ ਬ੍ਰਾਹਮਣ ਰੂਪ ਵਿਚ ਪੁਨਰ ਜਨਮ ਹੁੰਦਾ ਹੈ। ਇਹ ਪੁਨਰ ਜਨਮ ਇਕ ਅਧਿਆਤਮਿਕ ਜਨਮ ਹੁੰਦਾ ਹੈ।''

ਉਪਰ ਸੰਸਾਰ ਦੇ ਚਾਰ ਮੁਖ-ਧਰਮਾਂ ਦੀ ਆਰੰਭਿਕ ਸੰਸਕਾਰਾਂ ਸਬੰਧੀ ਸੰਖੇਪ ਵਿਚਾਰ 'ਚ ਦਰਸਾਇਆ ਗਿਆ ਹੈ। ਗੁਰ-ਦੀਖਿਆ ਸੰਸਕਾਰ ਹਰ ਧਰਮ ਵਿਚ ਹੀ ਮਿਲਦਾ ਹੈ। ਜਿਸ ਅਨੁਸਰ ਵਿਅਕਤੀ ਨੂੰ ਧਰਮ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਅੰਮ੍ਰਿਤ-ਗੁਰ-ਦੀਖਿਆ ਦਾ ਸੰਸਕਾਰ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ 'ਚਰਨਾਮਿਰਤ' ਦੇ ਰੂਪ ਵਿਚ ਕੀਤਾ ਗਿਆ। ਸ੍ਰੀ ਗੁਰੂ ਨਾਨਕ ਸਾਹਿਬ 'ਚਰਨਾਮ੍ਰਿਤ' ਦੀ ਰੀਤ ਦੁਆਰਾ ਆਪਣੇ ਸ਼ਿਸ਼ਾਂ ਨੂੰ ਆਪਣੇ ਧਰਮ ਵਿਚ ਪ੍ਰਵੇਸ਼ ਕਰਵਾਉਂਦੇ ਹਨ। ਇਸ ਸਬੰਧੀ ਜਾਣਕਾਰੀ ਸਾਨੂੰ ਗੁਰਮਤਿ ਦੇ ਵੇਦ ਵਿਆਸ ਭਾਈ ਗੁਰਦਾਸ ਜੀ ਪਾਸੋਂ ਹੁੰਦੀ ਹੈ -

*ਚਰਨ ਧੋਇ ਰਹਰਾਸਿ ਕਰਿ*
*ਚਰਣਾਮ੍ਰਿਤੁ ਸਿਖਾ ਪੀਲਾਇਆ।*

ਸਮੇਂ ਦੀ ਮੰਗ ਅਨੁਸਾਰ ਗੁਰੂ ਦਸਮ ਪਾਤਸ਼ਾਹ ਜੀ ਨੇ 30 ਮਾਰਚ 1699 ਈ: ਨੂੰ ਇਸ ਮਰਯਾਦਾ ਵਿਚ ਇਕ ਹੋਰ ਪਰਿਵਰਤਨ ਲਿਆਂਦਾ। ਗੁਰੂ ਜੀ ਨੇ ਇਸ ਮਰਯਾਦਾ ਨੂੰ ਖੰਡੇ ਦੀ ਪਾਹੁਲ ਵਿਚ ਬਦਲ ਦਿਤਾ। ਗੁਰੂ ਜੀ ਨੇ ਸਿਰਫ ਵਿਧੀ ਹੀ ਪਰਿਵਰਤਨ ਕੀਤੀ ਨਾ ਕਿ ਸਿਧਾਂਤ। ਪ੍ਰਮੁਖਤਾ ਫੇਰ ਗੁਰਬਾਣੀ ਨੂੰ ਹੀ ਦਿਤੀ ਗਈ। ਵਿਧੀ ਵਿਚ ਪਰਿਵਰਤਨ ਲਿਆਉਣਾ ਸਮੇਂ ਦੀ ਨਬਜ਼ ਨੂੰ ਪਛਾਨਣ ਦੇ ਤੁਲ ਸੀ। ਭਾਵ ਸਮੇਂ ਦੀ ਲੋੜ ਹੀ ਅਜਿਹੀ ਸੀ। ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹੋਏ ਸਿਰਦਾਰ ਕਪੂਰ ਸਿੰਘ ਜੀ ਲਿਖਦੇ ਹਨ -

''ਖੰਡੇ ਦਾ ਅੰਮ੍ਰਿਤ ਭਾਵੇਂ ਗੁਰ-ਦੀਖਿਆ ਦਾ ਪਰਿਵਰਤਨ ਰੂਪ ਸੀ ਪਰ ਕੋਈ ਨਵਾਂ ਸਿਧਾਂਤ ਨਹੀਂ ਜਿਸ ਦੀ ਵਰਤੋਂ ਪਹਿਲੇ ਗੁਰੂ ਕਰਦੇ ਆ ਰਹੇ ਸਨ ਪਰ ਅਜਿਹਾ ਪਰਿਵਰਤਨ ਸਮੇਂ ਅਤੇ ਅਸਥਾਨ ਤੇ ਉਸ ਸਮੇਂ ਦੀ ਨਿਘਰੀ ਹੋਈ ਮਨੁੱਖਤਾ ਦੀ ਸਥਿਤੀ ਦੇ ਪ੍ਰਸੰਗ ਵਿਚ ਯੋਗ ਸੀ।'

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਸੀ। ਇਸ ਸਿਧਾਂਤ ਨੂੰ ਮਜ਼ਬੂਤ ਤੇ ਸੰਜੀਵ ਕਰਨ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ (ਖੰਡੇ ਦੀ ਪਾਹੁਲ) ਰਾਹੀਂ ਪ੍ਰਪੱਕ ਕਰ ਦਿਤਾ। ਖੰਡੇ ਦੀ ਪਾਹੁਲ ਨੇ ਨਿਰਮਲ ਪੰਥ ਨੂੰ ਖ਼ਾਲਸਾ ਪੰਥ ਦਾ ਰੂਪ ਦਿਤਾ।

ਇਹ ਖੰਡੇ ਦੀ ਪਾਹੁਲ ਹੀ ਸੀ ਜਿਸ ਨੇ ਗੁਰੂ-ਚੇਲਾ ਦੀ ਅਭੇਦਤਾ ਨੂੰ ਜਨਮ ਦਿਤਾ। ਜ਼ਾਤੀ ਭਿੰਨਤਾ ਨੂੰ ਖਤਮ ਕੀਤਾ। ਇਸ ਦੇ ਨਾਲ ਹੀ ਦੂਸਰੀ ਕਿਸੇ ਕਿਸਮ ਦੀ ਪਾਹੁਲ ਲੈਣ ਤੋਂ ਸਿੱਖਾਂ ਨੂੰ ਰੋਕਿਆ। ਭਾਈ ਦੇਸਾ ਸਿੰਘ ਜੀ ਨੇ ਗੁਰੂ ਜੀ ਦੇ ਆਸ਼ੇ ਨੂੰ ਇਸ ਤਰ੍ਹਾਂ ਦਰਸਾਇਆ ਹੈ -

*ਪ੍ਰਥਮ ਰਹਤ ਯਹ ਜਾਨ ਪਾਹੁਲ ਖੰਡੇ ਕੀ ਛਕੇ।*
*ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ।*

ਸੋ ਸਿਧਾਂਤਕ ਤੌਰ ਤੇ ਅੰਮ੍ਰਿਤ ਨਾਮ ਹੈ, ਜਿਸ ਦਾ ਵਾਸਾ ਮਨੁੱਖੀ ਹਿਰਦੇ ਵਿਚ ਹੈ। ਇਸ ਨਾਮ ਰੂਪੀ ਅੰਮ੍ਰਿਤ ਦੀ ਪ੍ਰਾਪਤੀ ਦਾ ਪਹਿਲਾ ਚਰਨ ਅੰਮ੍ਰਿਤ ਗੁਰ-ਦੀਖਿਆ ਹੈ।

## ਅੰਮ੍ਰਿਤ ਪੰਜ ਕਕਾਰੀ ਰਹਿਤ

ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਛਕਣ ਲਈ ਆਦੇਸ਼ ਜਾਰੀ ਕੀਤਾ ਉਥੇ ਗੁਰੂ ਜੀ ਨੇ ਪੰਜ-ਕਕਾਰੀ ਰਹਿਤ ਰੱਖਣੀ ਵੀ ਹਰ ਸਿੱਖ ਲਈ ਲਾਜ਼ਮੀ ਕਰ ਦਿਤੀ ਜੋ ਪਹਿਲਾਂ ਨਹੀਂ ਸੀ। ਗੁਰੂ ਜੀ ਨੇ ਰਹਿਤ ਨੂੰ ਪ੍ਰਧਾਨਤਾ ਦਿਤੀ। ਗੁਰੂ ਜੀ ਦੇ ਆਸ਼ੇ ਨੂੰ ਭਾਈ ਦੇਸਾ ਸਿੰਘ ਜੀ ਨੇ ਰਹਿਤ-ਨਾਮਿਆਂ ਵਿਚ ਇਸ ਤਰ੍ਹਾਂ ਦਰਸਾਇਆ ਹੈ -

*ਰਹਣੀ ਰਹੈ ਸੋਈ ਸਿੱਖ ਮੇਰਾ।*
*ਉਹ ਠਾਕੁਰੁ ਮੈਂ ਉਸ ਕਾ ਚੇਰਾ।*
*ਰਹਤ ਬਿਨਾਂ ਨਹਿ ਸਿੰਘ ਕਹਾਵੈ।*
*ਰਹਤ ਬਿਨਾ ਦਰ ਚੋਟਾਂ ਖਾਵੈ॥*

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਅੰਮ੍ਰਿਤ ਨਾਮ ਹੈ ਜਿਸ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਦੁਆਰਾ ਹੁੰਦੀ ਹੈ। ਨਾਮ-ਰੂਪੀ ਅੰਮ੍ਰਿਤ ਪ੍ਰਾਪਤ ਕਰਨ ਤੋਂ ਪਹਿਲਾਂ ਗੁਰੂ ਵਾਲੇ ਬਣਨਾ ਪੈਂਦਾ ਹੈ। ਗੁਰੂ ਵਾਲੇ ਬਣਨ ਦੀ ਵਿਧੀ ਅੰਮ੍ਰਿਤ ਗੁਰ-ਦੀਖਿਆ ਦੀ ਵਿਧੀ ਹੈ, ਜਿਸ ਦੁਆਰਾ ਖੰਡੇ ਦੀ ਪਾਹੁਲ ਛਕ ਕੇ ਪੰਜ-ਕਕਾਰੀ ਰਹਿਤ ਦੇ ਧਾਰਨੀ ਹੋ ਕੇ 'ਸਿੰਘ' ਪਦਵੀ ਨੂੰ ਪਹੁੰਚਿਆ ਜਾ ਸਕਦਾ ਹੈ।

ਸਿੰਘ ਪਦਵੀ ਨੂੰ ਪ੍ਰਾਪਤ ਮਨੁੱਖ ਹੀ ਗੁਰਸਿੱਖ ਅਖਵਾ ਸਕਦਾ ਹੈ।

*ਧੰਨਵਾਦ ਸਹਿਤ*
*ਪੁਸਤਕ 'ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ' ਵਿਚੋਂ*

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-41)*

**ਸਿਰੀਰਾਗੁ ਮਹਲਾ ੫**
**ਗੁਰੁ ਪਰਮੇਸੁਰੁ ਪੂਜੀਐ**
**ਮਨਿ ਤਨਿ ਲਾਇ ਪਿਆਰੁ॥**

ਹੇ ਭਾਈ! ਮਨੋਂ ਤਨੋਂ ਪਿਆਰ ਲਾ ਕੇ ਪਰਮੇਸ਼ਰ ਰੂਪ ਗੁਰੂ ਦਾ ਪੂਜੀਐ=ਪੂਜਨ ਕਰੀਏ। ਸਤਿਗੁਰੂ ਨਾਨਕ ਦੇਵ ਜੀ ਪਰਮੇਸ਼ਰ ਰੂਪ ਹਨ। ਜੋ ਉਹਨਾਂ ਦਾ ਪੂਜਨ ਕਰੇਗਾ, ਉਹ ਜੰਮਣ ਮਰਣ ਤੋਂ ਰਹਿਤ ਹੋ ਜਾਵੇਗਾ।

**ਸਤਿਗੁਰ ਦਾਤਾ ਜੀਅ ਕਾ**
**ਸਭਸੈ ਦੇਇ ਅਧਾਰੁ॥**

ਸਤਿਗੁਰੂ ਜੀਅ=ਜੀਵਨ ਮੁਕਤੀ ਕਾ=ਦਾ ਦਾਤਾ ਹੈ ਵਾ: ਜੀਅ ਦਾਨ ਭਾਵ ਚੇਤਨ ਸਰੂਪ ਦੀ ਸਾਖਿਆਤਤਾ ਦਾ ਦਾਤਾ ਹੈ ਜੋ ਸਾਰਿਆਂ ਨੂੰ (ਲੋਕ, ਪਰਲੋਕ) ਵਿਚ ਅਧਾਰੁ=ਆਸਰਾ ਦੇਇ=ਦੇਣ ਵਾਲਾ ਹੈ।

**ਸਤਿਗੁਰ ਬਚਨ ਕਮਾਵਣੇ**
**ਸਚਾ ਏਹੁ ਵੀਚਾਰੁ॥**

ਜੋ ਸਤਿਗੁਰਾਂ ਦੀ ਬਾਣੀ ਰੂਪ ਬਚਨ=ਵਾਕਾਂ ਨੂੰ ਕਮਾਵਣੇ=ਕਮਾਉਣਾ ਹੈ, ਏਹੁ=ਇਹੋ ਹੀ ਸੱਚਾ ਵੀਚਾਰੁ=ਨਿਰਨਾ ਹੈ ਅਥਵਾ ਜੋ ਸਤਿਗੁਰਾਂ ਦੇ ਬਚਨਾਂ ਦੀ ਕਮਾਈ ਕਰਦਾ ਹੈ, ਉਸ ਦੇ ਵੀਚਾਰ ਸੱਚੇ ਹੋ ਜਾਂਦੇ ਹਨ। ਜੋ ਸਤਿਗੁਰਾਂ ਦੇ ਬਚਨਾਂ ਨੂੰ ਕਮਾ ਨਹੀਂ ਸਕਦਾ, ਉਸ ਦਾ ਵੀਚਾਰ ਸੱਚਾ ਨਹੀਂ, ਕੱਚਾ ਹੈ। ਕੱਚਾ ਵੀਚਾਰ ਥਿਰ ਨਹੀਂ ਰਹਿ ਸਕਦਾ। ਪਤਾ ਨਹੀਂ ਉਹ ਵੀਚਾਰ ਕਦੋਂ ਖਿਸਕ ਜਾਣਾ ਹੈ ਤੇ ਗੁਰੂ ਦੇ ਬਚਨਾਂ ਨੂੰ ਕਮਾਉਣਾ ਇਹ ਵੀਚਾਰ ਸੱਚਾ ਹੈ।

**ਬਿਨੁ ਸਾਧੂ ਸੰਗਤਿ ਰਤਿਆ**
**ਮਾਇਆ ਮੋਹੁ ਸਭੁ ਛਾਰੁ॥**

ਸਾਧੂ=ਜੋ ਮਨ ਨੂੰ ਸਾਧਣ ਵਾਲੇ ਸ੍ਰੇਸ਼ਟ ਪੁਰਸ਼ ਹਨ, ਉਨ੍ਹਾਂ ਗੁਰਮੁਖਾਂ ਦੀ ਸੰਗਤ ਵਿਚ ਰਤਿਆ=ਰੰਗੇ ਹੋਏ ਤੋਂ ਬਿਨੁ=ਬਗੈਰ, ਇਹ ਮਾਇਆ ਦਾ ਮੋਹ ਜੋ ਛਾਰੁ=ਸੁਆਹ ਰੂਪ ਹੈ ਭਾਵ ਝੂਠਾ ਹੈ, ਸਾਰੇ ਜੀਵਾਂ ਨੂੰ ਚਿੰਬੜਿਆ ਰਹਿੰਦਾ ਹੈ ਅਥਵਾ ਸਾਧੂਆਂ ਦੀ ਸੰਗਤ ਤੋਂ ਬਿਨਾਂ ਇਹ ਮਾਇਆ ਦਾ ਮੋਹ ਸਾਰੇ ਜੀਵਾਂ ਨੂੰ ਵਾ: ਜੀਵਾਂ ਦੇ ਕਰਮ ਧਰਮ ਨੂੰ ਛਾਰੁ=ਸੁਆਹ ਕਰ ਦਿੰਦਾ ਹੈ।

**ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ॥**

ਹੇ ਮੇਰੇ ਪਿਆਰੇ ਸਾਜਨ=ਮਨ ਦੇ ਅਜ਼ੀਜ਼ ਮਿੱਤਰ ਜੋ ਹਰਿ=ਪਰਮੇਸ਼ਰ ਸਾਰਿਆਂ ਨੂੰ ਹਰਿ=ਹਰੇ-ਭਰੇ ਕਰਨ ਵਾਲਾ ਹੈ, ਉਸ ਦੇ ਨਾਮ ਨੂੰ ਸਮਾਲਿ=ਸੰਭਾਲਣਾ ਕਰ।

**ਸਾਧੂ ਸੰਗਤਿ ਮਨਿ ਵਸੈ**
**ਪੂਰਨ ਹੋਵੈ ਘਾਲ॥੧॥ਰਹਾਉ॥**

ਗੁਰਮੁਖ ਪਿਆਰਿਆਂ ਦੀ ਸੰਗਤ ਵਿਚ ਮਿਲਣ ਕਰਕੇ ਮਹਾਰਾਜ ਮਨ ਵਿਚ ਵਸੈ=ਵਸਦੇ ਹਨ ਪਰ ਗੁਰਮੁਖਾਂ ਦੀ ਸੰਗਤ ਤਾਂ ਪ੍ਰਾਪਤ ਹੁੰਦੀ ਹੈ ਜੇ ਘਾਲ=ਕਮਾਈ ਪੂਰਨ=ਪੂਰੀ ਹੋਵੇ ਅਥਵਾ ਗੁਰਮੁਖਾਂ ਦੀ ਸੰਗਤਿ ਕਰਕੇ ਜੇ ਪਰਮੇਸ਼ਰ ਦਾ ਨਾਮ ਮਨ ਵਿਚ ਵਸ ਜਾਵੇ ਤਾਂ ਜੀਵ ਦੀ ਘਾਲ=ਕਮਾਈ ਸੰਪੂਰਨ ਹੋ ਜਾਂਦੀ ਹੈ ਪਰ ਸਾਧੂਆਂ ਦੀ ਸੰਗਤ ਵੀ ਪਰਮੇਸ਼ਰ ਦੀ ਦਇਆਲਤਾ ਤੋਂ ਬਿਨਾਂ ਨਸੀਬ ਨਹੀਂ ਹੁੰਦੀ -

**ਗੁਰੁ ਸਮਰਥੁ ਅਪਾਰੁ ਗੁਰੁ**
**ਵਡਭਾਗੀ ਦਰਸਨੁ ਹੋਇ॥**

ਸੱਚੇ ਸਤਿਗੁਰੂ ਜੀ ਸਰਬ ਸਮਰੱਥ ਹਨ। ਚਉਰਾਸੀਹ ਲੱਖ ਜੂਨਾਂ ਵਿਚ ਤਰਸਦੇ ਜੀਵਾਂ ਨੂੰ ਵੀ ਸਤਿਗੁਰੂ ਜੀ ਜੰਮਣ ਮਰਣ ਤੋਂ ਮੁਕਤ ਕਰਨ ਦੇ ਸਮਰੱਥ ਹਨ। ਸਾਰੇ ਪਾਪਾਂ ਨੂੰ ਬਖਸ਼ ਦਿੰਦੇ ਹਨ, ਫਿਰ ਅਪਾਰੁ ਗੁਰੁ=ਸਤਿਗੁਰੂ ਜੀ ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹਨ, ਬਾਕੀ ਹੋਰ ਅਵਤਾਰ, ਪੈਗੰਬਰ, ਦੇਵੀ-ਦੇਵਤੇ ਪ੍ਰਕਿਰਤੀ ਦੇ ਵਿਚ ਹਨ। ਵਡਭਾਗੀ=ਵੱਡਿਆਂ ਭਾਗਾਂ ਵਾਲਿਆਂ ਨੂੰ ਐਸੇ ਸ਼ੁਧ ਸਰੂਪ ਸਤਿਗੁਰਾਂ ਦੇ ਦਰਸ਼ਨੁ=ਦੀਦਾਰ ਹੁੰਦੇ ਹਨ।

**ਗੁਰੁ ਅਗੋਚਰੁ ਨਿਰਮਲਾ**
**ਗੁਰ ਜੇਵਡੁ ਅਵਰੁ ਨ ਕੋਇ॥**

ਸੱਚੇ ਸਤਿਗੁਰੂ ਜੀ ਅਗੋਚਰੁ=ਇੰਦਰੀਆਂ ਦੇ ਅਵਿਸ਼ੇ ਭਾਵ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਹਨ ਤੇ ਨਿਰਮਲਾ=ਸ਼ੁੱਧ ਸਰੂਪ ਹਨ ਭਾਵ ਮਲ, ਵਿਖੇਪ, ਅਵਰਨ ਆਦਿ ਦੀ ਮੈਲ ਤੋਂ ਰਹਿਤ ਹਨ। ਸਤਿਗੁਰੂ ਸਾਰਿਆਂ ਤੋਂ ਵੱਡੇ ਹਨ। ਗੁਰੂ ਜੇਵਡੁ=ਜਿੱਡਾ ਵੱਡਾ ਅਵਰੁ=ਹੋਰ ਕੋਈ ਵੀ ਨਹੀਂ ਹੈ।

**ਗੁਰੁ ਕਰਤਾ ਗੁਰੁ ਕਰਣਹਾਰੁ**
**ਗੁਰਮੁਖਿ ਸਚੀ ਸੋਇ॥**

ਸਤਿਗੁਰੂ ਸਾਹਿਬ ਜੀ ਸਿੱਖਾਂ ਨੂੰ ਨਾਮ ਦਾ ਉਪਦੇਸ਼ ਕਰਨ ਵਾਲੇ ਹਨ ਅਤੇ ਗੁਰੂ ਜੀ ਸਿੱਖਾਂ ਦੀ ਕਲਿਆਣ ਕਰਨਹਾਰ ਹਨ ਅਥਵਾ ਸਤਿਗੁਰੂ ਜੀ ਸੰਸਾਰ ਦੇ ਕਰਤਾ=ਉਪਾਦਾਨ ਕਾਰਨ ਅਤੇ ਗੁਰੂ ਸਾਹਿਬ ਜੀ ਕਰਣਹਾਰੁ=ਨਮਿੱਤ ਕਾਰਨ ਹਨ ਅਥਵਾ ਸਤਿਗੁਰੂ ਕਰਤਾ ਹੈ ਭਾਵ ਈਸ਼ਰ ਰੂਪ ਹੋ ਕੇ ਸੰਸਾਰ ਨੂੰ ਰਚਦੇ ਹਨ ਤੇ

ਫਿਰ ਆਪ ਹੀ ਗੁਰੂ ਜੀ ਇਸ ਦੀ ਪਾਲਣਾ ਕਰਨਹਾਰ ਹਨ। ਇਸ ਸਮਰੱਥਾ ਦੇ ਮਾਲਕ ਹੋਣ ਕਰਕੇ ਗੁਰਮੁਖਿ=ਮੁਖੀ ਗੁਰੂ ਸਾਹਿਬ ਜੀ ਦੀ ਲੋਕ ਪਰਲੋਕ ਵਿਚ ਸਚੀ ਸੋਇ=ਸ਼ੋਭਾ ਹੋ ਰਹੀ ਹੈ।

**ਗੁਰ ਤੇ ਬਾਹਰਿ ਕਿਛੁ ਨਹੀ**
**ਗੁਰੁ ਕੀਤਾ ਲੋੜੇ ਸੁ ਹੋਇ॥੨॥**

ਗੁਰੂ ਸਾਹਿਬ ਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੋ ਸਕਦਾ। ਜੋ ਵੀ ਸੰਸਾਰ ਵਿਚ ਵਰਤਾਰਾ ਵਰਤ ਰਿਹਾ ਹੈ, ਇਹ ਗੁਰੂ ਦੇ ਹੁਕਮ ਵਿਚ ਹੈ। ਸਤਿਗੁਰੂ ਹਰ ਜੀਵ ਦੀ ਹਰ ਹਰਕਤ, ਹਰ ਫੁਰਨਾ ਜਾਣਦੇ ਹਨ। ਗੁਰੂ ਸਾਹਿਬ ਜੀ ਜੋ ਕੀਤਾ ਲੋੜੇ=ਕਰਨਾ ਚਾਹੁੰਦੇ ਹਨ, ਉਸੇ ਤਰ੍ਹਾਂ ਦਾ ਵਰਤਾਰਾ ਵਰਤ ਜਾਂਦਾ ਹੈ ਭਾਵ ਉਹੋ ਸਭ ਕੁਝ ਹੋ ਜਾਂਦਾ ਹੈ ਜੋ ਗੁਰੂ ਜੀ ਚਾਹੁੰਦੇ ਹਨ।

**ਗੁਰੁ ਤੀਰਥੁ ਗੁਰੁ ਪਾਰਜਾਤੁ**
**ਗੁਰੁ ਮਨਸਾ ਪੂਰਣਹਾਰੁ॥**

ਸਤਿਗੁਰੂ ਜੀ ਤੀਰਥ ਦੀ ਨਿਆਈਂ ਪਵਿੱਤਰ ਹਨ, ਜੋ ਜਲ ਦੇ ਚਲਦੇ ਪ੍ਰਵਾਹ ਵਾਂਗ ਹਨ ਵਾ: ਸਤਿਗੁਰੂ ਜੀ ਸਭ ਤੋਂ ਪਵਿੱਤਰ ਵੱਡੇ ਤੀਰਥ ਹਨ। ਗੁਰੁ=ਗੁਰੂ ਸਾਹਿਬ ਜੀ ਪਾਰਜਾਤੁ=ਕਲਪ ਬ੍ਰਿਛ ਦੀ ਨਿਆਈਂ ਹਨ। ਕਲਪ ਬ੍ਰਿਛ ਤਾਂ ਜੜ੍ਹ ਹੈ ਪਰ ਸਤਿਗੁਰੂ ਜੀ ਚੇਤਨ ਰੂਪ ਹੋ ਕੇ ਹਰ ਥਾਂ ਵਿਆਪਕ ਹਨ। ਗੁਰੂ ਸਾਹਿਬ ਜੀ ਸਾਰਿਆਂ ਦੀਆਂ ਮਨਸਾ=ਇੱਛਾਵਾਂ ਪੂਰਣਹਾਰੁ=ਪੂਰੀਆਂ ਕਰਨ ਵਾਲੇ ਹਨ। ਗੁਰੂ ਦੇ ਦਰ 'ਤੇ ਸ਼ਰਧਾ ਨਾਲ ਕੋਈ ਵੀ ਇੱਛਾ ਲੈ ਕੇ ਆਵੇ, ਸਤਿਗੁਰੂ ਜੀ ਉਸ ਨੂੰ ਪੂਰਾ ਕਰ ਦਿੰਦੇ ਹਨ।

**ਗੁਰ ਦਾਤਾ ਹਰਿ ਨਾਮੁ ਦੇਇ**
**ਉਧਰੈ ਸਭੁ ਸੰਸਾਰੁ॥**

ਸਤਿਗੁਰੂ ਜੀ ਹਰਿ=ਪਰਮੇਸ਼ਰ ਦੇ ਅੰਮ੍ਰਿਤ ਨਾਮ ਦੇ ਦਾਤੇ ਹਨ। ਆਪਣੇ ਪਿਆਰਿਆਂ ਨੂੰ ਹਰੀ ਪ੍ਰਮੇਸ਼ਰ ਦਾ ਨਾਮ ਬਖਸ਼ ਦਿੰਦੇ ਹਨ। ਨਾਮ ਦੇ ਪ੍ਰਤਾਪ ਕਰਕੇ ਵਾ: ਗੁਰੂ ਦੀ ਸ਼ਰਣ ਪੈਣ ਕਰਕੇ ਸਾਰੇ ਸੰਸਾਰ ਦਾ ਉਧਾਰ ਹੁੰਦਾ ਹੈ ਵਾ: ਸਾਰੇ ਜੀਵ ਸੰਸਾਰ ਸਮੁੰਦਰ ਤੋਂ ਉਧਰੈ=ਤਰ ਜਾਂਦੇ ਹਨ।

**ਗੁਰੁ ਸਮਰਥੁ ਗੁਰੁ ਨਿਰੰਕਾਰੁ**
**ਗੁਰੁ ਊਚਾ ਅਗਮ ਅਪਾਰੁ॥**

ਗੁਰੂ ਸਾਹਿਬ ਜੀ ਸਰਬ ਕਲਾ ਸਮਰੱਥ ਹਨ। ਗੁਰੁ ਨਿਰੰਕਾਰੁ=ਅਕਥ ਤੋਂ ਰਹਿਤ ਪਰਮੇਸ਼ਰ ਦਾ ਸਰੂਪ ਹਨ। ਗੁਰੁ ਊਚਾ=ਗੁਰੂ ਸਾਹਿਬ ਜੀ ਸਾਰਿਆਂ ਤੋਂ ਉੱਚੇ ਹਨ। ਈਸ਼ਰ ਦੇ ਮਾਇਆ ਕਰਕੇ ਤਿੰਨ ਨਾਮ ਪਏ ਹਨ-ਹਿਰਨ ਗਰਭ, ਵੈਰਾਟ, ਅਭਿਆਕਿਰਤ। ਸਤਿਗੁਰੂ ਜੀ ਨਿਰੰਕਾਰ ਰੂਪ ਹੋਣ ਕਰਕੇ ਈਸ਼ਰ ਤੋਂ ਵੀ ਉੱਚੇ ਹਨ ਭਾਵ ਉੱਚਿਆਂ ਤੋਂ ਉੱਚੇ ਹਨ। ਅਗਮ=ਮਨ ਦੇ ਸੰਕਲਪਾਂ ਦੀ ਪਹੁੰਚ ਤੋਂ ਪਰ੍ਹੇ ਹਨ। ਅਪਾਰੁ=ਪ੍ਰਕਿਰਤੀ ਦੇ ਪਾਰਾਵਾਰ ਤੋਂ ਰਹਿਤ ਹਨ।

**ਗੁਰ ਕੀ ਮਹਿਮਾ ਅਗਮ ਹੈ**
**ਕਿਆ ਕਥੇ ਕਥਨਹਾਰੁ॥**

ਸਤਿਗੁਰਾਂ ਦੀ ਮਹਿਮਾ=ਵਡਿਆਈ ਵੀ ਮਨ ਬਾਣੀ ਦੀ ਗਮਤਾ ਤੋਂ ਪਰ੍ਹੇ ਹੈ। ਕੋਈ ਕਥਨ ਕਰਨ ਵਾਲਾ ਸਤਿਗੁਰਾਂ ਦੀ ਮਹਿਮਾ ਨੂੰ ਕੀ ਕਥਨ ਕਰ ਸਕਦਾ ਹੈ, ਉਹ ਅਕੱਥ ਹੈ। ਸਾਰਿਆਂ ਨੂੰ ਬੇਅੰਤ-ਬੇਅੰਤ ਕਹਿ ਕੇ ਸੀਸ ਹੀ ਝੁਕਾਉਣਾ ਪੈਂਦਾ ਹੈ।

**ਜਿਤੜੇ ਫਲਿ ਮਨਿ ਬਾਛੀਅਹਿ**
**ਤਿਤੜੇ ਸਤਿਗੁਰ ਪਾਸਿ॥**

ਹੇ ਭਾਈ! ਜਿਤੜੇ=ਜਿੰਨੇ ਵੀ ਧਰਮ, ਅਰਥ, ਕਾਮ, ਮੋਖ ਆਦਿ ਫਲਾਂ ਦੀ ਮਨ ਵਿਚ ਬਾਛੀਅਹਿ=ਇੱਛਾ ਕਰੀਏ, ਤਿਤੜੇ=ਉਤਨੇ ਹੀ ਸਤਿਗੁਰੂ ਪਾਸੋਂ ਪ੍ਰਾਪਤ ਹੋ ਜਾਂਦੇ ਹਨ। ਸਤਿਗੁਰੂ ਸਭ ਪਦਾਰਥਾਂ ਦੇ ਦਾਤੇ ਹਨ।

**ਪੂਰਬਿ ਲਿਖੇ ਪਾਵਣੇ**
**ਸਾਚੁ ਨਾਮੁ ਦੇ ਰਾਸਿ॥**

ਪਰ ਪੂਰਬਲੇ ਨਿਸ਼ਕਾਮ ਕਰਮਾਂ ਦੇ ਲੇਖ ਮੱਥੇ 'ਤੇ ਲਿਖੇ ਹੋਣ ਕਰਕੇ ਹੀ ਸਤਿਗੁਰੂ ਜੀ ਪ੍ਰਾਪਤ ਹੁੰਦੇ ਹਨ। ਫਿਰ ਆਪਣੀ ਸ਼ਰਨ ਆਉਣ ਵਾਲੇ ਵੱਡੇ ਭਾਗਾਂ ਵਾਲਿਆਂ ਨੂੰ ਸਤਿਗੁਰੂ ਜੀ ਸਾਚੁ=ਸੱਚੇ ਨਾਮ ਦੀ ਰਾਸਿ=ਪੂੰਜੀ ਬਖਸ਼ ਦੇ=ਦਿੰਦੇ ਹਨ ਅਥਵਾ ਜਿਸ ਗੁਰੂ ਦੇ ਸਿੱਖ ਕੋਲ ਸ਼ਰਧਾ ਰੂਪੀ ਰਾਸਿ=ਪੂੰਜੀ ਹੈ, ਉਸ ਨੂੰ ਸੱਚੇ ਨਾਮ ਦੀ ਦਾਤ ਬਖਸ਼ਦੇ ਹਨ।

**ਸਤਿਗੁਰ ਸਰਣੀ ਆਇਆਂ**
**ਬਾਹੁੜਿ ਨਹੀ ਬਿਨਾਸੁ॥**

ਜੋ ਸਤਿਗੁਰੂ ਜੀ ਦੀ ਸ਼ਰਣ ਵਿਚ ਆ ਜਾਂਦੇ ਹਨ, ਉਹਨਾਂ ਦਾ ਬਾਹੁੜਿ=ਫਿਰ ਮੁੜ ਕੇ ਬਿਨਾਸੁ=ਨਾਸ਼ ਨਹੀਂ ਹੁੰਦਾ ਭਾਵ ਜੰਮਣ ਮਾਰਨ ਤੋਂ ਰਹਿਤ ਹੋ ਕੇ ਅਬਿਨਾਸ਼ੀ ਦਾ ਰੂਪ ਹੋ ਜਾਂਦੇ ਹਨ।

**ਹਰਿ ਨਾਨਕ ਕਦੇ ਨ ਵਿਸਰਉ**
**ਏਹੁ ਜੀਉ ਪਿੰਡੁ ਤੇਰਾ ਸਾਸੁ॥੪॥੨੯॥੯੯॥**

ਸਤਿਗੁਰੂ ਜੀ ਦੇ ਅੱਗੇ ਇਉਂ ਬੇਨਤੀ ਕਰਦੇ ਹਨ ਕਿ ਹੇ ਸੱਚੇ ਪਾਤਸ਼ਾਹ! ਐਸੀ ਕਿਰਪਾ ਕਰੋ ਕਿ ਸਾਡੇ ਤਾਈਂ ਕਦੇ ਵੀ ਹਰਿ=ਪਰਮੇਸ਼ਰ ਅਕਾਲ ਪੁਰਖ ਦਾ ਨਾਮ ਨਾ ਵਿਸਰਉ=ਭੁੱਲੇ। ਇਹ ਜਿਹੜਾ ਜੀਉ=ਸੂਖਮ, ਸਰੀਰ, ਪਿੰਡੁ=ਅਸਥੂਲ ਸਰੀਰ ਹੈ ਅਤੇ ਇਸ ਸਰੀਰ ਵਿਚ ਜੋ ਸਾਸੁ=ਸੁਆਸ ਹਨ, ਸਭ ਕੁਝ ਤੇਰਾ=ਤੁਹਾਡਾ ਹੀ ਦਿਤਾ ਹੋਇਆ ਹੈ।

*'ਚਲਦਾ.................॥'*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-47)*

## 5. ਮਾਤਾ ਖੀਵੀ ਜੀ

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਜਿਥੇ ਅਕਾਲ ਪੁਰਖ ਵਾਹਿਗੁਰੂ ਜੀ ਦੀ ਬੇਅੰਤ ਸਿਫਤ ਸਾਲਾਹ ਦਾ ਭੰਡਾਰ ਹੈ, ਉਥੇ ਦੂਜੀ ਸਿਫਤ ਪੂਰੇ ਗੁਰੂ ਦੀ ਹੈ ਤੇ ਪ੍ਰਭੂ ਪਿਆਰਿਆਂ ਸੰਤਾਂ-ਭਗਤਾਂ ਦੀ। ਭਾਈ ਬਲਵੰਡਿ ਜੀ ਦੀ ਵਾਰ ਵਿਚ ਜਿਥੇ ਦੂਜੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਸਤਤਿ ਕੀਤੀ ਹੈ, ਉਥੇ ਉਨ੍ਹਾਂ ਦੀ ਨੇਕ ਸੁਪਤਨੀ ਅਤੀ ਸਤਿਕਾਰਯੋਗ ਮਾਤਾ ਖੀਵੀ ਜੀ ਦੀ ਸਿਫਤ ਕਰਦਿਆਂ ਹੋਇਆਂ ਇਸ ਪ੍ਰਕਾਰ ਫੁਰਮਾਨ ਕੀਤਾ ਹੈ -

*ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ ॥*
*ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥*
*ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥*
*ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ ॥*
*ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ ॥*
*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥*
*ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥*
*ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥ ੩ ॥*
*ਅੰਗ-੯੬੭*

ਸਤਿਗੁਰ ਅੰਗਦ ਦੇਵ ਜੀ ਜੋ ਬਚਨ ਬੋਲਦੇ ਹਨ, ਵਾਹਿਗੁਰੂ ਜੀ ਉਵੇਂ ਕਰ ਦਿੰਦੇ ਹਨ, ਉਹ ਸ'ਚ ਹੋ ਜਾਂਦੇ ਹਨ। ਗੁਰੂ ਜੀ ਦੀ ਵਡਿਆਈ ਦੀ ਸੋਭਾ ਸਾਰੇ ਸੰਸਾਰ ਵਿਚ ਫੈਲ ਗਈ। ਗੁਰੂ ਅੰਗਦ ਦੇਵ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਨੇ ਆਪਣਾ ਸਰੀਰ ਬਦਲਿਆ ਹੈ ਪਰ ਜੋਤਿ ਓਹੀ ਹੈ। ਉਸੇ ਤਰ੍ਹਾਂ ਨਾਲ ਸੰਗਤ ਗੁਰੂ ਜੀ ਦੇ ਦਰ ਤੇ ਆ ਕੇ ਸੇਵਾ ਕਰਕੇ ਆਤਮਾ ਪਵਿਤ੍ਰ ਕਰ ਰਹੀ ਹੈ। ਗੁਰੂ ਅੰਗਦ ਸਾਹਿਬ ਨੇ ਸ'ਚੇ ਨਾਮ ਦੀ ਬਰਕਤ ਨਾਲ ਵੱਡਾ ਮਰਤਬਾ ਪ੍ਰਾਪਤ ਕੀਤਾ ਹੈ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਵੀ ਗੁਰੂ ਪਤੀ ਵਾਂਗ ਬਹੁਤ ਨੇਕ ਹਨ ਜਿਨ੍ਹਾਂ ਦੇ ਪਿਆਰ ਦੀ ਸੰਘਣੀ ਛਾਂ ਹੇਠ ਬੈਠ ਕੇ ਹਿਰਦੇ ਵਿਚ ਸ਼ਾਂਤੀ ਤੇ ਠੰਡਕ ਮਿਲਦੀ ਹੈ। ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਤਿਸੰਗ ਰੂਪੀ ਲੰਗਰ ਵਿਚ ਆਤਮਿਕ ਰਸ ਦੇਣ ਵਾਲੇ ਨਾਮ ਦੀ ਦੌਲਤ ਵੰਡੀ ਜਾ ਰਹੀ ਹੈ, ਉਸੇ ਤਰ੍ਹਾਂ ਗੁਰੂ ਕੇ ਲੰਗਰ ਵਿਚ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਸਭ ਨੂੰ ਘਿਓ ਵਾਲੀ ਖੀਰ ਵੰਡੀ ਜਾ ਰਹੀ ਹੈ। ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਗੁਰਸਿਖਾਂ ਦੇ ਮੁ'ਖ ਉਜਲੇ ਹੋ ਰਹੇ ਹਨ ਪਰੰਤੂ ਮਨਮੁਖਾਂ ਦੇ ਮੂੰਹ ਈਰਖਾ ਵਸ ਹੋ ਕੇ ਪੀਲੇ ਪੈ ਰਹੇ ਹਨ। ਮਾਤਾ ਖੀਵੀ ਜੀ ਦੇ ਪਤੀ ਗੁਰੂ ਅੰਗਦ ਦੇਵ ਜੀ ਨੇ ਸਾਰੀ ਧਰਤੀ ਦਾ ਭਾਰ ਚੁੱਕਣ ਕਰਕੇ ਭਾਵ ਗੁਰੂ ਨਾਨਕ ਸਾਹਿਬ ਜੀ ਦੀ ਪ੍ਰਸੰਨਤਾ ਪ੍ਰਾਪਤ ਕਰਕੇ ਕਲਜੁਗੀ ਜੀਵਾਂ ਦੇ ਉਧਾਰ ਹਿਤ ਮਰਦਾਂ ਵਾਲੀ ਘਾਲਣਾ ਘਾਲੀ ਹੈ। ਇਸ ਕਰਕੇ ਮਾਤਾ ਜੀ ਵੀ ਪਤੀ ਦੇ ਦਰ ਤੇ ਕਬੂਲ ਹੋਏ ਹਨ।

ਮਾਤਾ ਖੀਵੀ ਜੀ ਦਾ ਜਨਮ 1506 ਈਸਵੀ ਵਿਚ ਖਡੂਰ ਸਾਹਿਬ ਦੇ ਲਾਗੇ ਪਿੰਡ ਸੰਘਰ ਵਿਖੇ ਦੇਵੀ ਚੰਦ ਜੀ ਦੇ ਗ੍ਰਿਹ ਵਿਖੇ ਮਾਤਾ ਕਰਨ ਦੇਵੀ ਜੀ ਦੀ ਕੁਖੋਂ ਹੋਇਆ। ਆਪ ਜੀ ਦੀ ਸ਼ਾਦੀ ਬਾਬਾ ਫੇਰੂ ਮੱਲ ਜੀ ਦੇ ਸਪੁੱਤਰ ਭਾਈ ਲਹਿਣਾ ਜੀ ਨਾਲ ਸੰਨ 1519 ਵਿਚ ਹੋਈ। ਬਾਬਾ ਫੇਰੂ ਮੱਲ ਜੀ ਪਹਾੜਾਂ ਵਾਲੀ ਦੇਵੀ ਦੇ ਭਗਤ ਸਨ ਤੇ ਹਰ ਸਾਲ ਸੰਗ ਲੈ ਕੇ ਦਰਸ਼ਨਾਂ ਨੂੰ ਜਾਇਆ ਕਰਦੇ ਸਨ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਦ ਬਾਬਾ ਲਹਿਣਾ ਜੀ ਨੇ ਵੀ ਇਸ ਪਰੰਪਰਾ ਨੂੰ ਉਸੇ ਤਰ੍ਹਾਂ ਨਿਭਾਇਆ। ਇਹ ਵੀ ਸੰਗ ਲੈ ਕੇ ਦੇਵੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਇਕ ਦਿਨ ਭਾਈ ਜੋਧ ਜੀ ਤੋਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਬਾਣੀ ਸਰਵਣ ਕਰਕੇ ਦਰਸ਼ਨਾਂ ਦੀ ਪ੍ਰਬਲ ਤਾਂਘ ਪੈਦਾ ਹੋਈ ਤੇ ਸੰਗ ਨੂੰ ਛੱਡ ਕੇ ਕਰਤਾਰ ਪੁਰ ਦਾ ਰੁਖ ਕਰ ਲਿਆ। ਜਗਤ ਗੁਰੂ ਨਾਨਕ ਜੀ ਦੇ ਦਰਸ਼ਨਾਂ ਦਾ ਐਸਾ ਝਲਕਾਰਾ ਵਜਿਆ ਕਿ ਆਪ ਜੀ ਸਦਾ ਵਾਸਤੇ ਉਨ੍ਹਾਂ ਦੇ ਹੀ ਬਣ ਗਏ ਤੇ ਉਥੇ ਹੀ ਸੇਵਾ ਵਿਚ ਰਹਿਣ ਦਾ ਨਿਸਚਾ ਬਣਾ ਲਿਆ। ਇਹ ਸ਼ੁਭ ਸੰਜੋਗ ਪੂਰਬਲੇ ਸ਼ੁਭ ਕਰਮਾਂ ਕਰਕੇ 1532 ਵਿਚ ਪ੍ਰਗਟ ਹੋਇਆ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਮਾਤਾ ਖੀਵੀ ਜੀ ਦੇ ਮਾਤਾ ਪਿਤਾ ਵੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ। ਇਸ ਲਈ ਸੁਭਾਵਿਕ ਤੌਰ ਤੇ ਧਾਰਮਿਕ ਜੀਵਨ ਦਾ ਪ੍ਰਭਾਵ ਪੈਣਾ ਕੁਦਰਤੀ ਸੀ। ਇਸ ਤਰ੍ਹਾਂ ਨਾਲ ਬਾਲ ਅਵਸਥਾ ਵਿਚ ਹੀ ਬੀਬੀ ਖੀਵੀ ਨੇ ਸਤ, ਸੰਤੋਖ ਅਤੇ ਸੰਜਮ ਦੇ ਸ਼ੁਭ ਗੁਣ ਗ੍ਰਹਿਣ ਕਰ ਲਏ ਸਨ। ਦੁਕਾਨ ਉਤੇ ਆਪਣੇ ਪਿਤਾ ਨਾਲ ਕੰਮ ਵਿਚ ਹੱਥ ਵਟਾਂਦੇ ਅਤੇ ਘਰ ਪਰਿਵਾਰ ਵਿਚ ਮਾਤਾ ਜੀ

ਨਾਲ ਰਸੋਈ ਵਿਚ ਲੰਗਰ ਆਦਿ ਤਿਆਰ ਕਰਨ ਦਾ, ਬਰਤਨ ਸਾਫ ਕਰਨੇ, ਘਰ ਦੀ ਸਾਫ-ਸਫਾਈ ਦੀ ਮਦਦ ਕਰਦੇ ਰਹਿੰਦੇ ਸਨ। ਖਡੂਰ ਨਿਵਾਸੀ ਮਾਤਾ ਵਿਰਾਈ ਜੀ ਜੋ ਰਿਸ਼ਤੇ ਵਿਚ ਆਪ ਜੀ ਦੇ ਭੂਆ ਜੀ ਲਗਦੇ ਸਨ। ਉਨ੍ਹਾਂ ਦੀ ਦਸ ਪੈਣ ਤੇ ਹੀ ਆਪ ਜੀ ਦਾ ਵਿਆਹ ਬਾਬਾ ਲਹਿਣਾ ਜੀ ਨਾਲ ਨੀਯਤ ਹੋਇਆ ਸੀ। ਦੋਵੇਂ ਪ੍ਰਵਾਰਾਂ ਦੀ ਧਾਰਮਿਕ ਅਤੇ ਸਮਾਜਿਕ ਸਾਂਝ ਕਰਕੇ ਭਾਈ ਲਹਿਣਾ ਜੀ ਤੇ ਬੀਬੀ ਖੀਵੀ ਜੀ ਦੀ ਜੋੜੀ ਇਕਸੁਰਤਾ ਹੋਣ ਕਰਕੇ ਆਦਰਸ਼ਿਕ ਧਨ-ਪਿਰ ਦੇ ਰੂਪ ਮੰਨੇ ਗਏ।

*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥*

*ਅੰਗ- ੭੮੮*

ਜਦੋਂ ਬਾਬਾ ਲਹਿਣਾ ਜੀ ਨੇ ਕਰਤਾਰ ਪੁਰ ਵਿਖੇ ਸਤਿਗੁਰ ਨਾਨਕ ਦੇਵ ਜੀ ਦੀ ਸੇਵਾ ਵਿਚ ਰਹਿਣ ਦਾ ਮਨ ਬਣਾਇਆ, ਉਸ ਵੇਲੇ ਆਪ ਦੇ ਗ੍ਰਹਿ ਵਿਖੇ ਬਾਬਾ ਦਾਤੂ ਜੀ ਤੇ ਬੀਬੀ ਅਮਰੋ, ਦੋ ਬੱਚਿਆਂ ਦਾ ਪ੍ਰਵੇਸ਼ ਹੋ ਚੁੱਕਾ ਸੀ। ਜਦੋਂ ਉਹ ਸੰਗ ਦੇਵੀ ਦੇ ਦਰਸ਼ਨਾਂ ਤੋਂ ਵਾਪਿਸ ਆਇਆ ਤਾਂ ਆ ਕੇ ਮਾਤਾ ਖੀਵੀ ਜੀ ਨੂੰ ਦੱਸਿਆ ਕਿ ਤੇਰਾ ਪਤੀ ਤਾਂ ਕਰਤਾਰ ਪੁਰ ਵਾਲੇ ਤਪੇ ਦਾ ਹੀ ਬਣ ਕੇ ਉਥੇ ਹੀ ਚਲਾ ਗਿਆ ਹੈ। "ਉਥੇ ਤਪੇ ਦੇ ਦੁਆਰੇ ਹੀ ਧੂਣੀ ਤਪਾ ਲਈ ਸੂ," ਹੁਣ ਤੇਰਾ ਕੀ ਬਣੇਗਾ? ਜਿਸ ਤਰ੍ਹਾਂ ਨਾਲ ਸੰਸਾਰੀ ਲੋਕਾਂ ਦਾ ਸੁਭਾਅ ਹੁੰਦਾ ਹੈ ਕਿ ਉਹ ਕਈ ਤਰ੍ਹਾਂ ਦੇ ਤਾਹਨੇ-ਚੋਭ੍ਹਾਂ ਮਾਰ-ਮਾਰ ਕੇ ਗੱਲਾਂ ਕਰਦੇ ਹਨ। ਮਾਤਾ ਜੀ ਬੜੇ ਅਡੋਲ ਰਹਿ ਕੇ ਬੜੇ ਠੰਡੇ ਹਿਰਦੇ ਨਾਲ ਇਸ ਤਰ੍ਹਾਂ ਜਵਾਬ ਦਿੰਦੇ ਹਨ, "ਜੇ ਉਹ ਗੋਦੜੀ ਪਾਏਗਾ ਤਾਂ ਲੀਰਾਂ ਹੰਡਾਸਾਂ, ਜਿਸ ਹਾਲ ਰ'ਖੇਗਾ, ਉਸ ਹਾਲ ਹੀ ਰਵ੍ਹਾਂਗੀ"। ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਹਿਣਾ ਜੀ ਦਾ ਦ੍ਰਿੜ ਇਰਾਦਾ ਦੇਖ ਲਿਆ, ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ ਤਾਂ ਕਿਹਾ ਕਿ ਹੁਣ ਜਾ ਕੇ ਘਰ ਦੀ ਸੁਧ ਲਵੋ ਤੇ ਉਨ੍ਹਾਂ ਨੂੰ ਆਪਣਾ ਮਨੋਰਥ ਦੱਸ ਕੇ ਆ ਜਾਇਓ-

*ਤੀਨ ਬਰਖ ਜਬਿ ਇਸ ਬਿਧਿ ਬੀਤੀ।*
*ਲਹਿਨਾ ਸੇਵ ਕਰੇ ਯੁਤ ਪ੍ਰੀਤੀ।*
*ਪੁਨ ਨਿਕੇਤ ਸੁਧ ਲੇਨੇ ਕਾਰਨ।*
*ਅਇਸ ਦੀਨੀ ਦੰਭ ਬਿਦਾਰਨ।*

*(ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ)*

ਜਿਸ ਵੇਲੇ ਆਪ ਜੀ ਨੇ ਦੇਖ ਲਿਆ ਕਿ ਪਤੀ ਪ੍ਰਮੇਸ਼ਰ ਜੀ ਦਾ ਮਨ ਘਰ ਦੇ ਕੰਮਾਂ ਵਿਚ ਨਹੀਂ ਲਗਦਾ ਤੇ ਦੁਕਾਨ ਦਾ ਕੰਮ ਵੀ ਕਿਸੇ ਨਜ਼ੀਕੀ ਰਿਸ਼ਤੇਦਾਰ ਨੂੰ ਸੌਂਪ ਦਿਤਾ। ਆਪ ਜੀ ਨੇ ਬੇਨਤੀ ਕੀਤੀ "ਆਪ ਬਾਹਰ ਨਾ ਜਾਓ ਘਰ ਵਿਚ ਰਹਿ ਕੇ ਜੋਗ ਕਮਾਓ, ਜਿਵੇਂ ਤੁਸੀਂ ਹੁਕਮ ਕਰੋਗੇ ਮੈਂ ਓਸੇ ਤਰ੍ਹਾਂ ਟੁਰਾਂਗੀ, ਤੁਹਾਡੇ ਤੱਪ ਵਿਚ ਰੋੜਾ ਨਾ ਅਟਕਾਸਾਂ"।

ਬਾਬਾ ਲਹਿਣਾ ਜੀ ਨੇ ਗੁਰੂ ਨਾਨਕ ਸਾਹਿਬ ਬਾਰੇ ਦਸਦਿਆਂ ਇੰਜ ਜਵਾਬ ਦਿਤਾ "ਜਿਸ ਪਾਸ ਮੈਂ ਚਲਿਆ ਹਾਂ, ਉਹ ਜੋਗੀ, ਜੰਗਮ, ਸਰੇਵੜਾ ਨਹੀਂ, ਉਸ ਨੇ ਗ੍ਰਿਹਸਤ ਵਿਚ ਉਦਾਸੀ ਦਾ ਰਾਹ ਦਿਖਾਇਆ ਹੈ, ਪ੍ਰੇਮ ਹੱਥ ਵਿਕਿਆ ਹਾਂ"। ਮਾਤਾ ਜੀ ਨੇ ਕੋਈ ਰੁਕਾਵਟ ਨਹੀਂ ਪਾਈ ਖਿੜੇ ਮੱਥੇ ਪਤੀ ਦੀ ਆਗਿਆ ਨੂੰ ਸਵੀਕਾਰ ਕੀਤਾ, ਛੋਟੇ ਬੱਚਿਆਂ ਦੀ ਪਾਲਣਾ ਸਮੇਤ ਘਰ ਦੀ ਸਾਰੀ ਜ਼ੁਮੇਵਾਰੀ ਆਪਣੇ ਸਿਰ ਤੇ ਚੁੱਕ ਲਈ ਜੋ ਕਿ ਆਪਣੇ ਆਪ ਵਿਚ ਬਹੁਤ ਵੱਡੀ ਕੁਰਬਾਨੀ ਸੀ ਐਸਾ ਸਿਦਕ ਦਿਖਾਇਆ ਕਿ ਪਤੀ ਨੂੰ ਖੁਸ਼ੀ ਖੁਸ਼ੀ ਵਿਦਾ ਕੀਤਾ ਤੇ ਨਿਸ਼ਾਨੀ ਵਜੋਂ ਪਤੀ ਦੀਆਂ ਖੜਾਵਾਂ ਦੀ ਮੰਗ ਕੀਤੀ ਜੋ ਕਿ ਉਨ੍ਹਾਂ ਦਾ ਲਹਿਣਾ ਜੀ ਪ੍ਰਤੀ ਪਤੀ ਭਗਤੀ, ਨਿਸ਼ਟਾ ਤੇ ਦ੍ਰਿੜਤਾ ਨੂੰ ਦਰਸਾਉਂਦਾ ਹੈ। ਸੰਨ 1532 ਤੋਂ 1539 ਤੱਕ ਪੂਰੇ ਸੱਤ ਸਾਲ ਜਿਥੇ ਬਾਬਾ ਲਹਿਣਾ ਜੀ ਨੇ ਸਮਰੱਥ ਸਤਿਗੁਰੂ ਜੀ ਦੀ ਸੇਵਾ ਕਰਕੇ ਪ੍ਰਸੰਨਤਾ ਲਈ ਅਤੇ ਹਰ ਕਸਵੱਟੀ ਚੋਂ ਪਾਸ ਹੋ ਕੇ ਲਹਿਣਾ ਜੀ ਤੋਂ ਗੁਰੂ ਅੰਗਦ ਬਣੇ, ਉਥੇ ਮਾਤਾ ਖੀਵੀ ਜੀ ਨੇ ਵੀ ਘਰ ਵਿਚ ਰਹਿ ਕੇ ਸਾਰੀ ਜ਼ੁਮੇਵਾਰੀ ਨਿਭਾਉਂਦਿਆਂ, ਪਰਵਾਰ ਦੀ ਸੇਵਾ ਕਰਦਿਆਂ, ਭਗਤੀ-ਭਾਵ ਵਿਚ ਲੀਨ ਰਹਿ ਕੇ ਬੜੇ ਧੀਰਜ ਤੇ ਠਰੰਮੇ ਨਾਲ ਸਮਾਂ ਸਫਲ ਕੀਤਾ। ਹੁਣ ਵਾਹਿਗੁਰੂ ਜੀ ਦਾ ਕੀ ਕ੍ਰਿਸ਼ਮਾ ਹੋਇਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ, ਬਾਬਾ ਲਹਿਣਾ ਜੀ ਵਿਚ ਪ੍ਰਵੇਸ਼ ਹੋ ਗਈ ਤੇ ਆਪ ਜੀ ਗੁਰੂ ਅੰਗਦ ਦੇਵ ਦੇ ਰੂਪ ਵਿਚ ਪ੍ਰਗਟ ਹੋ ਗਏ।

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥*
*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥*
*ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥*

*ਅੰਗ - ੯੬੬*

ਕਿਉਂਕਿ ਸਤਿਗੁਰੂ ਜੀ ਨੂੰ ਪਤਾ ਸੀ ਕਿ ਜੇ ਇਹ ਗੁਰ ਅੰਗਦ ਦੇ ਰੂਪ ਵਿਚ ਇਥੇ ਵਸਣਗੇ ਤਾਂ ਬਾਬਾ ਸਿਰੀ ਚੰਦ, ਬਾਬਾ ਲਖਮੀ ਚੰਦ ਗੁਰਗੱਦੀ ਦਾ ਹੱਕ ਜਿਤਾਉਣ ਵਾਸਤੇ ਬਖੇੜਾ ਕਰਨਗੇ। ਇਸ ਕਰਕੇ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਹੁਣ ਤੁਸੀਂ ਕਰਤਾਰ ਪੁਰ ਛੱਡ ਕੇ ਖਡੂਰ ਨੂੰ ਵਸਾਓ, ਉਥੇ ਰਹਿ ਕੇ ਸੰਗਤਾਂ ਨੂੰ ਨਾਮ ਦਾ ਉਪਦੇਸ਼ ਦੇ ਕੇ ਉਧਾਰ ਕਰੋ। ਖਡੂਰ ਤਾਂ ਭਾਵੇਂ ਪਹਿਲਾਂ ਵੀ ਵਸਦਾ ਸੀ ਪਰ ਪਹਿਲਾਂ ਉਥੇ ਸੱਚ ਨਾਲ ਜੋੜਨ ਵਾਲਾ ਕੋਈ ਨਹੀਂ ਸੀ। ਸੰਸਾਰ ਵਿਚ ਪ੍ਰਭੂ ਨਾਲੋਂ ਤੋੜਨ ਵਾਲੇ ਬਥੇਰੇ ਹਨ ਪਰ ਜੋੜਨ ਵਾਲਾ ਵਿਰਲਾ ਹੁੰਦਾ ਹੈ। ਜਿਥੇ ਕੋਈ ਪ੍ਰਭੂ ਦਾ ਪਿਆਰਾ ਨਾਮ ਨਾਲ ਜੁੜਿਆ ਹੋਇਆ ਨਾ ਹੋਵੇ, ਉਹ ਨਗਰ ਭਾਵੇਂ ਘੁੱਗ ਵਸਦਾ ਹੋਵੇ ਤਾਂ ਉਹ ਉਜਾੜ ਵਰਗਾ ਹੀ ਹੁੰਦਾ ਹੈ।

*ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ*
*ਸੇਈ ਨਗਰ ਉਜਾੜੀ ਜੀਉ ॥ ੧ ॥* *ਅੰਗ- ੧੦੫*

*ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥*

*ਅੰਗ- ੧੩੯੫*

*ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ ॥*
*ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥*

*ਅੰਗ - ੯੬੭*

ਸਤਿਗੁਰ ਨਾਨਕ ਦੇਵ ਜੀ ਵਾਂਗ ਸਤਸੰਗਤ ਤੇ ਜਪ-ਤਪ-ਸੇਵਾ ਦਾ ਪ੍ਰਵਾਹ ਨਿਰੰਤਰ ਚਲ ਪਿਆ। ਸੰਗਤਾਂ ਵਹੀਰਾਂ ਘਤ ਕੇ ਦਰਸ਼ਨਾਂ ਨੂੰ ਆਉਣ ਲ'ਗੀਆਂ ਤੇ 'ਨਾਮ' ਦੀ ਦਾਤ ਪ੍ਰਾਪਤ ਕਰਕੇ ਪ੍ਰਭੂ ਚਰਨਾਂ ਨਾਲ ਜੁੜ ਰਹੀਆਂ ਸਨ। ਜਿਥੇ ਅਕਾਲ ਪੁਰਖ ਦੀ ਬਖਸ਼ੀ ਦਾਤ 'ਗੁਰ-ਸ਼ਬਦ' ਲੰਗਰ ਗੁਰੂ ਜੀ ਵੱਲੋਂ ਆਤਮਿਕ ਰਸ ਦੇਣ ਲਈ ਖੁਲ੍ਹਾ ਵਰਤਾਇਆ ਜਾ ਰਿਹਾ ਹੈ, ਉਥੇ ਸੰਗਤਾਂ ਲਈ ਗੁਰੂ ਕੇ ਲੰਗਰ ਵਿਚ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਘਿਓ ਵਾਲੀ ਖੀਰ ਤੇ ਹੋਰ ਪਦਾਰਥ ਵੀ ਵਰਤਾਏ ਜਾ ਰਹੇ ਹਨ -

*ਲੰਗਰੁ ਚਲੈ ਗੁਰ ਸਬਦਿ*
*ਹਰਿ ਤੋਟਿ ਨ ਆਵੀ ਖਟੀਐ ॥*
*ਖਰਚੇ ਦਿਤਿ ਖਸੰਮ ਦੀ*
*ਆਪ ਖਹਦੀ ਖੈਰਿ ਦਬਟੀਐ ॥* *ਅੰਗ- ੯੬੭*

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*

*ਅੰਗ - ੯੬੭*

ਮਾਤਾ ਖੀਵੀ ਜੀ ਵੀ ਆਪਣੇ ਪਤੀ ਵਾਂਗ ਨੇਕ ਹਨ ਜਿਨ੍ਹਾਂ ਦੇ ਪਾਸ ਬੈਠਿਆਂ ਸੰਗਤਾਂ ਨੂੰ ਨਿੱਘਾ ਪਿਆਰ ਮਿਲਦਾ ਹੈ, ਲੰਗਰ ਤਿਆਰ ਕਰਕੇ, ਵੰਡ ਕੇ ਸੰਗਤਾਂ ਦੀਆਂ ਅਸੀਸਾਂ ਪ੍ਰਾਪਤ ਕਰ ਰਹੇ ਹਨ। ਜਿਵੇਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਿਰ ਤੇ ਸਾਰੀ ਧਰਤੀ ਦਾ ਭਾਰ ਚੁੱਕ ਲਿਆ ਹੈ, ਉਸੇ ਤਰ੍ਹਾਂ ਮਾਤਾ ਖੀਵੀ ਜੀ ਨੇ ਵੀ ਪਤੀ ਜੀ ਦੇ ਨਾਲ ਸੇਵਾ ਵਿਚ ਤੱਤਪਰ ਹੋ ਕੇ ਮਰਦਾਂ ਵਾਲੀ ਘਾਲਣਾਂ ਦੁਆਰਾ ਪੂਰਾ ਸਾਥ ਦੇ ਕੇ ਪੂਰਨ ਤੌਰ ਤੇ ਗੁਰੂ ਨਾਨਕ ਦੇ ਦਰ ਉਤੇ ਪਰਵਾਨ ਚੜ੍ਹੇ ਹਨ। ਗੁਰ ਇਤਿਹਾਸ ਵਿਚ ਇਸ ਸਾਖੀ ਦਾ ਵਰਨਣ ਹੈ ਕਿ ਜਦੋਂ ਗੁਰੂ ਅੰਗਦ ਪਾਤਸ਼ਾਹ ਜੀ ਖਡੂਰ ਆਏ ਤਾਂ ਮਾਤਾ ਖੀਵੀ ਜੀ ਨੇ ਆਪਣੇ ਵਾਸਤੇ ਆਗਿਆ ਮੰਗੀ ਤਾਂ ਉਸ ਵੇਲੇ ਸਤਿਗੁਰੂ ਜੀ ਨੇ ਇਹ ਬਚਨ ਉਚਾਰਨ ਕੀਤੇ "ਜਦੋਂ ਮੇਰੇ ਦਾਤਾ ਨੇ ਸ਼ਬਦ-ਦਉਲਤ ਵੰਡਣ ਦੀ ਆਗਿਆ ਕੀਤੀ ਸੀ ਤਾਂ ਤੇਰੇ ਹਿੱਸੇ ਅੰਨ-ਦੇਗ ਦਾ ਕੜਛਾ ਆਇਆ ਸੀ, ਵਰਤਾ"। ਗਿਆਨੀ ਗਿਆਨ ਸਿੰਘ ਜੀ ਨੇ ਵੀ 'ਤਾਰੀਖ-ਏ-ਖਾਲਸਾ' ਵਿਚ ਇਸ ਤਰ੍ਹਾਂ ਨਾਲ ਜ਼ਿਕਰ ਕੀਤਾ ਹੈ "ਹਰ ਵੇਲੇ ਗੁਰੂ ਅੰਗਦ ਦੇਵ ਜੀ ਦੇ ਪਾਸ ਸਤਿਸੰਗ ਦਾ ਪਰਚਾ, ਲੰਗਰ ਦਾ ਖਰਚਾ ਤੇ ਹਰੀ ਦਾ ਚਰਚਾ ਬਣੇ ਰਹਿੰਦੇ"। ਮਾਤਾ ਜੀ ਅਮ੍ਰਿਤ ਵੇਲੇ ਉਠਦੇ, ਘਰ ਦੇ ਕੰਮ ਕਾਰ ਤੋਂ ਵਿਹਲੇ ਹੋ ਕੇ ਲੰਗਰ ਦੀ ਸੰਭਾਲ ਵਿਚ ਲਗ ਜਾਂਦੇ ਤੇ ਦਿਨੇ ਲੰਗਰ ਵਿਚ ਬੈਠ ਕੇ ਕੜ੍ਹਾਹ ਪ੍ਰਸ਼ਾਦਿ ਵਰਤਾਉਂਦੇ ਤੇ ਲੰਗਰ ਦੀ ਸੇਵਾ ਕਰਦੇ ਰਹਿੰਦੇ ਸਨ। ਆਪਣੇ ਹੱਥੀਂ ਬਰਤਨ ਮਾਂਜਦੇ ਤੇ ਪਰਸ਼ਾਦੇ ਤਿਆਰ ਕਰਿਆ ਕਰਦੇ ਸਨ। ਲੰਗਰ ਵਿਚ ਭਾਈ ਕੇਦਾਰਾ ਤੇ ਭਾਈ ਜੋਧ ਵੀ ਮਾਤਾ ਜੀ ਤੋਂ ਸਿਖਿਆ ਲੈ ਕੇ ਉਦਾਰਾਤਾ ਨਾਲ ਲੰਗਰ ਵਰਤਾਉਂਦੇ ਤੇ ਕਦੀ ਵੀ ਤੋਟ ਨਹੀਂ ਆਈ। ਲੰਗਰ ਗੁਰੂ ਨਾਨਕ ਜੀ ਦਾ ਹੈ "ਤੋਟ ਨ ਆਵੈ ਵਧਦੋ ਜਾਈ"। ਮਾਤਾ ਖੀਵੀ ਜੀ, ਗੁਰੂ ਅੰਗਦ ਦੇਵ ਜੀ ਨੂੰ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ ਕਰਦੇ ਸਨ। ਪ੍ਰਿ. ਸਤਬੀਰ ਸਿੰਘ ਜੀ ਅਨੁਸਾਰ ਐਸਾ ਵੀ ਇਤਿਹਾਸ ਵਿਚ ਜ਼ਿਕਰ ਹੈ "ਉਨ੍ਹਾਂ ਨੇ ਆਪਣੇ ਬੇਟੋਂ ਕੋ ਹੁਕਮ ਦੇ ਰੱਖਾ ਥਾ ਕਿ ਤੁਮ ਆਪਣੀ ਮੁਆਸ਼ ਦੁਕਾਨਦਾਰੀ ਯਾ ਕਾਸ਼ਤਕਾਰੀ ਸੇ ਹਾਸਲ ਕਰੋ, ਯੇਹ ਪੂਜਾ ਕਾ ਮਾਲ ਤੁਮ੍ਹਾਰੇ ਲੀਏ ਜ਼ਹਿਰੇ ਕਾਤਲ ਹੈ"। "ਗੁਰੂ ਜੀ ਆਪਣੀ ਮਿਹਨਤ ਦੀ ਕਮਾਈ ਨਾਲ ਅੱਠੀਂ ਪਹਿਰੀਂ ਜੌਂ ਦੀ ਅਨਚੋਪੜੀ ਰੋਟੀ ਖਾਇਆ ਕਰਦੇ ਸਨ। ਸੰਗਤ ਵੱਲੋਂ ਜੋ ਵੀ ਆਉਂਦਾ ਉਹ ਧਰਮ ਕਾਰਜਾਂ ਅਤੇ ਲੰਗਰ ਵਿਚ ਪਾ ਦਿਆ ਕਰਦੇ ਸਨ"।

ਮਾਤਾ ਜੀ ਦਾ ਮਿਠਾ ਪਿਆਰਾ ਸੁਭਾਅ ਸੰਗਤਾਂ ਲਈ ਪ੍ਰੇਰਨਾ ਦਾ ਸਰੋਤ ਸੀ। ਸੰਗਤਾਂ ਨੂੰ ਪਿਆਰ ਨਾਲ ਸਮਝਾਉਂਦੇ ਤੇ ਸਾਰੇ ਉਨ੍ਹਾਂ ਦਾ ਹੁਕਮ ਸਤਿਕਾਰ ਨਾਲ ਮੰਨ ਕੇ ਖੁਸ਼ੀ ਮਹਿਸੂਸ ਕਰਦੇ। ਕਈ ਵੇਰਾਂ ਐਸਾ ਵੀ ਹੁੰਦਾ ਜੇਕਰ ਪਰਿਵਾਰਾਂ ਵਿਚ ਘਰੇਲੂ ਅਣਬਣ ਦਾ ਮਸਲਾ ਹੁੰਦਾ ਤਾਂ ਮਾਤਾ ਜੀ ਦੋਵਾਂ ਧਿਰਾਂ ਨੂੰ ਗੁਰਮਤਿ ਅਨੁਸਾਰ ਸਮਝਾ ਕੇ ਨਜਿੱਠ ਦਿਆ ਕਰਦੇ ਸਨ। ਉਹ ਸੰਗਤ ਨੂੰ ਆਪਣੇ ਬੱਚਿਆਂ ਵਾਂਗ ਪਿਆਰ ਕਰਦੇ ਸਨ। ਉਹ ਆਪਣੀਆਂ ਬਹੁਪੱਖੀ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਇਆ ਕਰਦੇ ਸਨ। ਰੂਹਾਨੀ ਪਿਆਰ ਨਾਲ ਰੰਗੇ ਹੋਣ ਕਰਕੇ ਆਪ ਸੰਗਤ ਵਿਚ ਹਰਮਨ ਪਿਆਰੇ ਹੋ ਗਏ ਜਿਸ ਕਰਕੇ ਹਰ ਕੋਈ ਗੁਰੂ ਘਰ ਦੀ ਸੇਵਾ ਹਿਤ ਅਤੇ ਸਤਸੰਗਤ ਵਿਚ ਹਾਜ਼ਰੀ ਭਰਨ ਲਈ ਆਪ-ਮੁਹਾਰੇ ਖਿਚਿਆ ਆਉਂਦਾ ਸੀ। ਇਸੇ ਲਈ ਮਾਤਾ ਜੀ ਬਾਰੇ ਐਸੇ ਪ੍ਰੇਰਨਾ-ਦਾਇਕ ਬਚਨ ਗੁਰਬਾਣੀ ਅੰਦਰ ਫੁਰਮਾਨ ਕੀਤੇ ਗਏ ਹਨ -

*ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥*
*ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥*

*ਅੰਗ - ੯੬੭*

ਲੰਗਰ ਦੇ ਬਾਰੇ ਮਹਿਮਾ ਪ੍ਰਕਾਸ਼ ਵਿਚ ਇਸ ਤਰ੍ਹਾਂ ਨਾਲ ਅੰਕਿਤ ਹੈ:

"ਸ੍ਰੀ ਗੁਰੂ ਅੰਗਦ ਦੇਵ ਜੀ ਜਿਥੇ ਆਪਣੇ ਪ੍ਰਵਚਨਾਂ ਦੁਆਰਾ ਗੁਰੂ ਦਰਬਾਰ ਵਿਚ ਆਉਣ ਵਾਲੇ ਜਗਿਆਸੂਆਂ ਨੂੰ ਆਤਮਿਕ ਗਿਆਨ ਦੇ ਭੋਜਨ ਦੁਆਰਾ ਤ੍ਰਿਪਤ ਕਰਕੇ ਉਨ੍ਹਾਂ ਦੇ ਮਨਾਂ ਦੀ ਭਟਕਣਾ ਦੂਰ ਕਰਦੇ ਸਨ, ਉਥੇ ਮਾਤਾ ਖੀਵੀ ਜੀ ਆਉਣ ਵਾਲੀਆਂ ਸੰਗਤਾਂ ਵਾਸਤੇ ਲੰਗਰ

ਦੇ ਪ੍ਰਬੰਧ ਦੀ ਜ਼ਿੰਮੇਵਾਰੀ ਨੂੰ ਵੀ ਸੰਭਾਲਦੇ ਸਨ"।

ਆਪ ਦੀ ਪੁਤਰੀ ਬੀਬੀ ਅਮਰੋ ਜੀ, ਜੋ ਨਗਰ ਬਾਸਰਕੇ ਵਿਖੇ ਵਿਆਹੀ ਹੋਈ ਸੀ, ਉਸ ਤੇ ਵੀ ਮਾਤਾ ਖੀਵੀ ਜੀ ਦੇ ਸੁਭਾਅ ਦਾ ਗੂੜ੍ਹਾ ਅਸਰ ਹੋਣ ਕਰਕੇ ਉਹ ਨਾਮ-ਬਾਣੀ ਦੇ ਪਿਆਰ ਵਿਚ ਰੰਗੀ ਹੋਈ ਸੀ। ਜਦੋਂ ਬਾਬਾ ਅਮਰ ਦਾਸ ਜੀ ਨੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਗੁਰਬਾਣੀ ਸੁਣੀ ਤਾਂ ਹਿਰਦਾ ਐਸਾ ਵਿੰਨਿਆ ਗਿਆ ਕਿ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਲਈ ਬਿਹਬਲ ਹੋ ਗਏ ਤੇ ਸੇਵਾ ਕਰਕੇ ਐਸੀ ਘਾਲ ਕਮਾਈ ਕੀਤੀ ਕਿ ਗੁਰੂ ਅਮਰ ਦਾਸ ਜੀ ਬਣ ਗਏ। ਜਿਸ ਬਾਰੇ ਫੁਰਮਾਨ ਹੈ।

*ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥*
*ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥* *ਅੰਗ- ੯੬੭*

*ਭਲੇ ਅਮਰਦਾਸ ਗੁਣ ਤੇਰੇ*
*ਤੇਰੀ ਉਪਮਾ ਤੋਹਿ ਬਨਿ ਆਵੈ ॥* *ਅੰਗ- ੧੩੯੬*

ਜਦੋਂ ਮਾਤਾ ਖੀਵੀ ਜੀ ਨੂੰ ਆਪਣੇ ਪੁੱਤਰਾਂ ਦਾਸੂ ਤੇ ਦਾਤੂ ਦੀ ਖਬਰ ਮਿਲੀ ਕਿ ਲੋਕਾਂ ਦੀ ਚੁੱਕ ਵਿਚ ਆ ਕੇ ਉਨ੍ਹਾਂ ਨੇ ਬਾਬਾ ਅਮਰ ਦਾਸ ਜੀ ਨੂੰ ਬਾਸਰਕੇ ਰਾਹ ਵਿਚ ਘੇਰ ਕੇ ਵਾਪਿਸ ਕਰ ਦਿਤਾ ਤਾਂ ਮਾਤਾ ਆਪ ਪੈਦਲ ਚੱਲ ਕੇ ਗੁਰੂ ਜੀ ਪਾਸ, ਬਾਸਰਕੇ ਗਏ ਤੇ ਬੜੇ ਨਿਮ੍ਰਤਾ ਭਰੇ ਸ਼ਬਦਾਂ ਵਿਚ ਮਾਫੀ ਮੰਗੀ। ਉਸ ਵੇਲੇ ਬਾਬਾ ਅਮਰ ਦਾਸ ਜੀ ਨੇ ਕਿਹਾ "ਮਾਤਾ ਜੀ! ਤੁਸਾਂ ਮੈਨੂੰ ਬੁਲਾ ਲੈਣਾ ਸੀ, ਤੁਸਾਂ ਕਿਉਂ ਖੇਚਲ ਕੀਤੀ"। ਮਾਤਾ ਜੀ ਨੇ ਕਿਹਾ "ਗੁਰੂ ਨਾਨਕ ਦੇ ਘਰ ਦੀ ਦਉਲਤ ਹੀ ਗਰੀਬੀ ਹੈ, ਨਿਮਰਤਾ ਹੈ, ਕਿਰਪਾ ਕਰਕੇ ਬੱਚਿਆਂ ਨੂੰ ਬਖਸ਼ ਦਿਓ ਨੇ"। ਬਾਬਾ ਜੀ ਕਹਿਣ ਤੁਸੀਂ ਆਪ ਬਖਸ਼ਹਾਰ ਗੁਰੂ ਅੰਗਦ ਦੇਵ ਜੀ ਹੋ। ਮਾਤਾ ਜੀ ਹੋਰ ਨਿਮ੍ਰਤਾ ਦੇ ਨਾਲ ਕਹਿਣ ਲੱਗੇ " ਮੈਨੂੰ ਪਤਾ ਹੈ ਕਿ ਇਹ ਅਪਰਾਧ ਬਖਸ਼ਣ ਯੋਗ ਨਹੀਂ, ਮਿਹਰ ਕਰ ਦਿਓ ਨੇ"। ਬਾਬਾ ਜੀ ਨੇ ਉਸੇ ਵੇਲੇ ਦੋਵੇਂ ਬੱਚਿਆਂ ਨੂੰ ਛਾਤੀ ਨਾਲ ਲਾ ਕੇ ਪਿਆਰ ਕੀਤਾ।

ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਹੋਈ, ਉਸ ਵੇਲੇ ਮਾਤਾ ਜੀ ਨੂੰ ਵੀ ਖੁਸ਼ੀ ਹੋਈ ਤੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀਂ ਰਜ਼ਾ ਵਿਚ ਰਾਜ਼ੀ ਹੋ ਪਰ ਪੁੱਤਰਾਂ ਨੂੰ ਸਮਝਾਵੋ। ਮਾਤਾ ਜੀ ਕਹਿਣ ਲ'ਗੇ ਕਿ ਉਹ ਤੁਹਾਡੇ ਪੁੱਤਰ ਹੋਣ ਦੇ ਮਾਣ ਵਿਚ ਹਨ, ਤੁਸੀਂ ਮੇਹਰ ਕਰੋ। ਮਾਤਾ ਜੀ ਨੇ ਦੋਵਾਂ ਨੂੰ ਸਮਝਾਇਆ ਕਿ ਇਹ ਧੁਰ ਦਰਗਾਹ ਦੀ ਬਖਸ਼ਿਸ਼ ਹੁੰਦੀ ਹੈ, ਇਸ ਵਿਚ ਆਪਣਾ ਅਧਿਕਾਰ ਨਹੀਂ ਹੁੰਦਾ, ਸਭ ਵਾਹਿਗੁਰੂ ਦੇ ਅਧੀਨ ਹੈ। ਪਰ ਫੇਰ ਵੀ ਸਮਝੇ ਨਹੀਂ, ਦਾਤੂ ਜੀ ਨੇ ਭਰੇ ਦਰਬਾਰ ਵਿਚ ਗੁਰੂ ਅਮਰ ਦਾਸ ਜੀ ਦੇ ਲੱਤ ਮਾਰ ਕੇ ਨਿਰਾਦਰ ਕੀਤਾ। ਗੁਰੂ ਸਾਹਿਬ ਜੀ ਨੇ ਕੋਈ ਗੁੱਸਾ ਨਹੀਂ ਕੀਤਾ ਸਗੋਂ ਚਰਨ ਪਕੜ ਕੇ ਨਿੰਮ੍ਰਤਾ ਨਾਲ ਕਹਿਣ ਲੱਗੇ ਕਿ "ਮੇਰੇ ਹੱਡ ਕਰੜੇ ਹਨ, ਤੁਹਾਡੇ ਚਰਨ ਕੋਮਲ, ਮੇਰਾ ਅਪਰਾਧ ਮਾਫ ਕਰਿਓ, ਕਿਧਰੇ ਸੱਟ ਤਾਂ ਨਹੀਂ ਲੱਗੀ?

*ਯਾਂ ਤੇ ਅਧਿਕ ਸਰੀਰ ਕਠੋਰਾ।*
*ਤੁਮਰੋ ਚਰਨ ਮ੍ਰਿਦੁਲ ਨਹਿਂ ਥੋਰਾ।*
*ਹੁਯੋ ਹੋਇਗੋ ਕਸ਼ਟ ਮਹਾਨਾਂ।*
*ਛਿਮਹੁ ਭਯੋ ਅਪਰਾਧ ਅਜਾਨਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਪੁੱਤਰ ਦਾ ਇਹ ਵਤੀਰਾ ਦੇਖ ਕੇ ਮਾਤਾ ਜੀ ਨੇ ਉਸ ਦਾ ਸਾਥ ਨਹੀਂ ਦਿਤਾ ਪਰ ਜਦੋਂ ਪੈਰ ਤੇ ਬਿਮਾਰੀ ਆ ਗਈ ਫੇਰ ਲੈ ਕੇ ਗਏ ਤਾਂ ਗੁਰੂ ਜੀ ਨੇ ਨਦਰ ਕੀਤੀ ਤਾਂ ਪੈਰ ਦੀ ਪੀੜਾ ਨੂੰ ਆਰਾਮ ਆਇਆ।

ਗੁਰੂ ਅੰਗਦ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਗੁਰੂ ਅਮਰਦਾਸ ਜੀ ਨੇ ਵੀ ਲੰਗਰ ਦੀ ਪ੍ਰਥਾ ਜੋ ਮਾਤਾ ਖੀਵੀ ਜੀ ਨੇ ਚਲਾਈ ਸੀ, ਉਸ ਪ੍ਰਕਾਰ ਹੀ ਜਾਰੀ ਰੱਖੀ। ਭਾਂਤ-ਭਾਂਤ ਦੇ ਭੋਜਨ ਪੱਕਦੇ ਤੇ ਸੰਗਤਾਂ ਨੂੰ ਛਕਾਏ ਜਾਂਦੇ। ਗੁਰੂ ਜੀ ਨੇ ਦਾ ਦਸਤੂਰ ਸੀ ਕਿ "ਪਹਿਲੈ ਪੰਗਤ ਪਾਛੈ ਸੰਗਤ।" ਲੰਗਰ ਦੇ ਭਾਂਡੇ ਰਾਤ ਨੂੰ ਖਾਲੀ ਕਰ ਦਿਤੇ ਜਾਂਦੇ ਸਨ ਤੇ ਜੋ ਲੰਗਰ ਬਚਦਾ ਉਹ ਬਿਆਸ ਦਰਿਆ ਦੇ ਵਿਚ ਮੱਛੀਆਂ, ਜਾਨਵਰਾਂ, ਪੰਛੀਆਂ ਦੇ ਖਾਣ ਵਾਸਤੇ ਪਾ ਦਿਤਾ ਜਾਂਦਾ ਸੀ।

ਬ੍ਰਿਧ ਅਵਸਥਾ ਵਿਚ ਮਾਤਾ ਜੀ ਖਡੂਰ ਸਹਿਬ ਆਕੇ ਭਾਈ ਦਾਸੂ ਜੀ ਕੋਲ ਰਹੇ ਤੇ ਕਦੀ ਕਦੀ ਅੰਮ੍ਰਿਤਸਰ ਵੀ ਜਾਇਆ ਕਰਦੇ ਸਨ। ਆਪ ਜੀ ਨੇ 1552 ਵਿਚ ਆਪਣੇ ਸਰੀਰ ਦਾ ਪ੍ਰੀਤਿਆਗ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪਣੇ ਕਰ ਕਮਲਾਂ ਆਪ ਜੀ ਦਾ ਅੰਤਿਮ ਸਸਕਾਰ ਕੀਤਾ। ਮਾਤਾ ਖੀਵੀ ਜੀ ਧਰਮ ਦੀ ਮੂਰਤ, ਸੇਵਾ ਦੇ ਪੁੰਜ, ਰਜ਼ਾ ਵਿਚ ਰਾਜੀ, ਤੇ ਹਮੇਸ਼ਾ ਖਿੜੇ ਮੱਥੇ ਰਹਿਣ ਵਾਲੇ ਮਹਾਨ ਹਸਤੀ ਸਨ। ਜਦਕਿ ਉਸ ਵੇਲੇ ਦਾ ਵਰਤਾਰਾ ਸੀ ਕਿ ਇਸਤ੍ਰੀ ਜਾਤੀ ਨੂੰ ਕਦੇ ਵੀ ਐਸੀ ਸਮਾਜ ਸੇਵਾ ਵਿਚ ਅ'ਗੇ ਨਹੀਂ ਸੀ ਹੋਣ ਦਿਤਾ ਜਾਂਦਾ ਪਰ ਗੁਰੂ ਅੰਗਦ ਸਾਹਿਬ ਜੀ ਨੇ ਮਾਤਾ ਖੀਵੀ ਜੀ ਨੂੰ ਪੁਰਾਣੀ ਪ੍ਰਥਾ ਦਾ ਤਿਆਗ ਕਰਕੇ ਸੰਗਤਾਂ ਦੀ ਸੇਵਾ ਕਰਨ ਦਾ ਮਾਣ ਬਖਸ਼ਿਆ। ਬਿਨਾ ਕਿਸੇ ਭੇਦਭਾਵ ਤੋਂ ਸਮੁਚੀ ਇਸਤ੍ਰੀ ਜਾਤ ਨੂੰ ਇਹ ਅਵਸਰ ਪ੍ਰਦਾਨ ਕੀਤਾ। ਮਾਤਾ ਖੀਵੀ ਜੀ ਇਕ ਆਦਰਸ਼ਿਕ ਮਾਤਾ ਸੀ ਜਿਸ ਨੇ ਪ੍ਰਮਾਤਮਾ ਦੇ ਗੁਣਾਂ ਨੂੰ ਸੰਗਤ ਵਲੋਂ ਸਮਝਣ, ਸਿਖਣ ਅਤੇ ਜੀਵਨ ਵਿਚ ਅਪਨਾਉਣ ਲਈ ਬਹੁਤ ਪ੍ਰੇਰਤ ਕੀਤਾ। ਆਪ ਜੀ ਦਾ ਪਵਿਤ੍ਰ ਜੀਵਨ ਗੁਰੂ ਸੰਗਤਾਂ ਵਾਸਤੇ ਸਦਾ ਲਈ ਪ੍ਰੇਰਨਾ ਦਾ ਸਰੋਤ ਬਣ ਕੇ ''ਪਿਆਰੀ ਮਾਂ ਦੀ ਠੰਡੀ ਛਾਂ'' ਦੀ ਮਿੱਠੀ ਯਾਦ ਦਾ ਅਨੰਦ ਪ੍ਰਦਾਨ ਕਰਦਾ ਰਹੇਗਾ।

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-50)*

### ਕਟਕ ਫੇਰੀ

ਇਹ ਪ੍ਰਸੰਗ ਸਿੱਖ ਪੁਸਤਕਾਂ ਵਿਚ ਨਹੀਂ ਹੈ, ਪਰ ਕਟਕ ਵਿਚ ਵਿਦਮਾਨ ਗੁਰਦੁਆਰਾ ਦਾਤਣ ਸਾਹਿਬ ਦੇ ਮਹੰਤ ਜੀ ਤੋਂ ਮਿਲਿਆ ਹੈ। ਜਾਪਦਾ ਹੈ ਕਿ ਸਵਰਨ ਦੀਪ ਆਦਿ ਥਾਵਾਂ ਤੋਂ ਜਹਾਜ਼ੀ ਸਫਰ ਕਰਕੇ ਗੁਰੂ ਜੀ ਪਹਿਲੋਂ ਕਟਕ ਆਏ ਯਾ ਪੁਰੀ। ਪੁਰੀ ਪਹਿਲੇ, ਪਹੁੰਚਣਾ ਤੇ ਓਥੋਂ ਉੱਤਰ ਰੁਖ ਹੋ ਵਤਨਾਂ ਨੂੰ ਪਰਤਿਆ ਪਹਿਲਾਂ ਵੱਡਾ ਸ਼ਹਿਰ ਕਟਕ ਆਉਂਦਾ ਹੈ, ਸੋ ਸੰਭਵ ਹੈ ਕਿ ਪਰਤਣ ਵੇਲੇ ਹੀ ਏਥੇ ਟਿਕੇ ਹੋਣ। ਮਹੰਤ ਜੀ ਦਸਦੇ ਹਨ ਕਿ ਉਹਨਾਂ ਨੂੰ ਇਹ ਪ੍ਰਸੰਗ ਪੁਸ਼ਤ ਦਰ ਪੁਸ਼ਤ ਵੱਡਿਆਂ ਤੋਂ ਤੁਰਿਆ ਆਇਆ ਮਿਲਿਆ ਹੈ। ਮਹੰਤ ਜੀ ਨੇ ਪ੍ਰਸੰਗ ਇਸ ਪ੍ਰਕਾਰ ਦਸਿਆ ਹੈ - ਨਗਰ ਕਟਕ ਦੇ ਨੇੜੇ ਸ਼ੀਹਰੋਂ ਬਾਹਰ ਮਾਂ ਨਦੀ ਦੇ ਕੰਢੇ ਇਕ ਸੁਹਾਵਣੇ ਥਾਂ ਸਤਿਗੁਰ ਨੇ ਡੇਰਾ ਪਾਇਆ। ਨਗਰ ਦਾ ਹਾਕਮ ਇਕ ਨੇਕ ਹਿੰਦੂ ਸੀ ਜੋ ਸਤਿਗੁਰਾਂ ਦਾ ਜਸ ਸੁਣ ਕੇ ਦਰਸ਼ਨਾਂ ਨੂੰ ਆਇਆ। ਇਸ ਪੁਰਸ਼ ਨੇ ਗੁਰੂ ਕੇ ਉਪਦੇਸ਼ ਧਾਰਣ ਕੀਤੇ ਤੇ ਸੁਖੀ ਹੋ ਗਿਆ। ਇਸ ਤੋਂ ਪਹਿਲਾਂ ਇਹ ਇਕ ਚੈਤਨਯ ਭਾਰਤੀ ਨਾਮੇ ਸਾਧੂ ਦਾ ਚੇਲਾ ਸੀ, ਦਸਦੇ ਹਨ ਕਿ ਇਸ ਨੇ ਭੈਰੋਂ ਦੀ ਉਪਾਸਨਾ ਕਰਕੇ ਉਸ ਨੂੰ ਸਿੱਧ ਕੀਤਾ ਹੋਇਆ ਸੀ। ਚੈਤਨਯ ਭਾਰਤੀ ਨੂੰ ਆਪਣੇ ਚੇਲੇ ਦਾ, ਜੋ ਨਗਰ ਦਾ ਮਾਲਕ ਸੀ, ਗੁਰੂ ਜੀ ਦਾ ਸਿੱਖ ਬਣਨਾ ਪਸੰਦ ਨਾ ਆਇਆ ਤਾਂ ਉਸ ਨੇ 'ਭੈਰੋਂ' ਨੂੰ ਸਤਿਗੁਰਾਂ ਨਾਲ ਉਪਦ੍ਰਵ ਕਰਨੇ ਵਾਸਤੇ ਘੱਲਿਆ। ਭੈਰਵ ਨੇ ਬੱਦਲ, ਬਿਜਲੀ ਦੀ ਗਰਜ, ਤੂਫਾਨ, ਅੱਗ ਦਾ ਮੀਂਹ ਤੇ ਕਰੜੀ ਜਲ ਧਾਰਾ ਰੂਪੀ ਬਰਖਾ ਆਦਿ ਡਰਾਵਣੇ ਸਾਮਾਨ ਕਰਕੇ ਉਸ ਬਨ ਵਿਚ ਬੇਘਰ ਬੈਠਿਆਂ ਨੂੰ ਦੁਖ ਦੇਣਾ ਤੇ ਡਰਾਉਣਾ ਆਰੰਭ ਕੀਤਾ, ਪਰ ਉਸ ਦੀ ਪੇਸ਼ ਕੁਛ ਨਾ ਗਈ ਤੇ ਅੰਤ ਸਤਿਗੁਰਾਂ ਦੀ ਸ਼ਰਨੀ ਪੈ ਗਿਆ। ਇਹ ਆਪਣੇ ਦੇਵਤੇ ਦੀ ਹਾਰ ਵੇਖ ਕੇ ਚੈਤਨਯ ਭਾਰਤੀ ਬੀ ਸਤਿਗੁਰਾਂ ਦੀ ਸ਼ਰਨੀ ਆ ਪਿਆ। ਚੈਤਨਯ ਆਪਣੇ ਹੱਥ ਵਿਚ 'ਸਹਾਰੇ' ਪੇੜ ਦੀ ਟਹਿਣੀ ਲਿਆਇਆ ਜੋ ਉਸ ਨੇ ਭੇਟਾ ਕੀਤੀ। ਚੈਤਨਯ ਭਾਰਤੀ ਨੂੰ ਗੁਰੂ ਜੀ ਨੇ ਸਤਿਨਾਮੁ ਦੇ ਲੜ ਲਾ ਕੇ ਤਾਰਿਆ ਤੇ ਨਾਟਕਾਂ ਚੇਟਕਾਂ ਵਿਚੋਂ ਚਾਕੇ ਉੱਚਾ ਕਰ ਦਿਤਾ। ਉਸ ਦੀ ਭੇਟਾ ਕੀਤੀ 'ਸਹਾਰੇ' ਦੀ ਟਹਿਣੀ ਦੀ ਗੁਰੂ ਜੀ ਨੇ ਦਾਤਣ ਕੀਤੀ। ਉਹ ਦਾਤਣ ਉੱਥੇ ਹੀ ਭਾਰਤੀ ਨੇ ਗੱਡ ਦਿਤੀ ਤੇ ਉਹ ਪੁੰਗਰ ਪਈ, ਹੁਣ ਉਹ ਬੜਾ ਭਾਰੀ ਪੁਰਾਤਨ ਬ੍ਰਿਛ ਹੈ। ਉਥੇ ਗੁਰਦੁਆਰਾ ਬਣਿਆ ਜੋ ਉਧਰ ਦੇ ਘਰਾਂ ਵਾਂਗ ਬਣਿਆ ਹੋਇਆ ਪੁਰਾਤਨ ਹੁੰਦਾ ਹੁਣ ਤਕ ਚਲਾ ਆਯਾ ਹੈ। ਹੁਣ ਉਹ ਖਸਤਾ ਹਾਲਤ ਵਿਚ ਸੀ। ਪੁਜਾਰੀ ਤਦ ਤੋਂ ਪੁਸ਼ਤ-ਬ-ਪੁਸ਼ਤ ਉਥੇ ਦਾ ਹੀ ਵਾਸੀ ਚਲਾ ਆਯਾ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭੀ ਸਥਾਪਤ ਹਨ। ਗੁਰਦੁਆਰਾ ਖਸਤਾ ਹਾਲਤ ਵਿਚ ਤੱਕ ਕੇ ਬਾਬਾ ਕਰਤਾਰ ਸਿੰਘ ਜੀ ਨੇ ਜੋ ਕਟਕ ਕਾਲਜ ਵਿਚ ਪ੍ਰੋਫੈਸਰ ਯਾ ਪ੍ਰਿੰਸੀਪਲ ਹੋ ਕੇ ਗਏ ਸਨ, ਉੱਦਮ ਕੀਤਾ ਤੇ ਬੜੀ ਮਿਹਨਤ ਨਾਲ ਰੁਪਇਆ ਇਕੱਠਾ ਕਰਕੇ ਸੁਹਣਾ ਪੱਕਾ ਗੁਰਦੁਆਰਾ ਬਣਵਾ ਦਿਤਾ ਹੈ।

### ਮਰਦਾਨਾ ਨਿਹਾਲ

ਤਦ ਬਾਬਾ ਅਤੇ ਮਰਦਾਨਾ ਓਥੋਂ ਰਵਦੇ ਰਹੇ, ਜੋ ਜਾਂਦੇ-ਜਾਂਦੇ ਵੱਡੀ ਉਜਾੜਿ ਵਿਚਿ ਜਾਇ ਪਏ ਤਬ ਉਥੇ ਕੋਈ ਮਿਲੇ ਨਾਹੀ, ਤਬ ਮਰਦਾਨੇ ਨੂੰ ਬਹੁਤ ਭੁਖਿ ਲਗੀ ਤਾਂ ਮਰਦਾਨੇ ਆਖਿਆ, 'ਸੁਹਾਣਿ ਤੇਰੀ ਭਗਤਿ ਨੂੰ, ਅਸੀਂ ਡੂਮ ਸੇ, ਮੁਲਖ ਦੇ ਟੁਕੜੇ ਮੰਗਿ ਖਾਂਦੇ ਥੇ, ਉਥਹੁੰ ਭੀ ਗਵਾਇਆ, ਅਸੀਂ ਤਾਂ ਵਡੀ ਉਜਾੜਿ ਵਿਚਿ ਆਇ ਪੈਇ ਹਾਂ। ਕਦੇ ਖੁਦਾਦਿ ਕਾਢੈ ਤਾਂ ਨਿਕਲਹਿ, ਹੁਣਿ ਕੋਈ ਸੀਂਹੁ (ਸ਼ੇਰ) ਬੁਕਿ ਪਵੇਗਾ ਤਾਂ ਮਾਰਿ ਜਾਵੇਗਾ। ਤਬਿ ਬਾਬੇ ਆਖਿਆ, ਮਰਦਾਨਿਆਂ ਤੇਰੇ ਨੇੜੇ ਕੋਈ ਨਹੀਂ ਆਂਵਦਾ ਪਰ ਤੂੰ ਉਸੀਆਰੁ (ਹੋਸ਼ਿਆਰ) ਹੋਵਾਂ ਉਜਾੜਿ ਵਿਚਿ ਆਇ ਪਇਆ। ਤਬ ਬਾਬੇ ਆਖਿਆ, ਮਰਦਾਨਿਆਂ ਅਸੀਂ ਉਜਾੜਿ ਵਿਚਿ ਨਹੀਂ, ਅਸੀਂ ਵਸਤੀ ਵਿਚ ਹਾਂ, ਜਿਥੈ ਨਾਉ ਚਿਤਿ ਆਂਵਦਾ ਹੈ। ਓਥੇ ਬਾਬੇ ਸ਼ਬਦ ਬੋਲਿਆ -

*ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥*
*ਜੋਗੀ ਜਤੀ ਜੁਗਤਿ ਮਹਿ ਰਹਤੇ*
*ਕਰਿ ਕਰਿ ਭਗਵੇ ਭੇਖ ਭਏ ॥ ੧ ॥*
*ਤਉ ਕਾਰਣਿ ਸਾਹਿਬਾ ਰੰਗਿ ਰਤੇ ॥*
*ਤੇਰੇ ਨਾਮ ਅਨੇਕਾ ਰੂਪ ਅਨੰਤਾ*
*ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥ ੧ ॥ ਰਹਾਉ ॥*
*ਦਰ ਘਰ ਮਹਲਾ ਹਸਤੀ ਘੋੜੇ*
*ਛੋਡਿ ਵਿਲਾਇਤਿ ਦੇਸ ਗਏ ॥*
*ਪੀਰ ਪੇਕਾਂਬਰ ਸਾਲਿਕ ਸਾਦਿਕ*
*ਛੋਡੀ ਦੁਨੀਆ ਥਾਇ ਪਏ ॥ ੨ ॥*
*ਸਾਦ ਸਹਜ ਸੁਖ ਰਸ ਕਸ ਤਜੀਅਲੇ*
*ਕਾਪੜ ਛੋਡੇ ਚਮੜ ਲੀਏ ॥*
*ਦੁਖੀਏ ਦਰਦਵੰਦ ਦਰਿ ਤੇਰੈ*
*ਨਾਮਿ ਰਤੇ ਦਰਵੇਸ ਭਏ ॥ ੩ ॥*

*ਖਲੜੀ ਖਪਰੀ ਲਕੜੀ ਚਮੜੀ*
*ਸਿਖਾ ਸੂਤੁ ਧੋਤੀ ਕੀਨ੍ਹੀ ॥*
*ਤੂੰ ਸਾਹਿਬੁ ਹਉ ਸਾਂਗੀ ਤੇਰਾ*
*ਪ੍ਰਣਵੈ ਨਾਨਕੁ ਜਾਤਿ ਕੈਸੀ ॥ ੪ ॥ ੧ ॥ ੩੩ ॥*

*ਅੰਗ- ੩੫੮*

ਤਬ ਬਾਬੇ ਆਖਿਆ, ਮਰਦਾਨਿਆਂ ਸਬਦ ਚਿਤਿ ਕਰ, ਤਉ ਬਾਝੁ ਬਾਣੀ ਸਰਿ ਨਾਹੀ ਆਵਦੀ। ਤਬਿ ਗੁਰੂ ਬਾਬੇ ਆਖਿਆ, ਮਰਦਾਨਿਆਂ ਰਬਾਬੁ ਵਜਾਇ। ਤਬ ਮਰਦਾਨੇ ਆਖਿਆ ਜੀ ਮੇਰਾ ਘਟੁ ਭੁੱਖ ਦੇ ਨਾਲਿ ਮਿਲਿ ਗਇਆ ਹੈ, ਮੈਂ ਇਹੁ ਰਬਾਬੁ ਵਜਾਇ ਨਾਹੀ ਸਕਦਾ। ਤਬ ਬਾਬੇ ਆਖਿਆ, ਮਰਦਾਨਿਆਂ ਚਲੁ ਪਿਛੇ ਕਿਸੇ ਵਸਦੀ ਜਾਹਾਂ।

ਅਜੀ ਮੈਂ ਵਸਦੀ ਭੀ ਨਾਹੀ ਜਾਇ ਸਕਦਾ, ਮੇਰਾ ਭੁੱਖ ਨਾਲ ਘਟੁ ਮਿਲਿ ਗਇਆ ਹੈ, ਹਉ ਮਰਦਾ ਹਾਂ। ਤਬ ਬਾਬੇ ਆਖਿਆ ਮਰਦਾਨਿਆਂ ਹਉ ਤੈਨੂੰ ਆਈ ਬਿਨਾਂ ਮਰਣਿ ਨਹੀਂ ਦੇਂਦਾ ਉਸੀਆਰ ਹੋਹੁ। ਤਬ ਮਰਦਾਨੇ ਆਖਿਓਸੁ' ਜੀ ਹਉ ਕਿਉ ਕਰਿ ਉਸੀਆਰੁ ਹੋਵਾਂ? ਹਉ ਮਰਦਾ ਹਾਂ, ਜੀਵਣੇ ਦੀ ਗਲਿ ਰਹੀ। ਤਬ ਮਰਦਾਨੇ ਆਖਿਆ ਜੀ ਮੈਨੂੰ ਦੁਖ ਨਾ ਦੇਇ। ਤਾਂ ਬਾਬੇ ਆਖਿਆ, ਮਰਦਾਨਿਆਂ! ਇਸ ਰੁਖੁ ਦੇ ਫਲ ਖਾਹਿ, ਪਰੁ ਰਜਿ ਕੇ ਖਾਹਿ, ਜਿਤਨੇ ਖਾਇ ਸਕਦਾ ਹੈਂ ਪਰੁ ਹੋਰੁ ਪਲੈ ਬੰਨਿ ਨਾਹੀਂ। ਤਬ ਮਰਦਾਨੇ ਆਖਿਆ, ਜੀ ਭਲਾ ਹੋਵੇ। ਤਾਂ ਮਰਦਾਨਾ ਲਗਾ ਖਾਵਨ, ਫਲਾਂ ਕਾ ਸੁਆਦ ਆਇਓਸੁ, ਆਖੈ 'ਹੋਵੈ ਤਾਂ ਸਭੇ ਖਾਇ ਲਈ, ਫਿਰਿ ਹਥਿ ਆਵਨਿ ਕਿ ਨਾ ਆਵਨਿ, ਕਛੁ ਪਲੈ ਭੀ ਬੰਨਿ ਲੇਈ ਮਤੁ ਹਥਿ ਆਵਨਿ ਕਿ ਨਾ ਆਵਨਿ।' ਤਬ ਮਰਦਾਨੇ ਪਲੇ ਭੀ ਬੰਨਿ ਲਏ। ਜਾਂਦੇ-ਜਾਂਦੇ ਮਰਦਾਨੇ ਨੂੰ ਫਿਰ ਭੁੱਖ ਲਾਗੀ ਤਾਂ ਆਖਿਓਸੁ, ਕੁਛੁ ਖਾਵਾਂ ਜਾਂ ਮੁਹਿ ਪਾਇ ਤਾਂ ਉਸੇ ਵੇਲੇ ਢਹਿ ਪਇਆ। ਤਬ ਬਾਬੈ ਆਖਿਆ, ਕਿਆ ਹੋਆ ਵੇ ਮਰਦਾਨਿਆਂ? ਜੀਉ ਪਾਤਿਸ਼ਾਹ! ਤੁਧੁ ਆਖਿਆ ਸੀ ਜੋ ਖਾਹਿ ਸੋ ਖਾਹਿ, ਵਧਦੇ ਪਲੈ ਬੰਨ੍ਹਿ ਨਾਹੀ, ਮੈਂ ਆਖਿਆ, ਕੁਛ ਪਲੈ ਭੀ ਬੰਨਿ ਲਈ, ਮਤੁ ਹਥਿ ਆਵਨਿ ਕਿ ਨਾ ਆਵਨਿ, ਸੇ ਮੈ ਮੁਹਿ ਪਾਏ ਸਨ, ਮੇਰਾ ਇਹੁ ਹਵਾਲੁ ਹੋਇ ਗਇਆ। ਤਬਿ ਬਾਬੇ ਆਖਿਆ ਮਰਦਾਨਿਆਂ ਤੁਧੁ ਬੁਰਾ ਕੀਤਾ ਸੀ ਜੋ ਮੁਹਿ ਪਾਇ ਸਨਿ, ਏਹੁ ਵਿਖ ਫਲਿ ਸਨਿ। ਪਰ ਬਚਨ ਕਰਿ ਕੈ ਅੰਮ੍ਰਿਤ ਫਲੁ ਹੋਏ ਸਨਿ। ਤਬ ਬਾਬੇ ਮਥੇ ਉਪਰਿ ਪੈਰ ਰਖਿਆ, ਤਬ ਚੰਗਾ ਭਲਾ ਹੋਆ, ਉਠਿ ਬੈਠਾ। ਤਬਿ ਮਰਦਾਨੇ ਆਖਿਆ, ਸੁਹਾਣ ਤੇਰੀ ਭਗਤਿ ਨੂੰ ਅਤੇ ਤੇਰੀ ਕਮਾਈ ਨੂੰ, ਅਸੀਂ ਤਾਂ ਡੂਮਿ ਮੰਗਿ ਪਿੰਨਿ ਖਾਧਾ ਲੋੜਹਾਂ, ਤੂੰ ਅਤੀਤੁ ਮਹਾਂਪੁਰਖ, ਖਾਹਿ ਪੀਵਹਿ ਕਿਛੁ ਨਾਹੀ ਅਤੇ ਵਸਦੀ ਵੜੈਂ ਨਾਹੀ, ਹਉ ਕਿਉਂ ਕਰਿ ਤੁਧੁ ਨਾਲਿ ਰਹਾਂ? ਅਸਾਂ ਨੂੰ ਵਿਦਾ ਕਰਿ।' ਤਬਿ ਬਾਬੇ ਆਖਿਆ, ਮਰਦਾਨਿਆਂ ਮੇਰੀ ਬਹੁਤ ਖੁਸ਼ੀ ਹੈ ਤੁਧੁ ਉਪਰਿ ਤੂੰ ਕਿਉਂ ਵਿਦਾ ਮੰਗਦਾ ਹੈਂ ਮੈਥਾਵਹੁ? ਤਬਿ ਮਰਦਾਨੇ ਆਖਿਆ, ਸੁਹਾਣ ਤੇਰੀ ਖੁਸ਼ੀ ਨੂੰ, ਪਰ ਮੇਰੀ ਵਿਦਾ ਕਰਿ, ਹਉਂ ਆਪਣੇ ਘਰਿ ਜਾਵਾਂ। ਤਬ ਬਾਬੇ ਆਖਿਆ, ਮਰਦਾਨਿਆਂ! ਕਿਵੇਂ ਰਹੈ ਭੀ? ਤਾਂ ਮਰਦਾਨੇ ਆਖਿਆ, ਹਉ ਤਾਂ ਰਹਾਂ ਜੇ ਮੇਰੀ ਭੁੱਖ ਗਵਾਵਹਿ, ਜੋ ਤੇਰਾ ਅਹਾਰੁ ਹੋਵੇ ਸੋ ਮੇਰਾ ਹੋਵੈ, ਸੋ ਮੇਰਾ ਅਹਾਰੁ ਕਰਹਿ, ਜੇ ਤੂੰ ਏਹਾ ਕੰਮ ਕਰਹਿ ਤਾਂ ਤੇਰੇ ਨਾਲਿ ਰਹਾਂ। ਜਾਂ ਏਹੁ ਬਚਨੁ ਕਰਹਿ ਜੋ ਮੇਰੇ ਕਰਮ ਭੀ ਨਾ ਬੀਚਾਰਹਿ ਤਾਂ ਹਉ ਤੇਰੇ ਨਾਲ ਰਹਾਂ। ਜੋ ਏਹੁ ਤੂੰ ਕੰਮੁ ਕਰੇਂ ਨਾਹੀ ਤਾਂ ਮੈਨੂੰ ਵਿਦਾ ਕਰਿ। ਤਬਿ ਗੁਰੂ ਬਾਬੇ ਆਖਿਆ, ਜਾਹਿ ਵੇ ਮਰਦਾਨਿਆਂ! ਤੂੰ ਦੀਨ ਦੁਨੀਆਂ ਨਿਹਾਲ ਹੋਆ। ਤਬ ਮਰਦਾਨਾ ਉਭਰਿ ਪੈਰੀਂ ਪਇਆ, ਗੁਰੂ ਬਾਬੇ ਇਤਨੀਆਂ ਵਸਤੂ ਦਿਤੀਆਂ, ਮੱਥਾ ਚੁਕਦਿਆਂ ਨਾਲਿ ਅਗਮ ਨਿਗਮ ਦੀ ਸੋਝੀ ਹੋਇ ਆਈ, ਤਾਂ ਮਰਦਾਨਾ ਬਾਬੇ ਨਾਲਿ ਲਗਾ ਫਿਰਣਿ।

ਸੂਚਨਾ - ਜਾਪਦਾ ਹੈ ਕਿ ਏਥੋਂ ਹੁਣ ਪਰਤਵਾਂ ਸਫਰ ਹੀ ਜਾਰੀ ਹੈ। ਅਨੇਕ ਥਾਂਈਂ ਵਿਚਰਦੇ ਆਗਰੇ ਆਏ, ਜਿਥੋਂ ਦਾ ਇਕ ਪ੍ਰਸੰਗ ਅੱਗੇ ਹੈ -

## ਮਾਈ ਜੱਸੀ

ਤੇਰੇ ਵਿਛੋੜਿਆਂ ਨੇ ਦਿਲ ਚਾਉ ਖਾ ਲਿਆ ਹੈ, ਆ ਆ ਕੇ ਕੌਲ ਖਿੜਿਆ ਮੁਰਝਾ ਮੇਰਾ ਗਿਆ। ਜਿੰਦੇ! ਜਿ ਹੁਣ ਬੀ ਆਵੇਂ ਜਿੰਦੜੀ ਰੁਮਕ ਪਵੇ, ਮੁੜ ਖੂੰ-ਗੇੜ ਛਿੜ ਪਵੇ, ਦਿਲ ਢਿੱਲਾ ਜੋ ਪੈ ਗਿਆ ਹੈ। ਆ ਆ ਕਿ ਰੂਹ ਉਡਾਰੂ ਦਰਸ਼ਨ ਤੇਰੇ ਦੇ ਸਦਕੇ, ਠਹਿਰੇ ਕਿ ਕਸਦ ਜਿਸ ਨੇ ਕਰ ਜਾਣਦਾ ਲਿਆ ਹੈ, ਆ ਆ ਤੇ ਤਾਣ ਭਰ ਦੇ ਕਰ ਦੇ ਆ ਸਿੱਕ ਪੂਰੀ ਆ ਆ ਕਿ ਦੇਖ ਲਵਾਂ - ਪਿਆਰਾ ਹੁਣ ਆ ਗਿਆ ਹੈ। ਆ ਆ ਕਿ ਰੁੱਤ ਫਿਰੀ ਹੈ, ਪਤ ਪਤ ਪਿਆ ਝੜੇਂਦਾ, ਸ਼ਾਖਾਂ ਤੇ ਕੰਬਣੀ ਹੈ, ਬਨ ਸਹਿਮ ਛਾ ਗਿਆ ਹੈ। ਬੁਲ-ਬੁਲ ਹੈ ਰਾਹ ਤਕੇਂਦੀ, ਸ਼ਾਖੋ ਹੈ ਸ਼ਾਖ ਫਿਰਦੀ, ਵੇਲਾ ਖ਼ਿਜ਼ਾਂ ਦਾ ਹੁਣ ਤਾਂ ਆਖਰ ਤੇ ਆ ਗਿਆ ਹੈ। ਆਖਰ ਤੇ ਹੈ ਖਿਜ਼ਾ ਹੁਣ, ਆਖਰ ਤੇ ਜਾਨ ਮੇਰੀ। ਆ ਜਾ ਬਸੰਤ! ਆ ਜਾ, ਵੇਲਾ ਵਿਹਾ ਰਿਹਾ ਹੈ।

ਇਕ ਸੁਥਰੇ ਦਲਾਨ ਵਿਚ ਇਕ ਲਾਲ ਪੱਥਰ ਦਾ ਛੋਟਾ ਜਿਹਾ ਥੜਾ ਹੈ, ਜ਼ਿਮੀਂ ਤੋਂ ਹੱਥ ਕੁ ਭਰ ਉੱਚਾ ਹੈ, ਉਸ ਤੇ ਵਿਛਿਆ ਹੈ ਕੱਢਿਆ ਹੋਇਆ ਚਿੱਟਾ ਕਪੜਾ ਤੇ ਉਤੇ ਧਰੀ ਹੈ ਇਕ ਮਰਜੰਗੀ, ਜਿਸ ਵਿਚ ਪਿੱਤਲ ਦੀਆਂ ਤ੍ਰੈ ਮੂਰਤੀਆਂ ਧਰੀਆਂ ਹਨ। ਇਕ ਮੂਰਤੀ ਹੈ ਰਾਮ ਜੀ ਦੀ, ਦੂਸਰੀ ਸੀਤਾ ਜੀ ਦੀ, ਤੀਸਰੀ ਲਛਮਣ ਜੀ ਦੀ ਰਤਾ ਅਗੇਰੇ ਵਾਰ ਹੈ, ਸੀਤਾ ਜੀ ਦੀ ਰਤਾ ਪਿਛੇਰੇ ਤੇ ਲਛਮਣ ਜੀ ਦੀ ਉਸ ਤੋਂ ਰਤਾ ਹੋਰ ਪਿਛੇਰੇ। ਇਸ ਮਰਜੰਗੀ ਦੇ ਸਾਹਮਣੇ ਬੈਠੀ ਹੈ ਇਕ ਨਾਰਿ ਸਫ ਵਿਛਾ ਕੇ ਤੇ ਉਸ ਦੇ ਉਤੇ ਆਸਣ ਡਾਹ ਕੇ ਕਾਲਾ।

ਇਹ ਬੀਬੀ ਹੈ ਜਵਾਨੀ ਤੋਂ ਰਤਾ ਕੁ ਲੰਘੀ ਉਮਰ ਦੀ। ਇਸ ਨੇ ਨੈਣ ਜਮਾਏ ਹੋਏ ਹਨ ਸ੍ਰੀ ਰਾਮ ਚੰਦ੍ਰ ਜੀ ਦੀ ਪਿੱਤਲ ਦੀ ਪ੍ਰਤਿਮਾ ਉਤੇ। ਕੁਛ ਚਿਰ ਮਗਰੋਂ

ਇਸ ਨੇ ਨੈਣ ਝਮਕੇ ਤੇ ਆਖਦੀ ਹੈ ਮੇਰੇ ਪੂਜਯ ਪ੍ਰਿਯਤਮ! ਕਿਉਂ ਨਹੀਂ ਇਕ ਵੇਰੀ ਨੈਣ ਖੁਹਲ ਕੇ ਮੈਂ ਵਲ ਤੱਕਦੇ। ਉਮਰ ਬੀਤ ਗਈ ਪੂਜਨ ਕਰਦਿਆਂ, ਪਰ ਮੇਰੇ ਭਾਗ ਮੇਰੇ ਕਰਮ ਮੈਂ ਪਤਿਤ! ਆਪ ਮੇਰੇ ਤੇ ਨਹੀਂ ਪਸੀਜੇ। ਮੈਂ ਸੁਣਿਆ ਹੈ ਕਿ ਤੁਸੀਂ ਕਈ ਵੇਰ ਭਗਤਾਂ ਨੂੰ ਮਿਲੇ ਹੋ, ਮੇਰੀ ਵਾਰ ਕਿਉਂ ਦੇਰ ਹੈ? ਹਾ! ਹਾ! ਮੈਂ ਭਗਤ ਨਹੀਂ, ਮੈਂ ਕਰਮਹੀਨ ਹਾਂ, ਜਨਮਾਂ ਤੋਂ ਗੁਨਹਗਾਰ ਹਾਂ। ਪਤਿਤ ਹਾਂ। ਪਰ ਗੱਜ ਕੀਹ ਸੀ? ਉਸ ਨੂੰ ਕਿਉਂ ਪੁੱਕਰੇ ਸਾਓ? ਨਹੀਂ ਮੈਂ ਉਸ ਤੋਂ ਬੀ ਨੀਵੀਂ ਹਾਂ।

ਹਾਂ ਹਾਂ ਭਗਤੀ ਕਠਨ ਹੈ, ਪੂਜਨ ਔਖਾ ਹੈ, ਜੀਵਨ ਨੂੰ ਸਭ ਪਾਸਿਓਂ ਪਵਿੱਤਰ ਰੱਖ ਕੇ ਪੂਜਾ ਭਾਗ ਵਿਚ ਰਹਿਣਾ ਕਰੜਾ ਹੈ। ਸਭ ਕੁਛ ਕੀਤਾ ਪਰ ਇਹ ਮੇਰੇ ਰਾਮ ਮੇਰੇ ਤੇ ਨਹੀਂ ਤ੍ਰੁੱਠੇ। ਅਜੇ ਮੇਰੀ ਭਗਤੀ ਵਿਚ ਕਸਰ ਹੈ।.....ਹੈ.....।

ਇਉਂ ਆਖਦੀ ਕੁਛ ਬਾਉਲੀਆਂ ਵਾਂਗੂੰ ਉਠੀ, ਦਲਾਨ ਦੇ ਦੂਸਰੇ ਸਿਰੇ ਚਲੀ ਗਈ। ਇਕ ਤਖਤ ਪੋਸ਼ ਤੇ ਵੀਣਾ ਪਈ ਸੀ, ਚਾ ਲਿਆਈ, ਫਿਰ ਮੂਰਤੀ ਦੇ ਸਾਹਮਣੇ ਆ ਕੇ ਮੂਰਤੀ ਵਾਂਗੂੰ ਅਚੱਲ ਹੋ ਕੇ ਬੀਬੀ ਬੈਠ ਗਈ ਪਰ ਉਸ ਦੀਆਂ ਉਂਗਲੀਆਂ ਵੀਣਾਂ ਦੀਆਂ ਤਾਰਾਂ ਤੇ ਇਕ ਅਨੋਖੇ ਨਾਚ ਵਿਚ ਨ੍ਰਿਤਕਾਰੀ ਕਰਨ ਲਗ ਪਈਆਂ। ਥੋੜ੍ਹੀ ਦੇਰ ਮਗਰੋਂ ਬੀਬੀ ਦਾ ਗਲਾ ਖੁੱਲਿਆ ਤੇ ਡਾਢੀ ਦਰਦ ਭਰੀ ਸੁਰ ਵਿਚ ਇਹ ਲਾਡ ਭਰਿਆ ਗੀਤ ਗਾਵਿਆਂ ਗਿਆ -

ਬੋਲਤੇ ਨਹੀਂ ਹੋ? ਆਂਖੇਂ ਨ ਖੋਲਤੇ ਹੋ,

ਭਗਤੀ ਮੇਰੀ ਕਾ ਕਿਆ ਤੋਲ ਤੋਲਤੇ ਹੋ?

ਮਿਰਨਾਲ ਤਾਰ ਕਾ ਕਿਆ ਤੋਲ ਤੁਲ ਸਕੇਗਾ ਮਕੜੀ ਕੀ ਤਾਰ ਕਾ ਕਿਆ ਮੋਲ ਮਿਲ ਸਕੇਗਾ? ਬਿੰਦੂ ਤੋ ਸ਼ੂਨ ਹੈ ਕੀਮਤ ਬੀ ਸ਼ੂਨ ਹੈ, ਪਰਖਤੇ ਹੋ ਬਾਂਦੀ? ਬਾਂਦੀ ਤੋਂ ਊਨ ਹੈ। ਬਿਰਦ ਕੋ ਸੰਭਾਲੋ ਅਪਨੇ ਕੋ ਹੇ ਪ੍ਰਭੂ! ਅਵਗੁਣ ਚਿਤਾਰੀਏ ਨਾ ਪਤਿਤੋਂ ਕੇ ਤੁਮ ਕਭੂ। ਪਹਿਲੇ ਯੁਗੋਂ ਮੇਂ ਤਾਰੇ ਕਿਤਨੇ ਪਤਿਤ ਉਬਾਰੇ, ਜੱਸੀ ਕੋ ਹੇ ਪ੍ਰਭੂ! ਕਲਜੁਗ ਮੇਂ ਲੇਹੁ ਤਾਰੇ।

ਇਹ ਗੀਤ ਇਸ ਦਿਲ ਖਿੱਚ ਰਹਾਂ, ਲਯ, ਸੁਰ ਤੇ ਤਾਲ ਵਿਚ ਗਾਵਿਆਂ ਗਿਆ ਕਿ ਸੁਣਦੇ ਦਾ ਕਲੇਜਾ, ਕੱਢ ਲਵੇ। ਗਾਉਣੇ ਵਾਲੀ ਨੇ, ਜਿਸ ਦਾ ਨਾਉਂ ਜੱਸੀ ਸੀ, ਆਪਣਾ ਉਮਰ ਦਾ ਵਿਜੋਗ ਇਸ ਵਿਚ ਅੰਕਿਤ ਕੀਤਾ ਸੀ। ਆਪ ਗਾਉਂਦੀ-ਗਾਉਂਦੀ ਮੋਮ ਹੋ ਗਈ ਸੀ, ਨੈਣਾਂ ਤੋਂ ਨੀਰ ਜਾਰੀ ਸੀ। ਹੱਥ ਹੁਣ ਖੜੋ ਗਏ, ਵੀਣਾਂ ਚੁਪ ਹੋ ਗਈ, ਦਲਾਨ ਵਿਚ ਸਨਾਟਾ ਛਾ ਗਿਆ, ਜੱਸੀ ਦੀ ਸੁਰਤ ਜੁੜ ਗਈ, ਐਉਂ ਭਾਸਿਆ ਕਿ ਮੂਰਤ ਹਿੱਲ ਪਈ ਹੈ, ਆਦਮ ਕੱਦ ਹੋ ਗਈ ਹੈ, ਨੈਣ ਖੁੱਲ੍ਹ ਗਏ ਹਨ ਤੇ ਬੁਲ੍ਹ ਕੁਛ ਫਰਕ ਰਹੇ ਹਨ ਮਾਨੋ ਕੁਛ ਕਹਿ ਰਹੇ ਹਨ। ਜੱਸੀ ਨੇ ਜਾਤਾ ਅਜ ਭਗਤੀ ਪੂਰੀ ਹੋ ਗਈ। ਹਾਂ, ਅੱਗੇ ਬੀ ਕਈ ਵੇਰ ਲਾਡ ਵਾਲੇ ਉਲਾਹਮਿਆਂ ਨਾਲ ਸੰਤਾਂ ਭਗਤਾਂ ਤੇ ਪਸੀਜਿਆ ਹੈ, ਅੱਜ ਬੀ ਓਸੇ ਬਿਰਦ ਦੀ ਲਾਜ ਆ ਗਈ ਸੂ। ਪਰ ਸੀ ਜੱਸੀ ਸਿਆਣੀ ਤੀਵੀਂ, ਨੈਣ ਖੋਹਲਕੇ ਲੱਗੀ ਤੱਕਣ ਇਹ ਸੱਚ ਹੈ ਕਿ ਭੁਲਾਵਾ ਕਿ ਮਰੇ ਮਨ ਦਾ ਆਪਣਾ ਤੋਖਲਾ? ਨੈਣ ਖੁਹਲੇ, ਦੇਖੇ ਤਾਂ ਮੂਰਤੀ ਓਸੇ ਤਰ੍ਹਾਂ ਮਰਜੰਗੀ ਵਿਚ ਅਡੋਲ ਖੜੀ ਹੈ। ਤਾਂ ਫੇਰ ਦਿਲ ਟੁੱਟਾ ਤੇ ਹੋਰ ਰੋਈ ਕਿ ਕਲਜੁਗ ਘੋਰ ਹੋ ਗਿਆ ਹੈ। ਹੁਣ ਦੇਵਤੇ ਦੀ ਕਿਤਨੀ ਪੂਜਾ ਕਰੋ ਆਪਣਾ ਧਾਤੂ ਰੂਪ ਛੋੜ ਕੇ ਸਜਿੰਦ ਰੂਪ ਨਹੀਂ ਧਾਰਦਾ। ਇਸ ਤਰ੍ਹਾਂ ਦੇ ਹਾਵੇ ਵਿਚ ਬੈਠੀ ਸੀ ਕਿ ਦਾਸੀ ਆ ਗਈ - ਧਾਬਲੀ। ਇਹ ਮੁਟਿਆਰ ਬੀਕਾਨੇਰ ਦੀ ਸੀ ਤੇ ਬੀਬੀ ਦੀ ਸੇਵਾ ਕਰਦੀ ਹੁੰਦੀ ਸੀ। ਕਿਸੇ ਸਮੇਂ ਕਾਲ ਦੀ ਮਾਰੀ ਘਰੋਂ ਟੁਰ ਪਈ ਸੀ। ਕਈ ਦਾਨਿਆਂ, ਸਿਆਣਿਆਂ, ਪੰਡਤਾਂ ਦੇ ਘਰਾਂ ਵਿਚ ਨੌਕਰੀ ਕਰਦੀ ਕੁਛ ਹੋਸ਼ ਵਾਲੀ ਹੋ ਗਈ ਹੋਈ ਸੀ। ਸੀ ਪਿਆ ਵਾਲੀ, ਸੋ ਜੱਸੀ ਦੇ ਘਰ ਆ ਕੇ ਇਸ ਦੇ ਪਿਆਰ ਵਿਚ ਬੱਝ ਕੇ ਇਸ ਪਾਸ ਟਿਕ ਗਈ ਹੋਈ ਸੀ। ਆ ਕੇ ਆਖਣ ਲੱਗੀ ਕੋਈ ਮਹਾਤਮਾ ਆਏ ਹਨ ਤੇ ਮੈਂ ਉਨ੍ਹਾਂ ਨੂੰ ਸੁਫੇ ਵਿਚ ਬਿਠਾ ਆਈ ਹਾਂ ਆਦਰ ਨਾਲ ਤੇ ਕਹਿ ਆਈ ਹਾਂ ਕਿ ਮਾਤਾ ਜੀ ਪੂਜਾ ਵਿਚ ਬੈਠੇ ਹਨ, ਉਠਣਗੇ ਤਾਂ ਆਉਣਗੇ। (ਚਿਹਰੇ ਵਲ ਤੱਕ ਕੇ) ਤੇ ਹੈਂ-ਹੈਂ ਫੇਰ ਰੁਦਨ! ਵਾਹ ਸਵਾਮਣੀ! ਦੀਦੇ ਗਾਲ ਲਓਗੇ ਰੋ-ਰੋ ਕੇ। ਮੂਰਤੀਆਂ ਕੋਈ ਹੰਝੂ ਵੇਖਦੀਆਂ ਹਨ ਕਿ ਰੋਣਾ ਤੇ ਡੁਸਕਾਰੇ ਸੁਣਦੀਆਂ ਹਨ, ਮੈਂ ਤਾਂ ਪੰਡਤ ਦੇ ਘਰ ਸੁਣਿਆਂ ਸੀ ਕਿ ਇਹ ਮਨ ਟਿਕਾਉਣ ਲਈ ਧਿਆਨ ਦਾ ਆਸਰਾ ਮਾਤਰ ਹੁੰਦੀਆਂ ਹਨ। ਐਨੀ ਉਮਰ ਹੋ ਗਈ, ਕਦੀ ਇਹ ਬੋਲੀਆਂ ਹਨ? ਕਦੇ ਨਹੀਂ ਬੋਲਣਗੀਆਂ, ਸ੍ਵਾਮਨਿ! ਆਪਣੇ ਨੈਣ ਖੌਰੇ ਨਾ ਕਰੋ। ਇਹ ਪਿਆਰ ਦੀ ਝਿੜਕ ਸੁਣ ਕੇ ਜੱਸੀ ਨੂੰ ਗੁੱਸਾ ਨਹੀਂ ਆਇਆ, ਸਗੋਂ ਕੁਛ ਸੋਚ ਕਰਨ ਲਗ ਪਈ। ਫੇਰ ਕਹਿਣ ਲੱਗੀ, ਧਾਬਲੀ! ਤੇਰੇ ਵਿਚ ਸ਼ਰਧਾ ਨਹੀਂ, ਤੂੰ ਜਾਂਗਲੀ ਹੈਂ, ਕਲਜੁਗ ਹੈ, ਦੇਵ ਮੌਨ ਹਨ, ਜਦੋਂ ਮੇਰੀ ਭਗਤੀ ਦੀ ਅਗਨੀ ਦਾ ਤੇਜ ਵਧੇਗਾ ਏਹ ਬੋਲ ਪੈਣਗੇ।

ਧਾਬਲੀ - ਹੱਛਾ ਜੀਓ, ਤਾਂ ਫੇਰ ਅੱਖਾਂ ਦਾ ਬਹੁਤਾ ਬਚਾਓ ਕਰੋ ਜੋ ਓਦੋਂ ਦਰਸ਼ਨ ਜੋਗੀਆਂ ਰਹਿ ਜਾਣ। ਰੋ-ਰੋ ਕੇ ਗਾਲ ਲਈਆਂ ਤੇ ਤਦੋਂ ਤੁਸੀਂ ਦੇਖ ਨ ਸਕੇ ਤਾਂ ਜਿਹੇ ਦੇਵਤਾ ਪ੍ਰਗਟੇ ਜਿਹੇ ਨਾ ਪ੍ਰਗਟੇ।

*'ਚਲਦਾ................।'*

# ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-53)*

## ਗੁਰਬਾਣੀ ਅਨੁਸਾਰ ਗੁਰਸਿਖ ਦੀ ਪਰਿਭਾਸ਼ਾ

ਗੁਰਬਾਣੀ ਗੁਰੂ ਰੂਪ ਹੈ। ਗੁਰਬਾਣੀ ਦੇ ਹੁਕਮ ਨੂੰ ਮੰਨਣਾ ਗੁਰੂ ਦੇ ਹੁਕਮ ਨੂੰ ਮੰਨਣਾ ਹੈ। ਗੁਰਬਾਣੀ ਵਿਚ ਹੀ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਹੈ ਜਿਸ ਨੂੰ ਸਿੱਖ ਹਿਰਦੇ ਵਿਚ ਹਰ ਸਮੇਂ ਸਾਂਭ ਕੇ ਰਖਦਾ ਹੈ। ਜੋ ਉਪਦੇਸ਼ ਗੁਰੂ ਜੀ ਬਾਣੀ ਰਾਹੀਂ ਦਿੰਦੇ ਹਨ, ਗੁਰੂ ਦਾ ਸੇਵਕ, ਸਿੱਖ, ਉਸ ਉਪਦੇਸ਼ ਨੂੰ ਦਿਲੋਂ ਮੰਨਦਾ ਹੈ, ਪੂਰਨ ਸ਼ਰਧਾ ਨਾਲ ਉਸ ਅਨੁਸਾਰ ਜੀਵਨ ਢਾਲਦਾ ਹੈ, ਗੁਰੂ ਜੀ ਅਜਿਹੇ ਸਿੱਖ ਨੂੰ ਯਕੀਨੀ ਤੌਰ ਤੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦੇ ਹਨ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*ਅੰਗ- ੯੮੨*

ਸਿੱਖ ਕਿਸ ਨੂੰ ਕਹਿੰਦੇ ਹਨ? ਸਿੱਖ ਦੀ ਪਰਿਭਾਸ਼ਾ ਕੀ ਹੈ? ਸਿੱਖ ਦਾ ਨਿਤ ਦਾ ਕਰਮ ਕੀ ਹੈ? ਗੁਰੂ ਰਾਮਦਾਸ ਜੀ ਦੇ ਨਿਮਨ ਸ਼ਬਦ ਵਿਚ ਇਨ੍ਹਾਂ ਸਵਾਲਾਂ ਦਾ ਸਪੱਸ਼ਟ ਉੱਤਰ ਪ੍ਰਾਪਤ ਹੈ। ਕੇਵਲ ਉਹ ਮਨੁੱਖ ਹੀ ਗੁਰੂ ਦਾ ਸੱਚਾ ਸਿੱਖ ਹੈ ਜੋ ਰੋਜ਼ ਸਵੇਰੇ, ਅੰਮ੍ਰਿਤ ਵੇਲੇ ਉਠ ਕੇ ਹਰਿ ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਸਵੇਰੇ ਉਦਮ ਕਰ ਕੇ ਇਸ਼ਨਾਨ ਕਰਦਾ ਹੈ ਤੇ ਫਿਰ ਨਾਮ-ਰੂਪੀ ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਸਤਿਗੁਰੂ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ। ਇਸ ਤਰ੍ਹਾਂ ਉਸ ਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਤੇ ਦਿਨ ਨੂੰ ਕਿਰਤ ਕਰਦਿਆਂ, ਬੈਠਦਿਆਂ ਉਠਦਿਆਂ, ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੂ ਦੇ ਮਨ ਨੂੰ ਅਜਿਹਾ ਸਿੱਖ ਚੰਗਾ ਲਗਦਾ ਹੈ, ਜੋ ਪਿਆਰੇ ਪ੍ਰਭੂ ਨੂੰ ਹਰ ਦਮ ਯਾਦ ਕਰਦਾ ਹੈ। ਜਿਸ ਗੁਰਸਿੱਖ ਤੇ ਪ੍ਰਭੂ ਦੀ ਦਇਆ ਹੁੰਦੀ ਹੈ, ਉਸ ਨੂੰ ਹੀ ਸਤਿਗੁਰੂ ਸਿਖਿਆ ਦਿੰਦਾ ਹੈ। ਗੁਰੂ ਜੀ ਐਸੇ ਗੁਰਸਿੱਖ ਦੀ ਚਰਨ-ਧੂੜ ਮੰਗਦੇ ਹਨ ਜੋ ਆਪ ਨਾਮ ਜਪਦਾ ਹੈ ਤੇ ਹੋਰਨਾਂ ਨੂੰ ਜਪਾਉਂਦਾ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ- ੩੦੫*

ਸਿਮਰਨ ਕਿਉਂ ਕਰੀਏ? ਦਾ ਸਿੱਧਾ-ਸਾਦਾ ਜਵਾਬ ਇਹ ਹੈ ਕਿ ਅਜਿਹਾ ਗੁਰੂ ਦਾ ਹੁਕਮ ਹੈ, ਆਦੇਸ਼ ਹੈ। ਸਿਮਰਨ ਹੀ ਸਿੱਖ ਦੇ ਜੀਵਨ ਦੀ ਪਰਿਭਾਸ਼ਾ ਹੈ। ਗੁਰੂ ਦਾ ਸਿੱਖ ਸਿਮਰਨ ਵਿਚ ਹੀ ਜੀਉਂਦਾ ਹੈ, ਸਿਮਰਨ ਵਿਚ ਹੀ ਕਿਰਿਆਸ਼ੀਲ ਹੁੰਦਾ ਹੈ, ਸਿਮਰਨ ਹੀ ਉਸ ਦੇ ਜੀਵਨ ਦਾ ਆਧਾਰ ਹੈ। ਨਾਮ ਸਿਮਰਨ ਨਾਲ ਤਨ ਅਤੇ ਮਨ ਨਰੋਏ ਹੋ ਜਾਂਦੇ ਹਨ, ਕ੍ਰੋੜਾਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ। ਨਾ ਬੁਢੇਪਾ ਆਵੇਗਾ ਨਾ ਮੌਤ, ਹਰੇਕ ਦੁਖ ਕਲੇਸ਼ ਦੂਰ ਹੋ ਜਾਵੇਗਾ। ਸਿਮਰਨ ਅਭਿਆਸੀ ਦੇ ਅੰਦਰ ਕ੍ਰੋੜਾਂ ਵਿਘਨਾਂ ਦਾ ਟਾਕਰਾ ਕਰਨ ਦੀ ਤਾਕਤ ਪੈਦਾ ਹੋ ਜਾਂਦੀ ਹੈ, ਵਿਘਨ ਉਸ ਦੇ ਸਨਮੁਖ ਟਿਕਦੇ ਹੀ ਨਹੀਂ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*
*ਕੋਟਿ ਬਿਘਨ ਲਾਥੇ ਪ੍ਰਭ ਸਰਣਾ*
*ਪ੍ਰਗਟੇ ਭਲੇ ਸੰਜੋਗਾ ॥ ੧ ॥*
*ਪ੍ਰਭ ਬਾਣੀ ਸਬਦੁ ਸੁਭਾਖਿਆ ॥*
*ਗਾਵਹੁ ਸੁਣਹੁ ਪੜਹੁ ਨਿਤ ਭਾਈ*
*ਗੁਰ ਪੂਰੈ ਤੂ ਰਾਖਿਆ ॥ ਰਹਾਉ ॥*
*ਸਾਚਾ ਸਾਹਿਬੁ ਅਮਿਤਿ ਵਡਾਈ*
*ਭਗਤਿ ਵਛਲ ਦਇਆਲਾ ॥*
*ਸੰਤਾ ਕੀ ਪੈਜ ਰਖਦਾ ਆਇਆ*
*ਆਦਿ ਬਿਰਦੁ ਪ੍ਰਤਿਪਾਲਾ ॥ ੨ ॥*
*ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ*
*ਸਰਬ ਵੇਲਾ ਮੁਖਿ ਪਾਵਹੁ ॥*
*ਜਰਾ ਮਰਾ ਤਾਪੁ ਸਭੁ ਨਾਠਾ*
*ਗੁਣ ਗੋਬਿੰਦ ਨਿਤ ਗਾਵਹੁ ॥ ੩ ॥*

*ਸੁਣੀ ਅਰਦਾਸਿ ਸੁਆਮੀ ਮੇਰੈ*
*ਸਰਬ ਕਲਾ ਬਣਿ ਆਈ ॥*
*ਪ੍ਰਗਟ ਭਈ ਸਗਲੇ ਜੁਗ ਅੰਤਰਿ*
*ਗੁਰ ਨਾਨਕ ਕੀ ਵਡਿਆਈ ॥ ੪ ॥ ११ ॥*

*ਅੰਗ- ੬੧੧*

ਸਿਮਰਨ ਤੇ ਗੁਰਬਾਣੀ ਨਾਲ ਜੁੜਨਾ ਸਿੱਖ ਦੀ ਪਹਿਲੀ ਆਵੱਸ਼ਕ ਕਿਰਿਆ ਹੈ ਜਿਸ ਦਾ ਅਭਿਆਸ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤਕ 250 ਵਰ੍ਹੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਕਰਾਇਆ ਅਤੇ ਇਹ ਗੁਰਸਿੱਖਾਂ ਦਾ ਜੀਵਨ ਆਧਾਰ ਬਣ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਗੁਰਸਿੱਖਾਂ ਲਈ ਇਹ ਦੋਵੇਂ ਮੁੱਢਲੇ ਕਰਮ ਆਵਸ਼ਕ ਕਰ ਦਿਤੇ। ਨਿਤਨੇਮ ਦੀਆਂ ਬਾਣੀਆਂ ਦੇ ਪਾਠ ਨਾਲ ਅੰਮ੍ਰਿਤ ਤਿਆਰ ਹੋਇਆ ਅਤੇ 'ਵਾਹਿਗੁਰੂ' ਦੇ ਬਾਰ-ਬਾਰ ਜਾਪ ਨਾਲ ਅੰਮ੍ਰਿਤ ਦੀ ਦਾਤ ਦੇ ਚੂਲੇ ਬਖਸ਼ੇ ਗਏ। ਅੱਜ ਗੁਰਸਿਖਾਂ ਵਿਚ ਗੁਰਬਾਣੀ ਦਾ ਕੀਰਤਨ ਅਤੇ ਪਾਠ ਦੀ ਪ੍ਰਧਾਨਤਾ ਹੈ ਪਰ ਨਾਮ-ਸਿਮਰਨ ਦੀ ਆਵਸ਼ਕਤਾ ਉਪਰ ਬਲ ਨਹੀਂ ਰਿਹਾ। ਗੁਰਬਾਣੀ ਅਨੁਸਾਰ ਦਿਤੀ ਗੁਰਸਿੱਖ ਦੀ ਪਰਿਭਾਸ਼ਾ ਨੂੰ ਬਦਲਿਆ ਨਹੀਂ ਜਾ ਸਕਦਾ। ਅੰਮ੍ਰਿਤ-ਵੇਲੇ ਪਹਿਲਾ ਸਮਾਂ ਨਾਮ-ਜਾਪ ਦਾ ਹੈ, ਫੇਰ ਗੁਰਬਾਣੀ ਦੇ ਪਾਠ ਕੀਰਤਨ ਦਾ। ਉਪਰੰਤ ਕਾਰ-ਵਿਹਾਰ ਵਿਚ ਵਾਹਿਗੁਰੂ ਗੁਰਮੰਤਰ ਦਾ ਜਾਪ ਕਰਦੇ ਰਹਿਣ ਦਾ ਹੁਕਮ ਹੈ।

## ਨਾਮ ਕੀ ਹੈ? ਨਾਮ ਦਾ ਰਹੱਸ

ਨਾਮ ਦਾ ਸੰਸਕ੍ਰਿਤ ਰੂਪ ਨਾਮਨੁ ਹੈ ਜਿਸ ਦਾ ਧਾਤੂ ਹੈ 'ਮਨਾ' ਜਿਸ ਦਾ ਭਾਵ ਹੈ 'ਯਾਦ ਕਰਨਾ", ਯਾਦ ਰਖਣਾ।' 'ਨਾਮਨੁ' ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ 'ਨਾਮ।' ਭਾਈ ਕਾਨ ਸਿੰਘ ਅਨੁਸਾਰ ਨਾਮ ਜਾਂ ਨਾਉ, ਸੰਗਿਆ ਹੈ। ਇਹ ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਹੈ। ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸ ਦਾ ਹੁਕਮ-ਬੋਧਕ ਸ਼ਬਦ ਭੀ ਹੈ (ਮਹਾਨ ਕੋਸ਼, 699)। ਭਾਈ ਵੀਰ ਸਿੰਘ ਅਨੁਸਾਰ ਨਾਮ ਪਦ ਵਿਸ਼ੇਸ਼ ਕਰ ਕੇ ਪਰਮੇਸ਼ਰ ਦੇ ਨਾਮ ਦਾ ਵਾਚਕ ਹੋ ਕੇ ਆਇਆ ਹੈ। ਨਾਮ (ਪਰਮਾਤਮਾ ਅਤੇ ਮਨੁੱਖੀ ਚੇਤਨਾ) ਦੋਹਾਂ ਦੇ ਵਿਚਾਲੇ ਮੇਲਣਹਾਰ ਸਤੱਯਾ ਹੈ। ਨਾਮ ਵਾਹਿਗੁਰੂ ਜੀ ਨਾਲ ਅਭੇਦ ਉਸ ਦੀ ਕੋਈ ਆਪਣੀ ਕਲਾ ਵਿਆਪਕ ਵਸਤੂ ਹੈ। ਭਾਈ ਜੋਧ ਸਿੰਘ ਅਨੁਸਾਰ ਨਾਮ ਨਿਰੰਕਾਰ ਦਾ ਉਹ ਸਰੂਪ ਹੈ ਜਿਸ ਦੁਆਰਾ ਉਹ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੋ ਕੇ ਉਸ ਨੂੰ ਧਾਰ ਰਿਹਾ ਹੈ। ਡਾ. ਤਾਰਨ ਸਿੰਘ ਨੇ ਨਾਮ ਨੂੰ ਸਦਾਚਾਰਕ ਗੁਣਾਂ ਨਾਲ ਅਭੇਦ ਕੀਤਾ ਹੈ, ਨਾਮ ਦਾ ਸਰੂਪ ਕੋਈ ਨਾ ਕੋਈ ਸਦਾਚਾਰਕ ਗੁਣ ਹੈ, ਸਖਸ਼ੀਅਤ ਦਾ ਕੋਈ ਵੱਸਫ ਨਿਮ੍ਰਤਾ, ਮਿਠਾਸ, ਨੇਕ-ਨੀਤੀ, ਸੱਚ ਦਾ ਪਿਆਰ, ਨਿਆਂ, ਹੱਕ ਪਰਾਏ ਦੀ ਸਾਰ, ਲਾਲਚ ਦਾ ਤਿਆਗ, ਕਾਮਾਦਿਕ ਦਾ ਜ਼ਬਤ, ਮੋਹ ਤੋਂ ਉਠਣਾ, ਖੁਦਗਰਜ਼ੀ ਦਾ ਨਾਸ਼ ਆਦਿ।

ਵਿਦਵਾਨਾਂ ਦੇ ਵਿਚਾਰਾਂ ਨੂੰ ਅਤੇ ਗੁਰਬਾਣੀ ਨੂੰ ਧਿਆਨ ਵਿਚ ਰਖਦਿਆਂ ਇਹ ਨਿਰਣਾ ਲਿਆ ਜਾ ਸਕਦਾ ਹੈ ਕਿ ਨਾਮ ਪਰਮ-ਸਤਿ ਪਰਮਾਤਮਾ ਦੀ ਚੇਤਨ-ਸਤਾ ਹੈ ਜੋ ਸੂਖਮ ਤੋਂ ਸੂਖਮ ਅਤੇ ਸਥੂਲ ਤੋਂ ਸਥੂਲ ਰਚਨਾ ਵਿਚ ਵਿਆਪਕ ਹੈ ਅਤੇ ਰਚਨਾ ਦਾ ਆਧਾਰ ਤੱਤ ਹੈ। ਇਸ ਦਾ ਟਿਕਾਣਾ ਹਰੇਕ ਮਨੁੱਖੀ ਹਿਰਦੇ ਵਿਚ ਵੀ ਹੈ। ਇਸ ਦਾ ਅਨੁਭਵ ਹੀ ਨਾਮ ਦਾ ਅਨੁਭਵ ਹੈ ਅਤੇ ਨਾਮ ਦਾ ਅਨੁਭਵ ਪਰਮਾਤਮ ਅਨੁਭਵ ਹੈ। ਪਰਮਾਤਮਾ ਦਾ ਰੂਪ ਕੋਈ ਨਹੀਂ, ਉਹ ਕੇਵਲ 'ਨਾਮ' ਹੈ। ਨਾਮ ਵਾਸਤਵਿਕਤਾ ਦੀ ਸਮੁੱਚੀ ਸ਼ਕਤੀ ਹੈ। ਪਰਮਾਤਮਾ ਦੇ ਅਨੇਕਾਂ ਜਪਣ ਯੋਗ ਨਾਮ ਹਨ ਜਿਵੇਂ ਕਿਰਪਾਲੂ, ਹਰੀ, ਨਾਥ, ਗੋਪਾਲ, ਰਾਮ, ਪਰਮੇਸ਼ਰ ਆਦਿ ਪਰ ਇਹ ਕਰਮ ਨਾਮ ਹਨ, ਪ੍ਰਭੂ ਦੇ ਇਕ ਗੁਣ ਦਾ ਬਖਾਨ ਕਰਦੇ ਹਨ, ਇਕ ਪੱਖੀ ਨਾਮ ਹਨ ਪਰ ਜੋ ਚੇਤਨ-ਸੱਤਾ ਪਰਮਾਤਮਾ ਦਾ ਪੂਰਨ ਪ੍ਰਗਟਾਵਾ ਕਰਦੀ ਹੈ ਅਤੇ ਜੋ ਰਚਨਹਾਰ ਵੀ ਹੈ ਅਤੇ ਰਚਨਾ ਦਾ ਆਧਾਰ ਵੀ ਉਸ ਨੂੰ ਨਾਮ ਕਿਹਾ ਗਿਆ ਹੈ, ਉਸ ਦੀ ਹੋਂਦ ਹੀ ਨਾਮ ਹੈ।

ਦ੍ਰਿਸ਼ਟਮਾਨ ਰਚਨਾ ਦੇ ਦੋ ਪਹਿਲੂ ਹਨ - ਸਥੂਲ ਦ੍ਰਿਸ਼ਟਮਾਨ ਅਤੇ ਸੂਖਮ ਅਦ੍ਰਿਸ਼ਟਮਾਨ। ਸਥੂਲ ਦਾ ਸਬੰਧ ਕਾਲ ਨਾਲ ਹੈ। ਇਸ ਲਈ ਪਰਿਵਰਤਨਸ਼ੀਲਤਾ ਅਤੇ ਅੰਤ ਇਸ ਦੇ ਸੁਭਾਵਕ ਗੁਣ ਹਨ। ਸਥੂਲ ਦਾ ਆਧਾਰ-ਤੱਤ ਸੂਖਮ, ਅਦ੍ਰਿਸ਼ਟ ਅਤੇ ਅਰੂਪ ਚੇਤਨ-ਸਤਾ 'ਨਾਮ' ਹੈ, ਜੋ ਅਕਾਲ ਹੈ, ਤ੍ਰੈ-ਕਾਲ ਵਿਆਪਕ ਹੋ ਕੇ ਤ੍ਰੈ-ਕਾਲ ਅਤੀਤ ਹੈ। ਇਸ ਲਈ ਪਰੀਵਰਤਨ-ਰਹਿਤ ਹੈ, ਅੰਮ੍ਰਿਤ ਹੈ, ਵਾਸਤਵਿਕ ਹੈ ਅਤੇ ਪਰਮ-ਸਤਿ ਹੈ। ਸਥੂਲ-ਦ੍ਰਿਸ਼ਟਮਾਨ ਕਾਲ ਦ੍ਰਿਸ਼ਟੀ ਤੋਂ ਸੱਚ ਹੈ, ਹੋਂਦ ਵਾਲਾ ਹੈ ਪਰ ਅਕਾਲ ਦ੍ਰਿਸ਼ਟੀ ਤੋਂ ਇਸ ਦੀ ਸੱਤਯਤਾ ਸਾਪੇਖ ਅਤੇ ਪਰਾਧੀਨ ਹੈ। ਇਸ ਦੀ ਹੋਂਦ ਸ੍ਵੈ-ਆਸਰਿਤ ਨਹੀਂ, ਨਾਮ ਆਸਰਿਤ ਹੈ।

ਭੌਤਿਕ ਵਿਗਿਆਨ ਦਾ ਸਬੰਧ ਪਰਾਧੀਨ ਅਤੇ ਸਾਪੇਖ ਹੋਂਦ, ਅਰਥਾਤ ਸਥੂਲ ਅਤੇ ਦ੍ਰਿਸ਼ਟਮਾਨ ਭੌਤਿਕਤਾ ਨਾਲ ਹੈ। ਭੌਤਿਕਤਾ ਦੇ ਸੂਖਮ ਤੋਂ ਸੂਖਮ ਤੱਤ ਦੀ ਭਾਲ ਵਿਚ ਵਿਗਿਆਨ ਨੇ ਐਟਮ, ਈਲੈਕਟ੍ਰਾਨ, ਪ੍ਰੋਟਾਨ ਆਦਿ ਦੀ ਭਾਲ ਕੀਤੀ ਪਰ ਇਹ ਵੀ ਅੰਤਲਾ ਪੜਾਅ ਨਹੀਂ। ਵਿਗਿਆਨ ਇਸ ਤੋਂ ਵੀ ਸੂਖਮ ਤੱਤ ਦੀ ਭਾਲ ਵਿਚ

ਹੈ। ਇਸ ਖੋਜ ਵਿਚ ਤੱਥ ਇਹ ਸਾਹਮਣੇ ਆਇਆ ਹੈ ਕਿ ਸੂਖਮਤਾ ਅਤੀ ਸ਼ਕਤੀਸ਼ਾਲੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਅੰਤਿਮ ਮੂਲ ਤਤ ਪਰਮਾਤਮ ਚੇਤਨ-ਸੱਤਾ ਅਰਥਾਤ 'ਨਾਮ' ਹੈ। ***(ਨਾਮ ਤਤੁ ਸਭ ਹੀ ਸਿਰਿ ਜਾਪੈ॥(ਅੰਗ-943)*** ਜੋ ਭੌਤਿਕ ਨਹੀਂ, ਪਰਾਭੌਤਿਕ ਹੈ, ਜੋਤਿ ਹੈ, ਚੇਤਨ-ਸ਼ਕਤੀ ਹੈ, ਆਧਾਰ-ਤੱਤ ਹੈ। ਇਹੋ ਪਰਮ-ਤੱਤ, ਨਾਮ, ਸੰਸਾਰ ਨੂੰ ਹਰਕਤ ਦੇਣ ਵਾਲੀ ਸ਼ਕਤੀ ਹੈ ਅਤੇ ਇਸ ਦੀ ਪਰਿਵਰਤਨਸ਼ੀਲਤਾ ਦਾ ਕਾਰਨ ਹੈ। ਨਾਮ ਇਕ ਬੰਨੇ ਨਾਮੀ ਪਰਮਾਤਮਾ ਨਾਲ ਸਿੱਧਾ ਸਬੰਧਿਤ ਹੈ, ਦੂਜੇ ਬੰਨੇ ਸਾਰੀ ਕਾਇਨਾਤ ਦਾ ਰਚੇਤਾ ਅਤੇ ਆਧਾਰ ਤੱਤ ਹੋਣ ਕਾਰਨ ਸ੍ਰਿਸ਼ਟੀ ਨਾਲ ਨਿਕਟਵਰਤੀ ਸਬੰਧ ਰਖਦਾ ਹੈ। ਇਸ ਤਰ੍ਹਾਂ ਨਾਮ ਕਰਤਾਰ ਅਤੇ ਕਿਰਤ ਦਾ ਸੰਯੋਜਕ ਹੈ, ਜੋੜਕ ਹੈ। ਨਾਮ ਰਾਹੀਂ ਮਨੁੱਖ ਸੰਸਾਰ ਤੋਂ ਉਠ ਕੇ ਕਰਤਾਰ ਨਾਲ ਜੁੜ ਸਕਦਾ ਹੈ। ਇਹੋ ਨਾਮ ਦਾ ਰਹੱਸ ਹੈ।

ਨਿਰੰਕਾਰ ਦਾ ਨਾਮ ਅਤੇ ਨਿਰੰਕਾਰ ਅਭੇਦ ਹਨ। ਪਰਮਾਤਮਾ ਦਾ ਨਾਮ ਪਰਮਾਤਮਾ ਦੀ ਚੇਤਨ-ਸੱਤਾ ਹੋਣ ਕਾਰਨ ਪਰਮਾਤਮ ਗੁਣਾਂ ਦਾ ਧਾਰਨੀ ਹੈ। ਨਾਮ ਵਿਚ ਨਾਮੀ ਦੇ ਹੀ ਸਾਰੇ ਗੁਣ ਵਿਦਮਾਨ ਹਨ। ਪਰਮਾਤਮਾ ਨਿਰੰਜਨ ਨਿਰੰਕਾਰ ਅਗੰਮ, ਅਗੋਚਰ, ਅਲਖ, ਅਬਿਨਾਸੀ ਹੈ। ਇਹੋ ਗੁਣ ਨਾਮ ਵਿਚ ਹਨ -

*ਨਾਮ ਨਿਰੰਜਨ ਅਲਖੁ ਹੈ॥ ਅੰਗ - ੧੨੪੨*

*ਨਾਉ ਤੇਰਾ ਨਿਰੰਕਾਰ ਹੈ॥ ਅੰਗ - ੪੬੫*

*ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ*
*ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ॥ ਅੰਗ - ੫੯੨*

ਏਸੇ ਤਰ੍ਹਾਂ ਨਾਮ ਅਤੇ ਸ਼ਬਦ ਦੀ ਅਭੇਦਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ -

***ਸਬਦੇ ਨਾਮੁ ਰਖੈ ਉਰਿ ਧਾਰਿ ॥***
***ਸਬਦੇ ਗਤਿ ਮਤਿ ਮੋਖ ਦੁਆਰੁ ॥ ਅੰਗ- ੧੩੪੨***

ਸ਼ਬਦ ਰਾਹੀਂ ਨਾਮ ਮਨ ਵਿਚ ਵਸਦਾ ਹੈ ਅਰਥਾਤ ਨਾਮ ਲਕਸ਼ ਹੈ ਅਤੇ ਸ਼ਬਦ ਸਾਧਨ। ਗੁਰੂ ਰਾਹੀਂ ਸੱਚ ਦਾ ਪ੍ਰਗਟਾ ਗੁਰਸ਼ਬਦ ਗੁਰਬਾਣੀ ਰਾਹੀਂ ਹੁੰਦਾ ਹੈ ਅਤੇ ਸਾਧਕ ਨੂੰ ਜਿਸ ਸ਼ਬਦ ਰਾਹੀਂ ਸੱਚ ਦੇ ਗਿਆਨ ਧਿਆਨ ਦੀ ਸਿਖਿਆ ਮਿਲਦੀ ਹੈ, ਉਹ ਨਾਮ ਹੈ। ਸ਼ਬਦ ਨਾਮ ਦਾ ਹੀ ਵਿਅਕਤ ਸਥੂਲ ਅਤੇ ਨਿਗਰ ਰੂਪ ਹੈ ਜਿਸ ਨੂੰ ਅਰਥ ਭਰਪੂਰ ਬੋਲੀ ਵਿਚ ਬੋਲਿਆ ਤੇ ਲਿਖਿਆ ਜਾਂਦਾ ਹੈ। ਜਦ ਕਿ ਨਾਮ ਸਿਧਾਂਤਕ ਹੈ। ਸ਼ਬਦ ਅਤੇ ਨਾਮ ਦੋਵੇਂ ਰਹੱਸਮਈ ਪਰਮ-ਸਤ ਦੇ ਬਾਹਰੀ ਅਤੇ ਅੰਤਰੀਵ ਪੱਖ ਹਨ।

*(ਪੰਨਾ 8 ਦੀ ਬਾਕੀ)*

ਇਸ ਦੇ ਬਾਹਰਲੇ ਟਾਇਟਲ ਪੇਜ 'ਤੇ ਅੰਕਿਤ ਉਪਰੋਕਤ ਸਿਧਾਂਤ ਇਸ ਦੇ ਨਾਮ 'ਆਤਮ ਮਾਰਗ' ਦੀ ਪਰਿਭਾਸ਼ਾ ਹੈ। ਇਸ ਸਿਧਾਂਤ ਦੀ ਪੂਰਤੀ ਹਿਤ 324 ਅੰਕ ਛਪ ਚੁਕੇ ਹਨ। 325ਵਾਂ ਅੰਕ ਆਪ ਜੀ ਦੇ ਹਸਤ ਕਮਲਾਂ ਦੀ ਛੋਹ ਪ੍ਰਾਪਤ ਕਰ ਰਿਹਾ ਹੈ। ਕਦੇ ਸਮਾਂ ਸੀ ਇਸ ਦੇ ਜਨਮ ਦਾ, ਵਿਸਾਖੀ 1995 ਦੀ। ਸਤਿਕਾਰਯੋਗ ਮਾਤਾ ਜੀ (ਜੀਵਨ ਸਾਥੀ ਪਿਆਰੇ ਮਹਾਂਪੁਰਸ਼) ਦੇ ਪਵਿੱਤਰ ਹਸਤ ਕਮਲਾਂ ਨਾਲ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਰਿਲੀਜ਼ ਹੋਇਆ। ਇਸ ਦਾ ਪਹਿਲਾ ਅੰਕ ਸੀ ਅਪ੍ਰੈਲ 1995 ਹਜ਼ਾਰਾਂ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿਤੀ। ਅੱਜ 325ਵਾਂ ਅੰਕ ਆਪ ਜੀ ਦੇ ਪਵਿੱਤਰ ਹਸਤ ਕਮਲਾਂ ਵਿਚ ਹਾਜ਼ਰ ਹੈ। ਇਕੋ ਸਿਧਾਂਤ, ਗੁਰਮਤਿ ਦੀ ਕਸਵੱਟੀ ਤੇ ਪੂਰੇ ਉਤਰਨ ਵਾਲੇ ਪ੍ਰਵਚਨ, ਨਾਮ ਰੱਤਿਆਂ ਦੇ ਕਮਾਈ ਵਾਲੇ ਬਚਨ ਅਤੇ ਪਿਆਰੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਦਾ ਪ੍ਰਵਾਹ ਨਿਰੰਤਰ ਜਾਰੀ ਹੈ। ਆਉ! ਹੰਭਲਾ ਮਾਰੀਏ ਹੋਰ ਹਸਤ ਕਮਲਾਂ ਦੀ ਛੋਹ ਵੀ ਇਸ ਨੂੰ ਪ੍ਰਾਪਤ ਹੋਵੇ। ਬਣਾਈਏ ਪੰਜ-ਪੰਜ ਸਾਲਾਨਾ ਮੈਂਬਰ ਤੇ ਇਕ-ਇਕ ਲਾਈਫ਼ ਮੈਂਬਰ। ਹੋ ਜਾਵੇ ਪ੍ਰਫੁੱਲਤ ਖਾਲਸਾ ਆਦਰਸ਼ ਸਮੁੱਚੇ ਸੰਸਾਰ ਅੰਦਰ। ਬਣ ਜਾਵੇ ਬੇਗਮਪੁਰਾ ਇਹ ਸੰਸਾਰ।

ਸਾਡਾ ਸਾਰਿਆਂ ਦਾ ਆਉਣਾ ਸਫਲਾ ਹੋਵੇ। ਸਮੂੰਹ ਪਾਠਕ ਜਨਾਂ ਤੇ ਸੇਵਾਵਾਂ ਨਿਭਾਉਣ ਵਾਲੇ ਪ੍ਰੇਮੀ ਜਨਾਂ ਦੀ ਸੇਵਾ ਗੁਰੂ ਮਹਾਰਾਜ ਲੇਖੇ ਵਿਚ ਲਾਉਣ। ਇਸੇ ਤਰ੍ਹਾਂ ਮੈਗਜ਼ੀਨ ਦੀਆਂ ਸੇਵਾਵਾਂ ਗੁਰੂ ਮਹਾਰਾਜ ਸਾਰਿਆਂ ਤੋਂ ਲੈਂਦੇ ਰਹਿਣ। ਸਾਨੂੰ ਸਾਰਿਆਂ ਨੂੰ ਵਧਾਈ ਦੇ ਪਾਤਰ ਹੋਣ ਦਾ ਮਾਣ ਪ੍ਰਾਪਤ ਹੋਵੇ।

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਅੰਗ- ੪੫੧*

'ਚੰਦ ਮੁਬਾਰਿਕ ਈਦ ਪੁਗ ਖਲੋਵਣਾ' ਪੁੱਗ ਜਾਈਏ ਭਾਅ ਜਾਈਏ ਆਪਣੇ ਗੁਰੂ ਨੂੰ ਤਾਂ ਜੋ -

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ਅੰਗ- ੨੯੩*

ਗੁਰੂ ਦੀ ਬਖਸ਼ਿਸ਼ ਦੀ ਬਾਰਿਸ਼ ਨਾਲ ਸਰਸ਼ਾਰ ਹੋ ਸਕੀਏ।

'ਖ਼ਾਲਸਾ ਆਦਰਸ਼' ਦੀ ਵੀਚਾਰ ਚੱਲਣ ਕਰਕੇ ਅਨੰਦ ਦੇ ਸਿਧਾਂਤ ਦੀ ਵੀਚਾਰ ਮਈ ਅੰਕ ਵਿਚ ਹੋਵੇਗੀ। ਜਿਸ ਦਾ ਜ਼ਿਕਰ ਮਾਰਚ ਅੰਕ ਵਿਚ ਕੀਤਾ ਗਿਆ ਸੀ।

ਭੁੱਲਾਂ ਚੁੱਕਾਂ ਦੀ ਖਿਮਾ!

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-55)*

ਅੱਜ ਦੇ ਸਮੇਂ ਵਿਚ ਰਿਸ਼ਤਿਆਂ ਨੂੰ ਬਹੁਤ ਮਹੱਤਵ ਦਿਤਾ ਜਾ ਰਿਹਾ ਹੈ, ਪਰ ਅੱਜ ਦੇ ਰਿਸ਼ਤਿਆਂ ਵਿਚ ਕੋਈ ਇਕਸਾਰਤਾ, ਕੋਈ ਇਕਸੁਰਤਾ ਨਹੀਂ। ਕਾਰਣ? ਹਰ ਕੋਈ ਸੁਆਰਥੀ ਹੈ, ਹਰ ਕੋਈ ਨਾਖੁਸ਼ ਹੈ। ਜਿੰਨੇ ਵਧ ਅਸੀਂ ਸੁਆਰਥੀ ਹੋਵਾਂਗੇ ਓਨੇ ਹੀ ਵੱਧ ਅਸੀਂ ਨਾਖੁਸ਼ ਹੋਵਾਂਗੇ। ਜੇਕਰ ਪਤਨੀ ਪਤੀ ਨੂੰ ਕੇਵਲ ਦੇਣਾ ਹੀ ਸਿੱਖ ਲਵੇ ਤਾਂ ਪਰਿਵਾਰ ਵਿਚ ਇਕਸੁਰਤਾ ਆ ਜਾਏਗੀ, ਖੁਸ਼ੀ ਆ ਜਾਏਗੀ ਪਰ ਜੇਕਰ ਉਹ ਇਕ ਦੂਸਰੇ ਤੋਂ ਆਸ ਉਮੀਦ ਹੀ ਰਖਦੇ ਰਹਿਣਗੇ - ਪਤੀ ਮੇਰੇ ਲਈ ਇਹ ਕਰੇ, ਪਤਨੀ ਮੇਰੇ ਲਈ ਉਹ ਕਰੇ ਤਾਂ ਪਰਿਵਾਰ ਵਿਚ ਇਕਸੁਰਤਾ, ਇਕਸਾਰਤਾ ਹੋ ਹੀ ਨਹੀਂ ਸਕਦੀ। ਭਾਵ ਖੁਸ਼ੀ ਕਦੀ ਹੋ ਹੀ ਨਹੀਂ ਸਕਦੀ। ਵਾਸਤਵ ਵਿਚ ਆਸ ਰੱਖਣੀ, ਉਮੀਦ ਰੱਖਣੀ, ਹੀ ਸਾਰੇ ਦੁਖ, ਸੰਤਾਪਾਂ ਦੀ ਜੜ੍ਹ ਹੈ।

### ਅਰਦਾਸ - ਨਿਸ਼ਕਾਮ ਸੇਵਾ

ਦੁਖ, ਸੰਤਾਪ ਜਿਹੜੇ ਤੁਸੀਂ ਭੋਗ ਰਹੇ ਹੋ, ਉਹ ਤੁਹਾਡੇ ਆਪਣੇ ਬਣਾਏ ਹੋਏ ਹਨ। ਕੋਈ ਪ੍ਰਮਾਤਮਾ, ਕੁਦਰਤ ਦਾ ਕੋਈ ਅਸੂਲ ਤੁਹਾਡੇ ਲਈ ਦੁਖ ਸੰਤਾਪ ਨਹੀਂ ਪੈਦਾ ਕਰਦਾ। ਪ੍ਰਮਾਤਮਾ ਜਿਹੜਾ ਕਿ ਏਕਤਾ ਦਾ ਕਾਨੂੰਨ ਹੈ, ਕਦੀ ਕਿਸੇ ਨੂੰ ਦੁਖ ਨਹੀਂ ਦਿੰਦਾ, ਕਦੀ ਕਿਸੇ ਨੂੰ ਖੁਸ਼ੀ ਨਹੀਂ ਦਿੰਦਾ। ਜਦੋਂ ਤਕ ਤੁਹਾਡੀਆਂ ਆਸਾਂ, ਉਮੀਦਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ, ਤੁਸੀਂ ਖੁਸ਼ ਰਹਿੰਦੇ ਹੋ। ਵਾਸਤਵ ਵਿਚ ਤੁਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹੋ, ਆਪਣੀ ਚੇਤਨਾ ਨੂੰ ਮਾਰ ਰਹੇ ਹੋ, ਫੇਰ ਵੀ ਤੁਸੀਂ ਸੋਚਦੇ ਹੋ ਕਿ ਚਰਚ ਜਾ ਕੇ, ਮੰਦਰ ਜਾ ਕੇ ਤੁਸੀਂ ਖੁਸ਼ੀ ਪ੍ਰਾਪਤ ਕਰ ਸਕਦੇ ਹੋ ਪਰ ਕੋਈ ਵੀ ਪ੍ਰਮਾਤਮਾ ਧਰਤੀ 'ਤੇ ਆ ਕੇ ਤੁਹਾਨੂੰ ਦੁਖ ਸੰਤਾਪ ਤੋਂ ਛੁਟਕਾਰਾ ਨਹੀਂ ਦਿਵਾ ਸਕਦਾ ਜਿਹੜੇ ਦੁਖ ਸੰਤਾਪ ਤੁਹਾਡੇ ਆਪਣੇ ਸਹੇੜੇ ਹੋਏ ਹਨ। ਅਰਦਾਸ ਤੁਹਾਨੂੰ ਮੁਕਤ ਨਹੀਂ ਕਰ ਸਕਦੀ। ਅਰਦਾਸ ਤੁਹਾਨੂੰ ਉਤਸ਼ਾਹ ਦੇ ਸਕਦੀ ਹੈ ਪਰ ਰੋਜ਼ ਦੇ ਜੀਵਨ ਵਿਚ ਕੇਵਲ ਨਿਸ਼ਕਾਮ ਸੇਵਾ ਹੀ ਤੁਹਾਨੂੰ ਬੰਧਨ ਤੋਂ ਛੁਟਕਾਰਾ ਦੁਆ ਸਕਦੀ ਹੈ। ਐਨਾ ਹੀ ਨਹੀਂ ਤੁਸੀਂ ਦੂਸਰਿਆਂ ਨੂੰ ਵੀ ਇਹ ਛੁਟਕਾਰਾ ਦੁਆ ਸਕਦੇ ਹੋ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਤੁਸੀਂ ਦੂਸਰਿਆਂ ਲਈ ਇਕ ਮਿਸਾਲ ਬਣ ਜਾਂਦੇ ਹੋ। ਆਪਣੀ ਡੀਊਟੀ ਕਰਨੀ, ਮਿਹਨਤ ਨਾਲ ਕਰਨੀ, ਈਮਾਨਦਾਰੀ ਨਾਲ ਕਰਨੀ। ਆਪਣੇ ਕੀਤੇ ਦਾ ਫਲ ਤਿਆਗ ਦੇਣਾ ਹੀ ਸਭ ਤੋਂ ਵੱਡੀ ਨਿਸ਼ਕਾਮ ਸੇਵਾ ਹੈ। ਸਭ ਤੋਂ ਵੱਡੀ ਪੂਜਾ ਹੈ ਪਰ ਚਰਚ ਜਾ ਕੇ ਪੂਜਾ ਕਰਨੀ, ਮੰਦਰ ਜਾ ਕੇ ਪੂਜਾ ਕਰਨੀ, ਆਪਣੇ ਗੁਰੂ ਦੀ ਪੂਜਾ ਕਰਨੀ ਬਹੁਤ ਸਹਾਈ ਨਹੀਂ ਹੋਵੇਗੀ।

ਇਕ ਛੋਟੀ ਜਿਹੀ ਬਾਤ ਇਸ ਗੱਲ ਨੂੰ ਚੰਗੀ ਤਰ੍ਹਾਂ ਸਪੱਸ਼ਟ ਕਰ ਦੇਵੇਗੀ। ਇਕ ਧਨਾਢ ਦੇ ਘਰ ਦੋ ਮਾਲੀ ਸੀ। ਉਸ ਦੇ ਬਗੀਚੇ ਦੀ ਦੇਖਭਾਲ ਕਰਨ ਲਈ ਦੋਨੋਂ ਹੀ ਬੜੇ ਸੱਚੇ ਤੇ ਈਮਾਨਦਾਰ ਸੀ। ਜਦੋਂ ਵੀ ਸੇਠ ਬਗੀਚੇ ਵਿਚ ਆਉਂਦਾ ਸੀ, ਇਕ ਮਾਲੀ ਤਾਂ ਉਸ ਦੀ ਸਿਫਤ ਕਰਦਾ ਸੀ, ਅਰਾਧਨਾ ਕਰਦਾ ਸੀ। ਸੇਠ ਜੀ ਤੁਸੀਂ ਤਾਂ ਬਹੁਤ ਸੋਹਣੇ ਲਗਦੇ ਹੋ। ਤੁਸੀਂ ਬਹੁਤ ਹੀ ਕਮਾਲ ਦੇ ਮਨੁੱਖ ਹੋ। ਮੈਂ ਤਾਂ ਤੁਹਾਨੂੰ ਬਹੁਤ ਪਿਆਰ, ਕਰਦਾ ਹਾਂ। ਜਦੋਂ ਤੁਸੀਂ ਆਉਂਦੇ ਹੋ ਮੇਰਾ ਦਿਲ ਕਰਦਾ ਹੈ ਮੈਂ ਤੁਹਾਨੂੰ ਦੇਖਦਾ ਹੀ ਰਹਾਂ, ਕੰਮ ਨਾ ਕਰਾਂ। ਮੈਂ ਤੁਹਾਨੂੰ ਯਾਦ ਕਰਦਾ ਰਹਿੰਦਾ ਹਾਂ। ਦੂਸਰਾ ਮਾਲੀ ਚੁੱਪ ਰਹਿੰਦਾ, ਉਹ ਆਪਣਾ ਕੰਮ ਕਰਦਾ ਰਹਿੰਦਾ। ਮਿਹਨਤ ਕਰਦਾ ਰਹਿੰਦਾ। ਸ਼ਾਮ ਨੂੰ ਸਾਰੇ ਫਲ ਫੁਲ ਲਿਆ ਕੇ ਸੇਠ ਨੂੰ ਦੇ ਦਿੰਦਾ। ਸੋ ਇਕ ਮਾਲੀ ਮਾਲਕ ਦਾ ਕੰਮ, ਮਿਹਨਤ ਨਾਲ ਕਰਦਾ। ਦੂਸਰਾ ਹਰ ਵਕਤ ਮਾਲਕ ਨੂੰ ਫੂਕ ਹੀ ਦਿੰਦਾ ਰਹਿੰਦਾ।

ਲੋਕ ਜਦੋਂ ਪ੍ਰਾਰਥਨਾ ਕਰਦੇ ਹਨ, ਅਰਦਾਸ ਕਰਦੇ ਹਨ, ਬਿਲਕੁਲ ਏਸ ਤਰ੍ਹਾਂ ਹੀ ਕਰਦੇ ਹਨ। ਹੇ ਪ੍ਰਮਾਤਮਾ ਤੂੰ ਤਾਂ ਬਹੁਤ ਬੇਅੰਤ ਤੇ ਵੱਡਾ ਹੈ। ਇਹੋ ਜਿਹੀ ਪ੍ਰਾਰਥਨਾ ਕੋਈ ਸਹਾਈ ਨਹੀਂ ਹੁੰਦੀ। ਇਸ ਨਾਲ ਤੁਹਾਨੂੰ ਨਾ ਤਾਂ ਤੁਹਾਡਾ ਆਪਾ ਵਿਸਤਾਰ ਹੁੰਦਾ ਹੈ, ਨਾ ਹੀ ਗਿਆਨ ਪ੍ਰਕਾਸ਼ ਹੁੰਦਾ ਹੈ। ਪ੍ਰਾਰਥਨਾ ਕੀ ਕਰ ਸਕਦੀ ਹੈ? ਬਾਈਬਲ, ਹੋਰ ਗ੍ਰੰਥ ਕੀ ਕਰ ਸਕਦੇ ਹਨ? ਸਾਰੇ ਗ੍ਰੰਥਾਂ ਦੀ ਪੂਰੀ-ਪੂਰੀ ਮਾਨਤਾ ਕਰਨੀ ਚਾਹੀਦੀ ਹੈ ਪਰ ਮਾਨਤਾ ਸਤਿਕਾਰ ਤੁਹਾਡਾ ਵਿਅਕਤੀਤਵ ਨਹੀਂ ਬਦਲ ਸਕਦਾ। ਮੇਰੇ ਆਪਣੇ ਜੀਵਨ ਵਿਚ ਮੈਂ ਦੇਖਿਆ ਹੈ ਮੈਂ ਬਹੁਤ

ਸਾਲ ਬਹੁਤ ਵਾਰੀ ਮੰਦਰਾਂ ਵਿਚ ਜਾਂਦਾ ਰਿਹਾ। ਬਹੁਤ ਅਰਦਾਸਾਂ, ਪ੍ਰਾਰਥਨਾ ਕਰਦਾ ਰਿਹਾ ਪਰ ਜਦੋਂ ਮੈਂ ਮੰਦਰ ਵਿਚੋਂ ਬਾਹਰ ਆਉਂਦਾ। ਮੇਰੀਆਂ ਆਦਤਾਂ ਉਹ ਹੀ ਹੁੰਦੀਆਂ। ਮੈਨੂੰ ਕੁਝ ਨਹੀਂ ਹੋਇਆ, ਮੇਰੀਆਂ ਅਰਦਾਸਾਂ ਨੇ ਮੈਨੂੰ ਬਦਲਿਆ ਨਹੀਂ। ਇਕ ਅਸੂਲ ਹੈ, ਕਾਨੂੰਨ ਹੈ ਜਿਹੜਾ ਵੱਡੇ-ਵੱਡੇ ਦਾਰਸ਼ਨਿਕ ਤੇ ਗ੍ਰੰਥ ਦਸਦੇ ਹਨ ਕਿ ਜੋ ਕਰਮ ਕੀਤੇ ਹਨ, ਉਨ੍ਹਾਂ ਦਾ ਫਲ ਮਿਲਣਾ ਹੀ ਮਿਲਣਾ ਹੈ। ਭਾਵੇਂ ਅਸੀਂ ਕਿੰਨੀਆਂ ਹੀ ਅਰਦਾਸਾਂ ਕਰ ਲਈਏ, ਪ੍ਰਾਰਥਨਾ ਕਰ ਲਈਏ, ਇਹ ਕਾਨੂੰਨ ਨਹੀਂ ਬਦਲ ਸਕਦਾ-

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- ੧੩੪*

ਸਾਰਾ ਦਿਨ ਅਰਦਾਸਾਂ ਕਰਕੇ ਪ੍ਰਾਰਥਨਾ ਕਰਕੇ ਸਾਡੇ ਮਨ ਨੂੰ ਤਾਂ ਤਸੱਲੀ ਮਿਲ ਸਕਦੀ ਹੈ, ਉਤਸ਼ਾਹ ਮਿਲ ਸਕਦਾ ਹੈ ਪਰ ਸਾਡੀ ਸ਼ਖਸ਼ੀਅਤ ਨਹੀਂ ਬਦਲ ਸਕਦੀ। ਸਦੀਆਂ ਬਦੀ ਲੋਕ ਆਪਣੇ ਗੁਰੂਆਂ ਦੀ, ਪੂਜਾ ਕਰਦੇ ਰਹੇ, ਮੰਦਰਾਂ ਗੁਰਦਵਾਰਿਆਂ ਵਿਚ ਜਾਂਦੇ ਰਹੇ ਪਰ ਉਨ੍ਹਾਂ ਦੀ ਸ਼ਖਸੀਅਤ ਨਹੀਂ ਬਦਲੀ, ਨਾ ਹੀ ਸਮਾਜ ਬਦਲਿਆ। ਜੋ ਗੱਲ ਤੁਹਾਡੀ ਸਹਾਇਤਾ ਕਰ ਸਕਦੀ ਹੈ, ਉਹ ਹੈ ਕਰਮਾਂ ਦਾ ਫਲ ਸਮਰਪਣ ਕਰ ਦੇਣਾ ਖੁਸ਼ ਹੋ ਕੇ, ਨਿਰਸੁਆਰਥ ਹੋ ਕੇ, ਜੁਗਤ ਨਾਲ ਫਲ ਸਮਰਪਣ ਕਰ ਦੇਣਾ। ਇਹ ਕਰਕੇ ਹੀ ਤੁਸੀਂ ਬੰਧਨਾਂ ਤੋਂ ਮੁਕਤ ਹੋ ਸਕਦੇ ਹੋ। ਆਉਣ ਵਾਲੇ ਸਮੇਂ ਵਿਚ ਮੁਕਤ ਹੋ ਸਕਦੇ ਹੋ।

ਤੁਹਾਡਾ ਵਿਅਕਤੀਤਵ ਉਦੋਂ ਹੀ ਬਦਲ ਸਕਦਾ ਹੈ ਜਦੋਂ ਤੁਸੀਂ ਆਪਣੇ ਆਪ ਨੂੰ ਸਮਝਣ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰ ਲਵੋਗੇ, ਆਪਣੇ ਚਰਿੱਤਰ ਨੂੰ ਘੋਖਣਾ ਸ਼ੁਰੂ ਜੋ ਜੋ ਕਰੋਗੇ ਤੁਸੀਂ ਦੇਖੋਗੇ ਕਿ ਤੁਹਾਡਾ ਚਰਿੱਤਰ ਕੁਛ ਵੀ ਨਹੀਂ, ਕੇਵਲ ਤੁਹਾਡੀਆਂ ਆਦਤਾਂ ਦਾ ਇਕੱਠ ਹੈ। ਜੋ-ਜੋ ਕੰਮ ਕ੍ਰਿਆ ਅਸੀਂ ਬਾਰ-ਬਾਰ ਕਰਦੇ ਹਾਂ ਉਹ ਸਾਡੀ ਆਦਤ ਬਣ ਜਾਂਦੀ ਹੈ। ਮਨ ਵਿਚ ਇਕ ਗਲੀ, ਇਕ ਨਾਲੀ ਬਣ ਜਾਂਦੀ ਹੈ। ਫੇਰ ਮਨ ਬਾਰ-ਬਾਰ ਉਸ ਨਾਲੀ, ਉਸੇ ਲਕੀਰ ਵਿਚ ਚਲਾ ਜਾਂਦਾ ਹੈ। ਜੇਕਰ ਤੁਸੀਂ ਆਪਣੀਆਂ ਆਦਤਾਂ ਨਹੀਂ ਬਦਲੋਗੇ ਤੁਹਾਡਾ ਚਰਿੱਤਰ ਨਹੀਂ ਸੁਧਰ ਸਕਦਾ, ਨਹੀਂ ਬਦਲ ਸਕਦਾ। ਇਸ ਤਰ੍ਹਾਂ ਤੁਹਾਡੀ ਸਖਸ਼ੀਅਤ ਨਹੀਂ ਬਦਲ ਸਕਦੀ। ਕਈ ਆਦਤਾਂ, ਐਨੀਆ ਡੂੰਘੀਆਂ ਹੁੰਦੀਆਂ ਹਨ, ਤੁਸੀਂ ਸਮਝਦੇ ਹੀ ਨਹੀਂ। ਭਾਵੇਂ ਤੁਸੀਂ ਪ੍ਰਾਰਥਨਾ ਕਰੋ। ਪੜ੍ਹੋ, ਅਭਿਆਸ ਕਰੋ ਸਭ ਬੇਅਰਥ ਹੈ, ਕੁਛ ਨਹੀਂ ਬਦਲਦਾ। ਤੁਹਾਡੀਆਂ ਬਹੁਤ ਸਾਰੀਆਂ ਆਦਤਾਂ ਬਚਪਨ ਵਿਚ ਹੀ ਸ਼ੁਰੂ ਹੁੰਦੀਆਂ ਹਨ, ਬਣਦੀਆਂ ਹਨ। ਸਾਡੇ ਸਕੂਲਾਂ ਦੀ ਪੜ੍ਹਾਈ, ਕਾਲਜਾਂ ਦੀ ਪੜ੍ਹਾਈ, ਕੋਈ ਵੀ ਸਾਡੀਆਂ ਆਦਤਾਂ ਨੂੰ ਸੁਧਾਰਣ ਦੀ ਸਿਖਿਆ ਨਹੀਂ ਦਿੰਦੀਆਂ। ਤੁਸੀਂ ਆਪਣੀਆਂ ਆਦਤਾਂ ਨੂੰ ਆਪ ਹੀ ਬਦਲ ਸਕਦੇ ਹੋ। ਆਪਣਾ ਵਿਵਹਾਰ ਬਦਲ ਸਕਦੇ ਹੋ। ਇਹ ਸਮਝ ਕੇ ਜੇ ਤੁਹਾਡੇ ਵਿਵਹਾਰ ਦੇ ਤਿੰਨ ਪਹਿਲੂ ਹਨ - ਮਨ, ਕੰਮ, ਬੋਲ। ਜੇਕਰ ਤੁਸੀਂ ਮਨ ਨੂੰ ਨਹੀਂ ਵੇਖ ਸਕਦੇ, ਪਰ ਤੁਸੀਂ ਆਪਣੀ ਬੋਲੀ ਤੇ ਕ੍ਰਿਆ ਨੂੰ ਦੇਖ ਸਕਦੇ ਹੋ। ਜੇਕਰ ਤੁਸੀਂ ਮਨ ਨੂੰ ਨਹੀਂ ਸਮਝ ਸਕਦੇ ਤਾਂ ਵੀ ਤੁਸੀਂ ਆਪਣੀ ਬੋਲੀ, ਆਪਣੇ ਕੰਮ ਕ੍ਰਿਆ ਨੂੰ ਸਮਝ ਸਕਦੇ ਹੋ। ਜੇਕਰ ਤੁਸੀਂ ਆਪਣੇ ਬੋਲਣ ਪ੍ਰਤੀ, ਕਾਰਜ ਕਰਨ ਪ੍ਰਤੀ ਸੁਝਵਾਨ ਹੋ ਜਾਓ, ਤੁਸੀਂ ਦੇਖੋਗੇ, ਮਹਿਸੂਸ ਕਰੋਗੇ ਤੁਸੀਂ ਆਪਣੀ ਕਿੰਨੀ ਸ਼ਕਤੀ ਬੋਲਣ ਵਿਚ ਲਗਾਉਂਦੇ ਹੋ ਪਰ ਜੇਕਰ ਤੁਸੀਂ ਆਪਣਾ ਬੋਲ ਕਾਰਜ ਨਿਸ਼ਕਾਮ ਹੋ ਕੇ ਨਿਰਸੁਆਰਥ ਹੋ ਕੇ ਕਰਦੇ ਹੋ, ਦੂਸਰਿਆਂ ਦੀ ਸੇਵਾ ਲਈ ਕਰਦੇ ਹੋ, ਤੁਸੀਂ ਦੇਖੋਗੇ ਤੁਸੀਂ ਬੜੇ ਸ਼ਕਤੀਸ਼ਾਲ ਹੋ ਜਾਂਦੇ ਹੋ।

## ਦੇਣ ਦੀ ਪ੍ਰੇਰਣਾ

ਨਿਸ਼ਕਾਮ ਸੇਵਾ ਕੇਵਲ ਦੂਸਰਿਆਂ ਨੂੰ ਪ੍ਰਸੰਨ ਕਰਨ ਹੀ ਲਈ ਨਹੀਂ ਕਰਨੀ ਚਾਹੀਦੀ। ਸੁਆਰਥਹੀਣ ਸੇਵਾ ਇਸ ਕਰਕੇ ਕਰਨੀ ਚਾਹੀਦੀ ਹੈ ਕਿਉਂਕਿ ਉਹ ਤੁਹਾਨੂੰ ਮੁਕਤ ਕਰਦੀ ਹੈ। ਤੁਹਾਨੂੰ ਖੁਸ਼ ਕਰਦੀ ਹੈ। ਇਹ ਸਭ ਤੋਂ ਉਤਮ ਪ੍ਰਸੰਨਤਾ ਹੈ। ਨਿਰਸੁਆਰਥ ਸੇਵਾ ਕਰਨ ਵਾਲੇ ਨੂੰ ਵਧੇਰੇ ਖੁਸ਼ੀ ਮਿਲਦੀ ਹੈ, ਉਸ ਤੋਂ ਵੱਧ ਜਿਸ ਲਈ ਕੀਤੀ ਜਾਵੇ। ਸਾਰੀਆਂ ਸੇਵਾਵਾਂ ਨਿਸ਼ਕਾਮ ਨਹੀਂ ਹੁੰਦੀਆਂ। ਲੋਕ ਤਿੰਨ ਕਾਰਨਾਂ ਕਰਕੇ ਸੇਵਾ ਕਰਦੇ ਹਨ। ਕਈ ਲੋਕ ਇਸ ਕਰਕੇ ਦਾਨ ਦਿੰਦੇ ਹਨ ਤਾਂ ਜੋ ਉਹਨਾਂ ਦਾ ਨਾਂ ਵੱਧ ਤੋਂ ਵੱਧ ਪਤਾ ਲੱਗੇ। ਉਨ੍ਹਾਂ ਦਾ ਕੰਮ ਕਾਜ ਹੋਰ ਵਧੇ ਫੁੱਲੇ। ਦੂਸਰੇ ਸਿਫਤਾਂ ਕਰਨ ਉਹ ਅਮੀਰ ਹੀ ਨਹੀਂ, ਉਹ ਦਾਤੇ ਵੀ ਹਨ। ਦੂਸਰੇ ਉਹ ਹਨ ਜਿਹੜੇ ਇਸ ਕਰਕੇ ਦਿੰਦੇ ਹਨ ਕਿ ਜੇ ਉਹ ਏਥੇ ਦੇਣਗੇ ਉਹਨਾਂ ਨੂੰ ਅੱਗੇ ਜਾ ਕੇ ਮਿਲੇਗਾ। ਤੀਸਰੇ ਉਹ ਹਨ ਜੋ ਬਹੁਤ ਥੋੜ੍ਹੇ ਹਨ ਜਿਹੜੇ ਇਹ ਸਮਝ ਕੇ ਦਿੰਦੇ ਹਨ ਕਿ ਸਭ ਕੁਝ ਨੂੰ ਜੱਫਾ ਮਾਰ ਕੇ ਬੈਠਣਾ ਤਾਂ ਸਮੱਸਿਆ ਪੈਦਾ ਕਰੇਗਾ, ਇਸ ਕਰਕੇ ਦੇਣਾ, ਵੰਡਣਾ ਹੀ ਠੀਕ ਹੈ। ਉਹ ਆਪਣੇ ਆਪ ਨੂੰ ਸੁਤੰਤਰ ਮਹਿਸੂਸ ਕਰਦੇ ਹਨ। ਇਹੋ ਜਿਹਾ ਦਾਨ ਹੀ ਮੁਕਤ ਕਰਦਾ ਹੈ। ਪਹਿਲੇ ਦੋ ਤਾਂ ਆਪਣੇ ਆਪ ਲਈ ਸਮੱਸਿਆ ਹੀ ਖੜ੍ਹੀ ਕਰਦੇ ਹਨ। ਹੈ ਦਾਨ ਪਰ ਵੱਖ-ਵੱਖ ਪ੍ਰੇਰਣਾ ਨਾਲ ਕੀਤਾ ਜਾਂਦਾ ਹੈ।

*ਚਲਦਾ..........।'*

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 142 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।


## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਵੈਸਾਖਿ - ਸੰਗਰਾਂਦ-14 ਅਪ੍ਰੈਲ, ਦਿਨ ਵੀਰਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ - 16 ਅਪ੍ਰੈਲ, ਦਿਨ ਸ਼ਨਿੱਚਰਵਾਰ-ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

**ਵਿਸ਼ੇਸ਼ ਗੁਰਮਤਿ ਸਮਾਗਮ ਵਿਸਾਖੀ - 14 ਅਪ੍ਰੈਲ - ਸਮਾਂ 10.00 ਵਜੇ ਤੋਂ 3.30 ਵਜੇ ਤੱਕ।**

**ਅੰਮ੍ਰਿਤ ਸੰਚਾਰ - 14 ਅਪ੍ਰੈਲ (ਵਿਸਾਖੀ) - 11.00 ਵਜੇ।**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

### ਦਸਵੰਧ ਭੇਜਣ ਲਈ -

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/- | 70/- |
| 2. | ਕਿਵ ਕੂੜੈ ਤੁਟੈ ਪਾਲਿ | 120/- | 35/- |
| 3. | ਬਾਤ ਅਗੰਮ ਕੀ | 400/- | 400/- |
| 4. | ਕਿਵ ਸਚਿਆਰਾ ਹੋਈਐ - | 400/- | |
| 5. | ਹੋਵੈ ਅਨੰਦੁ ਘਣਾ | | 30/- |
| 6. | ਚਉਥੈ ਪਹਰਿ ਸਬਾਹ ਕੈ | 55/- | 60/- |
| 7. | ਸੁਰਤਿਆਂ ਉਪਜੈ ਚਾਉ | 40/- | 60/- |
| 8. | ਬਾਬਾਣੀਆਂ ਕਹਾਣੀਆਂ | 50/- | 50/- |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 10. | ਅੰਮ੍ਰਿਤ ਫੁਹਾਰ | 10/- | 10/- |
| 11. | ਅਗੰਮ ਅਗੋਚਰ ਦਾ ਮਾਰਗ | 60/- | 70/- |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/- | |
| 13. | ਅਮਰ ਜੋਤਾਂ | 20/- | 15/- |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 15. | ਅਮਰ ਗਾਥਾ | 200/- | 100/- |
| 16. | ਧਰਮ ਯੁਧ ਕੇ ਚਾਇ | 50/- | |
| 17. | ਪਵਿੱਤਰ ਪੈਂਡਾ | 25/- | |
| 18. | ਭਗਤ ਪ੍ਰਹਿਲਾਦ | 10/- | 10/- |
| 19. | ਵੈਸਾਖੀ | 10/- | 10/- |
| 20. | ਸਾਜਨ ਚਲੇ ਪਿਆਰਿਆ | | 10/- |
| 21. | ਅਬਿਨਾਸੀ ਜੋਤ ਭਾਗ - 1 | | 90/- |
| 22. | ਅਬਿਨਾਸੀ ਜੋਤ ਭਾਗ - 2 | 90/- | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 25. | ਗੁਰੂ ਅਮਰਦਾਸ ਪਰਸੀਐ | 100/- | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/- | |
| 28. | ਅਨੁਭਵੀ ਪ੍ਰਵਚਨ | 300/- | |
| 29. | ਅੰਦਰਲੀ ਖੋਜ | 300/- | |
| 30. | ਸਿਮਰਤ ਕਹਾਂ ਨਹੀਂ | 300/- | |
| 31. | ਰੂਹਾਨੀ ਪ੍ਰਵਚਨ | 35/- | |
| 32. | 'ਸੇਵਾ ਸਿਮਰਨ ਜੁਗਤੀਆਂ | 250/- | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/- | |
| 34. | ਜੀਵਨ ਜੁਗਤਿ | 440/- | |
| 35. | ਮਾਰਗ ਚੋਣ | 60/- | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/- | |
| 37. | ਆਤਮ ਗਿਆਨ ਭਾਗ - 1 | 120/- | |
| 38. | ਜਨਮ ਪਦਾਰਥੁ ਸਫਲੁ ਹੋਇ | 120/- | |
| 39. | ਜਨ ਪਰਉਪਕਾਰੀ ਆਏ (ਭਾਗ -1) | 65/- | |
| 40. | ਜਨ ਪਰਉਪਕਾਰੀ ਆਏ (ਭਾਗ -2) | 65/- | |
| 41. | ਗੁਰ ਅੰਗਦ ਅਮਰ ਨਿਧਾਨ | 10/- | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/- | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/- |
| 44. | ਮੰਝ ਗੁਰੂ ਕਾ ਬੋਹਿਥਾ | 30/- |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/- |
| 46. | ਗੁਰੂ ਗ੍ਰੰਥ ਜੀ ਮਾਨਿਓ | 10/- |
| 47. | ਬਾਬਾ ਬੰਦਾ ਸਿੰਘ ਬਹਾਦਰ | 10/- |
| 48. | ਤ੍ਰੈ ਸ਼ਤਾਬਦੀ | 20/- |
| 49. | ਆਤਮ ਗਿਆਨ ਭਾਗ - 2 | 120/- |
| 50. | ਆਤਮ ਗਿਆਨ ਭਾਗ - 3 | 120/- |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ - 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ - 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ - 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ - 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ - 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/- |
| 17. | The Story of Immortality (ਅਮਰ ਗਾਥਾ) | 260/- |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/- |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash, Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India**

# Significance of Baisakhi

*Sant Waryam Singh Ji*
*V.G.R.M.C.T , Ratwara Sahib*

The genesis of Baisakhi celebration can be traced back to Guru Nanak's times. Some historian record birthday of Guru Nanak Dev Ji on Baisakhi of 1469 and not in the month of Kartik as is being celebrated now. Guru Amar Das Ji, the third Guru had got a *Baoli* (well with steps) dug for the welfare and good of the people to save them from the terrible and baneful effects of Kaliyuga. It was on a Baisakhi day that the well had penetrated the hard rock and water gushed forth from it. Water is the basic source of life for all the world. One can survive without food for a considerable time but without water one can hardly survive even for a few hours. Just as only by quenching the thirst with water the agony of thirsty person can be removed, similarly the distress of suffering humanity of Kaliyug was amelorated and lessened on the Baisakhi Day by this act of kindness. The rock in the Baoli was penetrated, the water gushed up and rose higher. People washed and laved themselves with it imbibing a great sense of relief and comfort.

On this very day of Baisakhi Guru Hari Krishan Ji Maharaj has pointed out that 'Baba is at Bakala' and has ordained the Sikh sangat to locate Guru Tegh Bahadur, the new Guru at Bakala. It is because of these reasons that the day of Baisakhi has ever been a day of blessings. If we could call this day of Baisakhi as the day of human awakening it will not be an exaggeration. Undoubtedly the day seems to be a day of man's spiritual Renaissance because on this very Baisakhi day a great epoch making and world shaking miracle happened.

A great and solemn gathering of Sikhs was proclaimed to be held on the last day of the month of chet (March 1699). Messengers and couriers were despatched with the text of proclamation to all the members of Sikh sangat. While addressing the huge congregation the Guru Gobind Singh Ji said 'It was on such a Baisakhi day that Guru Nanak took the first spiritual step for the emancipation of man. On such a Baisakhi day the waters of the sacred Baoli at Goindwal gushed forth. It was on a Baisakhi day that Guru Hari Krishan Ji beckoned the Sikhs to locate Guru Tegh Bahadur at Bakala. Today is the last day of the month, one day before the Baisakhi, tomorrow on the day of Baisakhi we have to and we will create a New Man."

